@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला
ਕੌਮੀ ਪਤ੍ਰਿਕਾ
Qaumi Patrika NO.1
Punjabi National Daily
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Friday, 11 April 2025
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸ਼ੁੱਕਰਵਾਰ 11 ਅਪ੍ਰੈਲ 2025, 29 ਚੇਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 150, qpatrika@gmail.com ਫੋਨ : 9971359517 www.qaumipatrika.org

# ਤਹੱਵੁਰ ਰਾਣਾ ਨੂੰ ਐਨਆਈਏ ਨੇ ਕੀਤਾ ਗ੍ਰਿਫਤਾਰ

**ਸਿੰਮੀ ਕੌਰ ਬੱਬਰ**

ਮੁੰਬਈ 10 ਅਪ੍ਰੈਲ। 2008 ਦੇ ਮੁੰਬਈ ਅੱਤਵਾਦੀ ਹਮਲੇ ਦੇ ਮੁੱਖ ਦੋਸ਼ੀ ਤਹੱਵੁਰ ਰਾਣਾ ਨੂੰ ਭਾਰਤ ਲਿਆਂਦਾ ਗਿਆ ਹੈ। ਉਸ ਦੀ ਪਹਿਲੀ ਤਸਵੀਰ ਵੀ ਸਾਹਮਣੇ ਆਈ ਹੈ। ਤਹੱਵੁਰ ਸਫੇਦ ਦਾੜ੍ਹੀ ਅਤੇ ਬ੍ਰਾਊਨ ਰੰਗ ਦੇ ਜੰਪ ਸੂਟ 'ਚ ਐਨ ਆਈ ਏ ਦੀ ਹਿਰਾਸਤ 'ਚ ਦੇਖਿਆ ਗਿਆ ਹੈ।ਅੱਜ ਸ਼ਾਮ ਤਕਰੀਬਨ 6.30 ਵਜੇ ਤਹੱਵੁਰ ਰਾਣਾ ਨੂੰ ਲੈ ਕੇ ਆਈ ਵਿਸ਼ੇਸ਼ ਫਲਾਇਟ ਦਿੱਲੀ 'ਚ ਉਤਰੀ, ਇਸ ਦੇ ਤੁਰੰਤ ਬਾਅਦ ਰਾਸ਼ਟਰੀ ਜਾਂਚ ਏਜੰਸੀ ਨੇ ਤਹੱਵੁਰ ਰਾਣਾ ਨੂੰ ਰਸਮੀ ਤੌਰ 'ਤੇ ਗ੍ਰਿਫਤਾਰ ਕਰ ਲਿਆ ਹੈ। ਪਾਲਮ ਤਕਨੀਕੀ ਹਵਾਈ ਅੱਡੇ 'ਤੇ ਉਸਦੇ ਪਹੁੰਚਣ ਤੋਂ ਤੁਰੰਤ ਬਾਅਦ, ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਨੇ ਉਸਦੀ ਹਵਾਲਗੀ ਅਤੇ ਗ੍ਰਿਫਤਾਰੀ ਦੀ ਪੁਸ਼ਟੀ ਕੀਤੀ। ਜਾਂਚ ਏਜੰਸੀ ਦੇ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਹਵਾਈ ਅੱਡੇ 'ਤੇ ਸਾਰੀਆਂ ਜ਼ਰੂਰੀ ਕਾਨੂੰਨੀ ਰਸਮਾਂ ਪੂਰੀਆਂ ਕਰਨ ਤੋਂ ਬਾਅਦ, ਐਨਆਈਏ ਜਾਂਚ ਟੀਮ ਨੇ ਰਾਣਾ, ਜੋ ਕਿ ਪਾਕਿਸਤਾਨੀ ਮੂਲ ਦਾ ਕੈਨੇਡੀਅਨ ਨਾਗਰਿਕ ਹੈ ਅਤੇ ਮੁੱਖ ਤੌਰ 'ਤੇ ਸ਼ਿਕਾਗੋ (ਅਮਰੀਕਾ) ਵਿੱਚ ਰਹਿੰਦਾ ਹੈ, ਨੂੰ ਜਹਾਜ਼ ਤੋਂ ਉਤਰਦੇ ਹੀ ਗ੍ਰਿਫਤਾਰ ਕਰ ਲਿਆ। ਹਵਾਈ ਅੱਡੇ 'ਤੇ ਬੁਲੇਟਪਰੂਫ ਕਾਫਲੇ ਅਤੇ ਹਥਿਆਰਬੰਦ ਕਮਾਂਡੋ ਤਾਇਨਾਤ ਕੀਤੇ ਗਏ ਸਨ। ਜਲਦੀ ਹੀ ਉਸਨੂੰ ਹੈੱਡਕੁਆਰਟਰ ਲਿਜਾਇਆ ਜਾਵੇਗਾ, ਜਿੱਥੇ ਇੱਕ ਉੱਚ-ਸੁਰੱਖਿਆ ਸੈੱਲ ਉਸਦੀ ਉਡੀਕ ਕਰ ਰਿਹਾ ਹੈ। 64 ਸਾਲਾ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਨਾਗਰਿਕ ਨੂੰ ਅੱਜ ਦਿੱਲੀ ਦੀ ਇੱਕ ਅਦਾਲਤ ਵਿੱਚ ਪੇਸ਼ ਕੀਤੇ ਜਾਣ ਦੀ ਉਮੀਦ ਹੈ। ਉਸ 'ਤੇ ਅਪਰਾਧਿਕ ਸਾਜ਼ਿਸ਼, ਭਾਰਤ ਵਿਰੁੱਧ ਜੰਗ ਛੇੜਨ, ਕਤਲ ਅਤੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਦੇ ਤਹਿਤ ਉਲੰਘਣਾ ਦੇ ਦੋਸ਼ ਹਨ। ਇਹ ਜਹਾਜ਼ ਦਿੱਲੀ ਦੇ ਪਾਲਮ ਟੈਕਨੀਕਲ ਏਅਰਪੋਰਟ 'ਤੇ ਲੈਂਡ ਹੋਇਆ। ਇੱਥੋਂ ਤਹੱਵੁਰ ਨੂੰ ਸਿੱਧੇ ਐੱਨ.ਆਈ.ਏ. ਹੈੱਡ ਕੁਆਰਟਰ ਲਿਜਾਇਆ ਜਾਵੇਗਾ। ਐੱਨ.ਆਈ.ਏ. ਹੈੱਡ ਕੁਆਰਟਰ ਦੇ ਬਾਹਰ ਸੁਰੱਖਿਆ ਦੇ ਪੂਰੇ ਇੰਤਜ਼ਾਮ ਕੀਤੇ ਗਏ ਹਨ। ਜੇਲ ਸੂਤਰਾਂ ਅਨੁਸਾਰ, ਰਾਣਾ ਨੂੰ ਦਿੱਲੀ ਦੀ ਤਿਹਾੜ ਜੇਲ੍ਹ 'ਚ ਉੱਚ ਸੁਰੱਖਿਆ ਵਾਰਡ 'ਚ ਰੱਖਿਆ ਜਾਵੇਗਾ। ਜੇਲ੍ਹ ਪ੍ਰਸ਼ਾਸਨ ਨੇ ਇਸ ਲਈ ਜ਼ਰੂਰੀ ਇੰਤਜ਼ਾਮ ਕਰ ਲਏ ਹਨ। ਹਾਲਾਂਕਿ ਉਸ ਨੂੰ ਕਦੋਂ ਅਤੇ ਕਿਹੜੇ ਵਾਰਡ 'ਚ ਰੱਖਿਆ ਜਾਵੇਗਾ, ਇਸ ਦਾ ਅੰਤਿਮ ਫ਼ੈਸਲਾ ਕੋਰਟ ਦੇ ਆਦੇਸ਼ ਤੋਂ ਬਾਅਦ ਹੀ ਲਿਆ ਜਾਵੇਗਾ। ਜਾਂਚ ਏਜੰਸੀ ਐੱਨ.ਆਈ.ਏ. ਅਤੇ ਖੁਫੀਆ ਏਜੰਡੀ ਦੀ ਇਕ ਸੰਯੁਕਤ ਟੀਮ ਤਹੱਵੁਰ ਨੂੰ ਲੈ ਕੇ ਬੁੱਧਵਾਰ ਨੂੰ ਅਮਰੀਕਾ ਤੋਂ ਰਵਾਨਾ ਹੋਈ ਸੀ। ਰਾਣਾ ਨੂੰ ਪਟਿਆਲਾ ਹਾਊਸ ਕੋਰਟ 'ਚ ਪੇਸ਼ ਕੀਤਾ ਜ ਸਕਦਾ ਹੈ। ਪੇਸ਼ੀ ਤੋਂ ਪਹਿਲਾਂ ਉਸ ਦਾ ਮੈਡੀਕਲ ਟੈਸਟ ਕੀਤਾ ਜਾਵੇਗਾ। ਮੀਡੀਆ ਰਿਪੋਰਟ ਅਨੁਸਾਰ ਰਾਣਾ ਦੀ ਹਵਾਲਗੀ ਨੂੰ ਲੈ ਕੇ ਦਿੱਲੀ ਪੁਲਸ ਦੀ ਸਪੈਸ਼ਲ ਸੈੱਲ ਨੂੰ ਵੀ ਹਾਈ ਅਲਰਟ ਕਰ ਦਿੱਤਾ ਗਿਆ ਹੈ। ਕੇਂਦਰ ਸਰਕਾਰ ਨੇ ਇਸ ਮਾਮਲੇ 'ਚ ਐਡਵੋਕੇਟ ਨਰੇਂਦਰ ਮਾਨ ਨੂੰ ਸਪੈਸ਼ਲ ਪਲਬਿਕ ਵਕੀਲ ਵਜੋਂ ਨਿਯੁਕਤ ਕੀਤਾ ਹੈ। ਉਨ੍ਹਾਂ ਨੂੰ ਤਿੰਨ ਸਾਲ ਜਾਂ ਫਿਰ ਕੇਸ ਦਾ ਟ?ਰਾਇਲ ਪੂਰਾ ਹੋਣ ਤੱਕ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ। ਤਹੱਵੁਰ ਨੇ ਭਾਰਤ ਆਉਣ ਤੋਂ ਬਚਣ ਲਈ ਅਮਰੀਕੀ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ, ਜਿਸ ਨੂੰ ਖਾਰਜ ਕਰ ਦਿੱਤਾ ਗਿਆ ਸੀ। ਉਸ ਨੇ ਆਪਣੀ ਪਟੀਸ਼ਨ 'ਚ ਖ਼ੁਦ ਨੂੰ ਕਿਸੇ ਬੀਮਾਰੀ ਨਾਲ ਪੀੜਤ ਦੱਸਦੇ ਹੋਏ ਕਿਹਾ ਸੀ ਕਿ ਜੇਕਰ ਭਾਰਤ ਡਿਪੋਰਟ ਕੀਤਾ ਗਿਆ ਤਾਂ ਉਸ ਨੂੰ ਤੰਗ ਕੀਤਾ ਜਾ ਸਕਦਾ ਹੈ। ਉੱਥੇ ਹੀ ਪਾਕਿਸਤਾਨ ਨੇ ਰਾਣਾ ਤੋਂ ਦੂਰੀ ਬਣਾਉਂਦੇ ਹੋਏ ਕਿਹਾ ਕਿ ਉਹ ਕੈਨੇਡਾ ਦਾ ਨਾਗਰਿਕ ਹੈ। ਪਾਕਿਸਤਾਨ ਵਿਦੇਸ਼ ਮੰਤਰਾਲਾ ਨੇ ਬੁਲਾਰੇ ਸ਼ਫਕਤ ਅਲੀ ਖਾਨ ਨੇ ਇਕ ਸਵਾਲ ਦੇ ਜਵਾਬ 'ਚ ਕਿਹਾ ਕਿ ਤਹੱਵੁਰ ਰਾਣਾ ਨੇ ਪਿਛਲੇ 2 ਦਹਾਕਿਆਂ ਤੋਂ ਆਪਣੇ ਪਾਕਿਸਤਾਨੀ ਦਸਤਾਵੇਜ਼ ਰਿਨਿਊ ਨਹੀਂ ਕਰਵਾਏ। ਉਸ ਕੋਲ ਕੈਨੇਡਾ ਦੀ ਨਾਗਰਿਕਤਾ ਹੈ।



## ਸੁਪਰੀਮ ਕੋਰਟ ਨੇ ਹਾਦਸਾ ਪੀੜਤਾਂ ਲਈ 'ਕੈਸ਼ਲੈੱਸ' ਇਲਾਜ ਯੋਜਨਾ 'ਚ ਦੇਰੀ ਲਈ ਕੇਂਦਰ ਨੂੰ ਪਾਈ ਝਾੜ

ਨਵੀਂ ਦਿੱਲੀ 10 ਅਪ੍ਰੈਲ। ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਮੋਟਰ ਹਾਦਸੇ ਦੇ ਪੀੜਤਾਂ ਲਈ 'ਕੈਸ਼ਲੈੱਸ' ਇਲਾਜ ਦੀ ਯੋਜਨਾ ਤਿਆਰ ਕਰਨ ਵਿਚ ਦੇਰੀ ਨੂੰ ਲੈ ਕੇ ਕੇਂਦਰ ਨੂੰ ਝਾੜ ਪਾਈ ਅਤੇ ਸੜਕ ਆਵਾਜਾਈ ਮੰਤਰਾਲੇ ਦੇ ਸਕੱਤਰ ਨੂੰ ਸਪੱਸ਼ਟੀਕਰਨ ਲਈ ਤਲਬ ਕੀਤਾ। ਜਸਟਿਸ ਅਭੈ ਐੱਸ. ਓਕਾ ਅਤੇ ਉੱਜਲ ਭੁਈਆ ਦੇ ਬੈਂਚ ਨੇ ਇਸ ਗੱਲ 'ਤੇ ਇਤਰਾਜ਼ ਕੀਤਾ ਕਿ 8 ਜਨਵਰੀ ਦੇ ਹੁਕਮ ਦੇ ਬਾਵਜੂਦ, ਕੇਂਦਰ ਨੇ ਇਸਦੀ ਪਾਲਣਾ ਨਹੀਂ ਕੀਤੀ। ਬੈਂਚ ਨੇ ਕਿਹਾ, "ਦਿੱਤਾ ਗਿਆ ਸਮਾਂ 15 ਮਾਰਚ, 2025 ਨੂੰ ਖਤਮ ਹੋ ਗਿਆ ਹੈ। ਇਹ ਨਾ ਸਿਰਫ ਇਸ ਅਦਾਲਤ ਦੇ ਹੁਕਮਾਂ ਦੀ ਘੋਰ



ਅਣਦੇਖੀ ਹੈ, ਸਗੋਂ ਇਕ ਬਹੁਤ ਹੀ ਲਾਭਦਾਇਕ ਕਾਨੂੰਨ ਨੂੰ ਲਾਗੂ ਕਰਨ ਵਿਚ ਵੀ ਕੋਤਾਹੀ ਹੈ। ਅਸੀਂ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੇ ਸਕੱਤਰ ਨੂੰ ਵੀਡੀਓ-ਕਾਨਫਰੰਸਿੰਗ ਰਾਹੀਂ ਪੇਸ਼ ਹੋਣ ਅਤੇ ਇਹ ਦੱਸਣ ਦਾ ਹੁਕਮ ਦਿੰਦੇ ਹਾਂ ਕਿ ਇਸ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਿਉਂ ਨਹੀਂ ਕੀਤੀ ਗਈ।" ਕੇਂਦਰ ਵੱਲੋਂ ਪੇਸ਼ ਹੋਏ ਵਧੀਕ ਸਾਲਿਸਟਰ ਜਨਰਲ ਵਿਕਰਮਜੀਤ ਬੈਨਰਜੀ ਨੇ ਕਿਹਾ ਕਿ ਉਹ 'ਅੜਚਨਾਂ' ਦਾ ਸਾਹਮਣਾ ਕਰ ਰਹੇ ਹਨ । ਬੈਂਚ ਨੇ ਹਾਲਾਂਕਿ ਟਿੱਪਣੀ ਕੀਤੀ, "ਇਹ ਤੁਹਾਡਾ ਆਪਣਾ ਕਾਨੂੰਨ ਹੈ, ਲੋਕ ਆਪਣੀਆਂ ਜਾਨਾਂ ਗੁਆ ਰਹੇ ਹਨ ਕਿਉਂਕਿ ਕੈਸ਼ਲੈੱਸ ਇਲਾਜ ਦੀ ਕੋਈ ਸਹੂਲਤ ਨਹੀਂ ਹੈ। ਇਹ ਆਮ ਲੋਕਾਂ ਦੇ ਫਾਇਦੇ ਲਈ ਹੈ। ਅਸੀਂ ਤੁਹਾਨੂੰ ਨੋਟਿਸ ਦੇ ਰਹੇ ਹਾਂ, ਅਸੀਂ ਮਾਣਹਾਨੀ ਦੇ ਤਹਿਤ ਕਾਰਵਾਈ ਕਰਾਂਗੇ। ਆਪਣੇ ਸਕੱਤਰ ਨੂੰ ਕਹੋ ਕਿ ਇੱਥੇ ਆ ਕੇ ਸਫਾਈ ਦੇਵੇ।" ਸੁਪਰੀਮ ਕੋਰਟ ਨੇ ਅਧਿਕਾਰੀ ਨੂੰ ਸਪੱਸ਼ਟੀਕਰਨ ਲਈ 28 ਅਪ੍ਰੈਲ ਨੂੰ ਪੇਸ਼ ਹੋਣ ਦਾ ਹੁਕਮ ਦਿੱਤਾ।

### ਲਾਲ ਕਿਲੇ ਤੇ ਜਾਮਾ ਮਸਜਿਦ ਨੂੰ ਮਿਲੀ ਬੰਬ ਨਾਲ ਉਡਾਉਣ ਦੀ ਧਮਕੀ

ਨਵੀਂ ਦਿੱਲੀ 10 ਅਪ੍ਰੈਲ। ਦੇਸ਼ ਦੀ ਰਾਜਧਾਨੀ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ, ਜਿੱਥੇ ਲਾਲ ਕਿਲ੍ਹਾ ਅਤੇ ਜਾਮਾ ਮਸਜਿਦ ਨੂੰ ਨਿਸ਼ਾਨਾ ਬਣਾ ਕੇ ਬੰਬ ਧਮਾਕਾ ਕੀਤੇ ਜਾਣ ਦੀ ਧਮਕੀ ਮਿਲੀ ਹੈ। ਇਹ ਧਮਕੀ ਮਿਲਣ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੇ ਮੌਕੇ 'ਤੇ ਪਹੁੰਚ ਕੇ ਵੀਰਵਾਰ ਸਵੇਰੇ ਡੂੰਘਾਈ ਨਾਲ ਜਾਂਚ ਕੀਤੀ। ਦਿੱਲੀ ਫਾਇਰ ਸਰਵਿਸ (ਡੀ.ਐੱਫ.ਐੱਸ.) ਦੇ ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਸਵੇਰੇ 9 ਵੱਜ ਕੇ 3 ਮਿੰਟ 'ਤੇ ਮੈਮੋਰੀਅਲ ਕੰਪਲੈਕਸ 'ਚ ਬੰਬ ਹੋਣ ਦੀ ਸੂਚਨਾ ਮਿਲੀ ਅਤੇ ਟੀਮਾਂ ਤੁਰੰਤ ਮੌਕੇ 'ਤੇ ਪਹੁੰਚ ਗਈਆਂ। ਉਨ੍ਹਾਂ ਕਿਹਾ, "ਅਸੀਂ ਮੌਕੇ 'ਤੇ ਫਾਇਰ ਬ੍ਰਿਗੇਡ ਦੀ ਗੱਡੀ ਭੇਜੀ ਅਤੇ ਉੱਥੇ ਡੂੰਘਾਈ ਨਾਲ ਤਲਾਸ਼ੀ ਲਈ। ਹਾਲਾਂਕਿ, ਮੌਕੇ 'ਤੇ ਕੁਝ ਵੀ ਸ਼ੱਕੀ ਨਹੀਂ ਮਿਲਿਆ।"

## ਸਰਕਾਰੀ ਨੌਕਰੀ, ਪਲਾਟ ਜਾਂ 4 ਕਰੋੜ ਕੈਸ਼...ਐਵਾਰਡ 'ਤੇ ਵਿਨੇਸ਼ ਫੋਗਾਟ ਨੇ ਸਰਕਾਰ ਨੂੰ ਸੁਣਾਇਆ ਆਪਣਾ ਫ਼ੈਸਲਾ

**ਏਜੰਸੀਆਂ**

ਨੈਸ਼ਨਲ ਡੈਸਕ 10 ਅਪ੍ਰੈਲ। ਸਟਾਰ ਰੈਸਲਰ ਅਤੇ ਪੈਰਿਸ ਓਲੰਪਿਕ 'ਚ ਮੈਡਲ ਤੋਂ ਖੁੰਝਣ ਵਾਲੀ ਵਿਨੇਸ਼ ਫੋਗਾਟ ਦੇ ਸਾਹਮਣੇ ਇਨਾਮ ਦੇ ਤੌਰ 'ਤੇ ਹਰਿਆਣਾ ਸਰਕਾਰ ਨੇ ਤਿੰਨ ਬਦਲ ਰੱਖੇ ਸਨ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਫੋਗਾਟ ਨੂੰ ਦਿੱਤੇ ਗਏ ਬਦਲਾਂ ਵਿੱਚ ਸਰਕਾਰੀ ਨੌਕਰੀ ਜਾਂ 4 ਕਰੋੜ ਰੁਪਏ ਦਾ ਨਕਦ ਇਨਾਮ ਜਾਂ ਹਰਿਆਣਾ ਸ਼ਹਿਰੀ ਵਿਕਾਸ ਅਥਾਰਟੀ ਵੱਲੋਂ ਇੱਕ ਪਲਾਟ ਸ਼ਾਮਲ ਸੀ। ਮੀਡੀਆ ਰਿਪੋਰਟਾਂ ਅਨੁਸਾਰ, ਜੁਲਾਨਾ ਤੋਂ ਕਾਂਗਰਸ ਵਿਧਾਇਕ ਫੋਗਾਟ ਨੇ ਆਪਣਾ ਫੈਸਲਾ ਲੈ ਲਿਆ ਹੈ ਅਤੇ ਇਸ ਬਾਰੇ ਸਰਕਾਰ ਨੂੰ ਵੀ ਸੂਚਿਤ ਕਰ ਦਿੱਤਾ ਹੈ। ਫੋਗਾਟ ਨੇ 4 ਕਰੋੜ ਰੁਪਏ ਦਾ ਨਕਦ ਇਨਾਮ ਚੁਣਿਆ ਹੈ। ਉਨ੍ਹਾਂ ਨੇ ਇਸ ਬਾਰੇ ਖੇਡ ਵਿਭਾਗ ਨੂੰ ਸੂਚਿਤ ਕਰ ਦਿੱਤਾ ਹੈ। ਫੋਗਾਟ ਦੇ ਫੈਸਲੇ ਤੋਂ ਬਾਅਦ ਇਸ 'ਤੇ ਅੱਗੇ ਦੀ ਪ੍ਰਕਿਰਿਆ ਕੀਤੀ ਜਾਵੇਗੀ। ਦਰਅਸਲ, ਵਿਨੇਸ਼ ਫੋਗਾਟ ਨੇ ਬਜਟ ਸੈਸ਼ਨ ਦੌਰਾਨ ਵਿਧਾਨ ਸਭਾ ਵਿੱਚ ਸਰਕਾਰ ਦੇ ਵਾਅਦੇ ਦਾ ਮੁੱਦਾ ਉਠਾਇਆ ਸੀ। ਉਨ੍ਹਾਂ ਕਿਹਾ ਸੀ ਕਿ ਸਰਕਾਰ ਨੇ ਉਨ੍ਹਾਂ ਲਈ ਚਾਂਦੀ ਦੇ ਤਗਮੇ ਦੇ ਬਰਾਬਰ ਸਨਮਾਨ ਦਾ ਐਲਾਨ ਕੀਤਾ ਹੈ। ਅੱਠ ਮਹੀਨੇ ਬੀਤ ਗਏ ਹਨ, ਪਰ ਮੈਨੂੰ ਕੋਈ ਸਤਿਕਾਰ ਨਹੀਂ ਮਿਲਿਆ। ਇਸ 'ਤੇ ਸੀਐੱਮ ਸੈਣੀ ਨੇ ਜਵਾਬ ਦਿੱਤਾ ਸੀ ਕਿ ਵਿਨੇਸ਼ ਹੁਣ ਕਾਂਗਰਸ ਵਿਧਾਇਕ



ਹੈ। ਫਿਰ ਵੀ ਉਸ ਨੂੰ ਸਰਕਾਰੀ ਨੌਕਰੀ, ਪਲਾਟ ਜਾਂ 4 ਕਰੋੜ ਰੁਪਏ ਨਕਦ ਦਾ ਬਦਲ ਦਿੱਤਾ ਜਾਵੇਗਾ। ਉਹ ਜੋ ਚਾਹੇ ਚੁਣ ਸਕਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੀ ਖੇਡ ਨੀਤੀ ਤਹਿਤ ਚਾਂਦੀ ਦਾ ਤਗਮਾ ਜੇਤੂ ਖਿਡਾਰੀਆਂ ਵਾਂਗ ਇਹ ਤਿੰਨ ਤਰ੍ਹਾਂ ਦੇ ਲਾਭ ਦਿੱਤੇ ਜਾਂਦੇ ਹਨ। ਫੋਗਾਟ ਪੈਰਿਸ ਓਲੰਪਿਕ ਦੇ 50 ਕਿਲੋਗ੍ਰਾਮ ਭਾਰ ਵਰਗ ਦੇ ਫਾਈਨਲ ਵਿੱਚ ਪਹੁੰਚੀ ਸੀ। 7 ਅਗਸਤ 2024 ਨੂੰ ਆਪਣੇ ਮੈਚ ਤੋਂ ਠੀਕ ਪਹਿਲਾਂ ਉਸਦਾ ਵਜ਼ਨ 50 ਕਿਲੋਗ੍ਰਾਮ ਤੋਂ 100 ਗ੍ਰਾਮ ਵੱਧ ਸੀ। ਓਲੰਪਿਕ ਵਿੱਚ ਖਿਡਾਰੀ ਨੂੰ ਆਪਣੇ ਭਾਰ ਵਰਗ ਵਿੱਚ ਰਹਿਣਾ ਪੈਂਦਾ ਹੈ। ਜੇਕਰ ਭਾਰ ਕੁਝ ਗ੍ਰਾਮ ਤੋਂ ਵੀ ਵੱਧ ਹੈ ਤਾਂ ਉਸ ਨੂੰ ਅਯੋਗ ਐਲਾਨ ਕਰ ਦਿੱਤਾ ਜਾਂਦਾ ਹੈ। ਜਦੋਂ 6 ਅਗਸਤ ਨੂੰ ਪਹਿਲੀ ਵਾਰ ਉਸਦਾ ਭਾਰ ਤੋਲਿਆ ਗਿਆ ਤਾਂ ਉਸਦਾ ਭਾਰ 49.9 ਕਿਲੋਗ੍ਰਾਮ ਸੀ। 7 ਅਗਸਤ, 2024 ਨੂੰ, ਸੀਐੱਮ ਨਾਇਬ ਸਿੰਘ ਸੈਣੀ ਨੇ ਐਕਸ 'ਤੇ ਪੋਸਟ ਕੀਤਾ, ਵਿਨੇਸ਼, ਤੁਸੀਂ ਭਾਰਤ ਦਾ ਮਾਣ ਹੋ ਅਤੇ ਹਰ ਭਾਰਤੀ ਲਈ ਪ੍ਰੇਰਨਾ ਹੋ। ਆਪਣੀ ਸ਼ਾਨਦਾਰ ਖੇਡ ਪ੍ਰਤਿਭਾ ਨਾਲ ਤੁਸੀਂ ਓਲੰਪਿਕ ਮੰਚ 'ਤੇ ਭਾਰਤ ਦਾ ਮਾਣ ਵਧਾਇਆ ਹੈ। ਹਰਿਆਣਾ ਸਮੇਤ ਪੂਰਾ ਦੇਸ਼ ਤੁਹਾਡੇ ਨਾਲ ਖੜ੍ਹਾ ਹੈ। ਉਨ੍ਹਾਂ ਅੱਗੇ ਲਿਖਿਆ ਕਿ ਤੁਸੀਂ ਹਰ ਚੁਣੌਤੀ ਦਾ ਦਲੇਰੀ ਨਾਲ ਸਾਹਮਣਾ ਕੀਤਾ ਹੈ। ਸਾਨੂੰ ਆਪਣੀ ਧੀ 'ਤੇ ਪੂਰਾ ਵਿਸ਼ਵਾਸ ਹੈ ਕਿ ਤੂੰ ਸਾਰੀਆਂ ਰੁਕਾਵਟਾਂ ਨੂੰ ਪਾਰ ਕਰੇਂਗੀ ਅਤੇ ਭਾਰਤ ਦਾ ਮਾਣ ਵਧਾਉਂਦੀ ਰਹੇਂਗੀ।

## ਕਾਂਗਰਸ ਹਾਈਕਮਾਂਡ ਨੇ ਅਲੋਕ ਸ਼ਰਮਾ ਨੂੰ ਅਹੁਦੇ ਤੋਂ ਕੀਤਾ ਰਿਲੀਵ

ਚੰਡੀਗੜ੍ਹ 10 ਅਪ੍ਰੈਲ। ਇਸ ਵੇਲੇ ਦੀ ਵੱਡੀ ਖਬਰ ਸਾਹਮਣੇ ਆ ਰਹੀ ਹੈ। ਕਾਂਗਰਸ ਹਾਈਕਮਾਂਡ ਵੱਲੋਂ ਅਲੋਕ ਸ਼ਰਮਾ ਨੂੰ ਸਕੱਤਰ ਦੇ ਤੌਰ ਉੱਤੇ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਹੈ। ਕਾਂਗਰਸ ਹਾਈਕਮਾਂਡ ਵੱਲੋਂ ਜਾਰੀ ਪੱਤਰ ਵਿਚ ਕਿਹਾ ਗਿਆ ਹੈ ਕਿ ਮਾਨਯੋਗ ਕਾਂਗਰਸ ਪ੍ਰਧਾਨ ਨੇ ਸ਼੍ਰੀ ਅਲੋਕ ਸ਼ਰਮਾ



ਨੂੰ ਏ.ਆਈ.ਸੀ.ਸੀ. ਸਕੱਤਰ ਦੇ ਤੌਰ 'ਤੇ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਤੋਂ ਤੁਰੰਤ ਪ੍ਰਭਾਵ ਤੋਂ ਮੁਕਤ ਕਰ ਦਿੱਤਾ ਹੈ, ਜੋ ਕਿ ਜਨਰਲ ਸਕੱਤਰ ਇੰਚਾਰਜ, ਪੰਜਾਬ ਨਾਲ ਜੁੜੇ ਹੋਏ ਹਨ। ਹਾਲਾਂਕਿ ਉਹ ਏਆਈਸੀਸੀ ਮੀਡੀਆ ਪੈਨਲਿਸਟ ਵਜੋਂ ਕੰਮ ਜਾਰੀ ਰੱਖਣਗੇ।

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ ਕਿਸਾਨ ਆਗੂ ਡੱਲੇਵਾਲ

ਅੰਮ੍ਰਿਤਸਰ 10 ਅਪ੍ਰੈਲ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਯੁਕਤ ਕਿਸਾਨ ਮੋਰਚਾ ਦੇ ਪ੍ਰਮੁੱਖ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਸਾਥੀਆਂ ਸਮੇਤ ਗੁਰੂ ਘਰ ਵਿਖੇ ਦਰਸ਼ਨ ਕੀਤੇ । ਇਸ ਦੌਰਾਨ ਜਿੱਥੇ



ਉਹਨਾਂ ਨੇ ਕੁਝ ਸਮਾਂ ਇਲਾਹੀ ਬਾਣੀ ਦਾ ਕੀਰਤਨ ਸੁਣਿਆ ਉੱਥੇ ਹੀ ਪੰਜਾਬ ਦੇ ਭਲੇ ਲਈ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਿਛਲੇ ਲੰਮੇ ਸਮੇਂ ਤੋਂ ਲਾਪਤਾ ਹੋਏ 328 ਪਾਵਨ ਸਰੂਪਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਵਾਉਣ ਦੀ ਮੰਗ ਨੂੰ ਲੈ ਕੇ ਲੰਬੇ ਸਮੇਂ ਤੋਂ ਧਰਮ ਸਿੰਘ ਮਾਰਕੀਟ ਦੇ ਬਾਹਰ ਹੈਰੀਟੇਜ ਸਟਰੀਟ ਤੇ ਸਾਥੀਆਂ ਨਾਲ ਧਰਨਾ ਲਗਾ' ਬੈਠੇ ਬਲਦੇਵ ਸਿੰਘ ਵਡਾਲਾ ਨਾਲ ਵੀ ਜਗਜੀਤ ਸਿੰਘ ਡੱਲੇਵਾਲ ਨੇ ਮੁਲਾਕਾਤ ਕੀਤੀ। ਡੱਲੇਵਾਲ ਨੇ ਕਿਹਾ ਕਿ ਵਿਰੋਧ ਪ੍ਰਦਰਸ਼ਨ ਕਰਨਾ ਸਾਡੇ ਧਰਮ ਦੀ ਕਿਸਮਤ ਵਿੱਚ ਹੈ ਅਤੇ ਉਹ ਭਾਈ ਵਡਾਲਾ ਨਾਲ ਵਾਅਦਾ ਕਰਦੇ ਹਨ ਕਿ ਉਹ ਉਨ੍ਹਾਂ ਦੇ ਵਿਰੋਧ ਵਿੱਚ ਉਨ੍ਹਾਂ ਦਾ ਸਮਰਥਨ ਕਰਨਗੇ ਅਤੇ ਪਾਵਨ ਸਵਰੂਪਾਂ ਦੇ ਇਨਸਾਫ਼ ਸਬੰਧੀ ਵਿਰੋਧ ਦੇ ਅਗਲੇ ਕਦਮ ਲਈ ਇਕੱਠੇ ਫੈਸਲਾ ਲੈਣਗੇ। ਉਨ੍ਹਾਂ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦਾ ਸਮਰਥਨ ਕਰਨ। ਡੱਲੇਵਾਲ ਨੇ ਕਿਹਾ ਕਿ ਵੱਖ-ਵੱਖ ਰਾਜਾਂ ਤੋਂ ਮਹਾਂਪੰਚਾਇਤ ਲਈ ਸੱਦਾ ਆ ਰਿਹਾ ਹੈ। ਬੇਸ਼ੱਕ ਸਰਕਾਰ ਨੇ ਸਾਡੇ ਨਾਲ ਨਾਤਾ ਤੋੜ ਲਿਆ ਅਤੇ ਸਾਡਾ ਵਿਰੋਧ ਖਤਮ ਕਰ ਦਿੱਤਾ ਪਰ ਸਾਡਾ ਸੰਘਰਸ਼ ਅਜੇ ਵੀ ਜਾਰੀ ਹੈ। ਇਸ ਮੌਕੇ ਹਾਜ਼ਰ ਔਰਤਾਂ ਵਲੋਂ ਡੱਲੇਵਾਲ ਨੂੰ ਗਰਮੀ ਦੇ ਮੌਸਮ ਦੇ ਮੱਦੇਨਜ਼ਰ ਨਾਰੀਅਲ ਪਾਣੀ ਵੀ ਪਿਲਾਇਆ।

## ਬੰਗਲਾਦੇਸ਼ ਦੀ ਅਦਾਲਤ ਨੇ ਸ਼ੇਖ ਹਸੀਨਾ ਅਤੇ ਉਸ ਦੀ ਬੇਟੀ ਖਿਲਾਫ ਕੀਤਾ ਨਵਾਂ ਗ੍ਰਿਫਤਾਰੀ ਵਾਂਰਟ ਜਾਰੀ

**ਨਵਦੀਪ ਸਿੰਘ ਸਾਹਨੀ**

ਢਾਕਾ 10 ਅਪ੍ਰੈਲ। ਬੰਗਲਾਦੇਸ਼ ਦੀ ਇੱਕ ਅਦਾਲਤ ਨੇ ਵੀਰਵਾਰ ਨੂੰ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ 'ਚ ਅਹੁਦੇ ਤੋਂ ਹਟਾਈ ਗਈ ਪ੍ਰਧਾਨ ਮੰਤਰੀ ਸ਼ੇਖ ਹਸੀਨਾ, ਉਨ੍ਹਾਂ ਦੀ ਧੀ ਸਾਇਮਾ ਵਾਜਿਦ ਪੁਤੁਲ ਅਤੇ 17 ਹੋਰਾਂ ਵਿਰੁੱਧ ਨਵਾਂ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਹੈ। ਉਨ੍ਹਾਂ 'ਤੇ ਧੋਖਾਧੜੀ ਰਾਹੀਂ ਰਿਹਾਇਸ਼ੀ ਜ਼ਮੀਨ ਹਾਸਲ ਕਰਨ ਦਾ ਦੋਸ਼ ਹੈ। ਢਾਕਾ ਮੈਟਰੋਪੋਲੀਟਨ ਸੀਨੀਅਰ ਸਪੈਸ਼ਲ ਜੱਜ ਜ਼ਾਕਿਰ ਹੁਸੈਨ ਗਾਲਿਬ ਨੇ ਭ੍ਰਿਸ਼ਟਾਚਾਰ ਵਿਰੋਧੀ ਕਮਿਸ਼ਨ (ਏ.ਸੀ.ਸੀ.) ਵੱਲੋਂ ਦਾਇਰ ਚਾਰਜਸ਼ੀਟ ਨੂੰ ਸਵੀਕਾਰ ਕਰ ਲਿਆ। ਕਿਉਂਕਿ ਦੋਸ਼ੀ ਫਰਾਰ ਹਨ, ਇਸ ਲਈ ਅਦਾਲਤ ਨੇ ਉਨ੍ਹਾਂ ਖਿਲਾਫ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਹੈ। ਏਸੀਸੀ ਦੇ ਵਕੀਲ ਮੀਰ ਅਹਿਮਦ ਸਲਾਮ ਨੇ ਪੱਤਰਕਾਰਾਂ ਨੂੰ ਦੱਸਿਆ, ÷ਮੈਟਰੋਪੋਲੀਟਨ ਸੀਨੀਅਰ ਸਪੈਸ਼ਲ ਜੱਜ ਜ਼ਾਕਿਰ ਹੁਸੈਨ ਗਾਲਿਬ ਨੇ ਮਾਮਲੇ 'ਚ ਏਸੀਸੀ ਦੀ ਚਾਰਜਸ਼ੀਟ ਨੂੰ ਸਵੀਕਾਰ ਕਰਦੇ ਹੋਏ ਵਾਰੰਟ ਜਾਰੀ ਕੀਤਾ। ਉਨ੍ਹਾਂ ਕਿਹਾ ਕਿ ਜੱਜ ਨੇ ਏਸੀਸੀ ਨੂੰ ਰਾਜਧਾਨੀ ਢਾਕਾ ਦੇ ਬਾਹਰਵਾਰ ਪੂਰਬਾਚਲ ਖੇਤਰ ਵਿੱਚ ਸਰਕਾਰੀ ਰਾਜਧਾਨੀ ਉਨਯਾਨ ਕਾਰਤੀਪਕਸ਼ (ਰਾਜੁਕ) ਦੁਆਰਾ ਲੀਜ਼ 'ਤੇ ਲਈ ਗਈ ਜ਼ਮੀਨ ਨਾਲ ਸਬੰਧਤ ਦੋਸ਼ ਦੀ ਸੁਣਵਾਈ ਲਈ 4 ਮਈ ਨੂੰ ਆਪਣੀ ਜਾਂਚ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ। ਏਸੀਸੀ ਨੇ ਗੱਦੀਓਂ ਲਾਹੀ ਗਈ ਪ੍ਰਧਾਨ ਮੰਤਰੀ ਹਸੀਨਾ ਅਤੇ ਹੋਰ ਸਹਿ-ਦੋਸ਼ੀਆਂ, ਜਿਨ੍ਹਾਂ ਵਿੱਚ ਜ਼ਿਆਦਾਤਰ ਸਰਕਾਰੀ



ਅਧਿਕਾਰੀ ਸ਼ਾਮਲ ਸਨ, ਖਿਲਾਫ 12 ਜਨਵਰੀ, 2025 ਨੂੰ ਕੇਸ ਦਾਇਰ ਕੀਤਾ। ਚਾਰਜਸ਼ੀਟ ਦੇ ਅਨੁਸਾਰ, ਪੂਰਬਾਚਲ ਨਿਊ ਸਿਟੀ ਹਾਊਸਿੰਗ ਪ੍ਰੋਜੈਕਟ 'ਜ਼ਮੀਨ ਹਾਸਲ ਕਰਨ ਲਈ ਗਲਤ ਇਰਾਦੇ ਨਾਲ ਪੁਤੁਲ ਨੇ ਆਪਣੀ ਮਾਂ ਅਤੇ ਸਾਬਕਾ ਪ੍ਰਧਾਨ ਮੰਤਰੀ ਹਸੀਨਾ ਨੂੰ ਪ੍ਰਭਾਵਿਤ ਕੀਤਾ ਸੀ। ਏਸੀਸੀ ਨੇ ਦੋਸ਼ ਲਗਾਇਆ ਕਿ ਪੁਤੁਲ ਨੇ ਅਜਿਹਾ ਇਸ ਤੱਥ ਦੇ ਬਾਵਜੂਦ ਕੀਤਾ ਕਿ ÷ਉਸ ਕੋਲ ਅਤੇ ਉਸਦੇ ਪਰਿਵਾਰਕ ਮੈਂਬਰਾਂ ਕੋਲ ਢਾਕਾ ਸ਼ਹਿਰ 'ਚ ਰਾਜੁਕ ਦੇ ਅਧਿਕਾਰ ਖੇਤਰ ਵਿੱਚ ਇੱਕ ਘਰ, ਫਲੈਟ ਜਾਂ ਰਿਹਾਇਸ਼ ਹੈ।÷ ਪੁਤੁਲ 1 ਨਵੰਬਰ, 2023 ਤੋਂ ਵਿਸ਼ਵ ਸਿਹਤ ਸੰਗਠਨ (➡8®) ਦੇ ਨਵੀਂ ਦਿੱਲੀ ਸਥਿਤ ਦੱਖਣ-ਪੂਰਬੀ ਏਸ਼ੀਆਈ ਖੇਤਰੀ ਨਿਰਦੇਸ਼ਕ ਵਜੋਂ ਸੇਵਾ ਨਿਭਾ ਰਹੀ ਹੈ। ਬੰਗਲਾਦੇਸ਼ ਦੇ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ ਨੇ ਪਹਿਲਾਂ ਹਸੀਨਾ, ਉਸਦੇ ਰਾਜਨੀਤਿਕ ਸਹਿਯੋਗੀਆਂ ਅਤੇ ਸੀਨੀਅਰ ਸਿਵਲ ਅਤੇ ਫੌਜੀ ਅਧਿਕਾਰੀਆਂ ਵਿਰੁੱਧ ਮਨੁੱਖਤਾ ਵਿਰੁੱਧ ਅਪਰਾਧਾਂ ਸਮੇਤ ਦੋਸ਼ਾਂ 'ਚ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਸਨ। ਵੀਰਵਾਰ ਦਾ ਵਾਰੰਟ ਏਸੀਸੀ ਦੇ ਉਸ ਬਿਆਨ ਤੋਂ ਇੱਕ ਦਿਨ ਬਾਅਦ ਆਇਆ ਹੈ ਜਿਸ ਵਿੱਚ ਉਸਨੇ ਹਸੀਨਾ, ਉਸਦੀ ਛੋਟੀ ਭੈਣ ਸ਼ੇਖ ਰੇਹਾਨਾ ਅਤੇ ਇੱਕ ਸਾਬਕਾ ਅਧਿਕਾਰੀ ਦੁਆਰਾ 'ਮੁਜੀਬ ਸ਼ਤਾਬਦੀ' ਸਮਾਰੋਹਾਂ ਦੇ ਆਯੋਜਨ 'ਚ ਸਰਕਾਰੀ ਖਜ਼ਾਨੇ 'ਚੋਂ 4,000 ਕਰੋੜ ਰੁਪਏ ਦੀ ਕਥਿਤ ਬਰਬਾਦੀ ਦੀ ਨਵੀਂ ਜਾਂਚ ਸ਼ੁਰੂ ਕੀਤੀ ਹੈ। ਬੰਗਲਾਦੇਸ਼ ਨੇ 2020 ਵਿੱਚ ਦੇਸ਼ ਦੇ ਸੰਸਥਾਪਕ ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਦੀ 100ਵੀਂ ਜਯੰਤੀ ਮਨਾਉਣ ਲਈ ਸਾਲ ਭਰ ਸਮਾਗਮ ਕਰਵਾਏ, ਜਦੋਂ ਹਸੀਨਾ ਦੀ ਅਵਾਮੀ ਲੀਗ ਸੱਤਾ 'ਚ ਸੀ।

## ਪੰਜਾਬ ਸਰਕਾਰ ਸਿੱਖਿਆ ਨੂੰ ਲੈ ਕੇ ਵਚਨਬੱਧ, ਸੂਬੇ ਦੇ 12000 ਸਰਕਾਰੀ ਸਕੂਲਾਂ ਲਈ ਚੁੱਕਿਆ ਵੱਡਾ ਕਦਮ

**ਤੇਜਿੰਦਰ ਕੌਰ ਬੱਬਰ**

ਅੰਮ੍ਰਿਤਸਰ/ਚੋਗਾਵਾਂ 10 ਅਪ੍ਰੈਲ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਰਹੱਦੀ ਪੱਟੀ ਵਿਚ ਸਕੂਲਾਂ ਵਿਚ ਵੱਖ-ਵੱਖ ਕੰਮਾਂ ਦੀ ਸ਼ੁਰੂਆਤ ਕਰਦੇ ਕਿਹਾ ਕਿ ਸਿੱਖਿਆ ਦਾ ਤਿਉਹਾਰ 'ਸਿੱਖਿਆ ਕ੍ਰਾਂਤੀ' ਤਹਿਤ ਸੂਬੇ ਭਰ ਦੇ 12000 ਸਰਕਾਰੀ ਸਕੂਲਾਂ ਵਿਚ 2000 ਕਰੋੜ ਰੁਪਏ ਦੀ ਲਾਗਤ ਵਾਲੇ ਨਵੇਂ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੂਬੇ ਭਰ ਦੇ 20 ਹਜ਼ਾਰ ਸਰਕਾਰੀ ਸਕੂਲਾਂ ਵਿਚ ਪੰਜਾਬ ਦੇ ਕਰੀਬ 28 ਲੱਖ ਬੱਚੇ ਵਿੱਦਿਆ ਪ੍ਰਾਪਤ ਕਰ ਰਹੇ ਹਨ। ਸਰਹੱਦੀ ਇਲਾਕੇ ਦੇ ਬੱਚਿਆਂ ਦੀ ਲੋੜ ਨੂੰ ਸਮਝਦੇ ਹੋਏ ਸਿੱਖਿਆ ਮੰਤਰੀ ਨੇ ਸਰਹੱਦੀ ਖੇਤਰ ਵਿਚ ਲੜਕੀਆਂ ਦਾ ਕਾਲਜ ਖੋਲ੍ਹਣ ਦਾ ਐਲਾਨ ਵੀ ਕੀਤਾ। ਸੂਬਾ ਸਰਕਾਰ ਆਧੁਨਿਕ ਸਿੱਖਿਆ ਪ੍ਰਣਾਲੀ ਵਾਲਾ ਵਾਤਾਵਰਣ ਸਿਰਜਣ 'ਤੇ ਜ਼ੋਰ ਦੇ ਰਹੀ ਹੈ ਤਾਂ ਕਿ ਵਿਦਿਆਰਥੀਆਂ ਨੂੰ ਮੌਜੂਦਾ ਸਮੇਂ ਦੇ ਹਾਣੀ ਬਣਾਇਆ ਜਾ ਸਕੇ। ਉਨ੍ਹਾਂ ਅੰਮ੍ਰਿਤਸਰ ਜ਼ਿਲ੍ਹੇ ਵਿਚ ਵੱਖ-ਵੱਖ ਸਕੂਲਾਂ ਦਾ ਦੌਰਾ ਕੀਤਾ ਬੱਚਿਆਂ ਅਤੇ ਬੱਚਿਆਂ ਦੇ ਮਾਂ ਪਿਓ ਨਾਲ ਸਿੱਧੀ ਗੱਲਬਾਤ ਕੀਤੀ ਅਤੇ ਕਰੀਬ ਦੋ ਕਰੋੜ ਤੋਂ ਵੱਧ ਦੀ ਲਾਗਤ ਨਾਲ ਬਣੇ ਵੱਖ-ਵੱਖ ਕੰਮਾਂ ਦੇ ਉਦਘਾਟਨ ਕੀਤੇ। ਸਿੱਖਿਆ ਮੰਤਰੀ ਆਪਣੇ ਦੌਰੇ ਦੌਰਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੀਤਾ ਕਲਾਂ, ਸਰਕਾਰੀ ਐਲੀਮੈਂਟਰੀ ਸਕੂਲ ਝੀਤਾ ਕਲਾਂ, ਸਰਕਾਰੀ ਗਰਲਜ ਸੀਨੀਅਰ ਸੈਕੰਡਰੀ ਸਕੂਲ ਮਹਾ ਸਿੰਘ ਗੇਟ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਪਿਆਲਾ ਲੜਕੀਆਂ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਟਪਿਆਲਾ ਵਿਖੇ ਉਚੇਚੇ ਤੌਰ 'ਤੇ ਪਹੁੰਚੇ ਅਤੇ ਬੱਚਿਆਂ ਨਾਲ ਵਕਤ ਗੁਜ਼ਾਰਦੇ ਹੋਏ ਉਨ੍ਹਾਂ ਨਾਲ ਗੱਲਬਾਤ ਕੀਤੀ। ਮਹਾ ਸਿੰਘ ਗੇਟ ਵਿਖੇ ਉਨ੍ਹਾਂ ਨੇ ਸਕੂਲ ਦੇ ਕੰਮਾਂ ਲਈ ਆਪਣੇ ਅਖਤਿਆਰੀ ਖਾਤੇ ਵਿਚੋਂ 50 ਲੱਖ ਰੁਪਏ ਦੀ ਰਾਸ਼ੀ ਹੋਰ ਦੇਣ ਦਾ ਐਲਾਨ ਕੀਤਾ। ਦੱਸਣਯੋਗ




ਹੈ ਕਿ ਮੌਜੂਦਾ ਸਮੇਂ 10 ਹਜ਼ਾਰ ਤੋਂ ਵੱਧ ਵਿਦਿਆਰਥੀ ਇਸ ਸਹੂਲਤ ਦਾ ਲਾਭ ਉਠਾ ਰਹੇ ਹਨ। ਸਿੱਖਿਆ ਮੰਤਰੀ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਦੇ ਰੱਖ-ਰਖਾਅ 'ਤੇ ਸਾਲਾਨਾ 200 ਕਰੋੜ ਰੁਪਏ ਤੋਂ ਵੱਧ ਖਰਚਾ ਕੀਤਾ ਜਾਂਦਾ ਹੈ। ਉਨ੍ਹਾਂ ਹਲਕਾ ਅਟਾਰੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੀਤਾ ਕਲਾਂ 48.7 ਲੱਖ ਰੁਪਏ, ਸਰਕਾਰੀ ਐਲੀਮੈਂਟਰੀ ਸਕੂਲ ਝੀਤਾ ਕਲਾਂ ਵਿਖੇ 8.14 ਲੱਖ ਰੁਪਏ ਦੀ ਲਾਗਤ ਨਾਲ ਚਾਰ ਦੀਵਾਰੀ, ਏ. ਸੀ. ਆਰ ਅਤੇ ਕਲਾਸ ਰੂਮ ਬਣਾਏ ਜਾਣਗੇ। ਇਸ ਉਪਰੰਤ ਸਿਖਿਆ ਮੰਤਰੀ ਵੱਲੋਂ ਹਲਕਾ ਪੂਰਬੀ ਵਿਖੇ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਮਹਾਂ ਸਿੰਘ ਗੇਟ ਵਿਖੇ 29.32 ਲੱਖ ਰੁਪਏ ਦੀ ਲਾਗਤ ਨਾਲ ਬਾਸਕਟਬਾਲ ਗਰਾਉਂਡ, 2 ਕਲਾਸ ਰੂਮ, ਨਵੇਂ ਟਾਇਲਟ ਦਾ ਉਦਘਾਟਨ ਵੀ ਕੀਤਾ ਅਤੇ ਬੱਚਿਆਂ ਨੂੰ 5 ਟੈਬ ਵੀ ਪ੍ਰਦਾਨ ਕੀਤੇ। ਸਿੱਖਿਆ ਮੰਤਰੀ ਵੱਲੋਂ ਹਲਕਾ ਰਾਜਾਸਾਂਸੀ ਅਧੀਨ ਪੈਂਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਪਿਆਲਾ 23.38 ਲੱਖ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਟਪਿਆਲਾ ਵਿਖੇ 8.64 ਲੱਖ ਰੁਪਏ ਦੀ ਲਾਗਤ ਨਾਲ ਕਮਰਿਆਂ ਦੀ ਮੁਰੰਮਤ, ਨਵੇਂ ਬਾਥਰੂਮ ਦੇ ਕੰਮਾਂ ਦਾ ਉਦਘਾਟਨ ਵੀ ਕੀਤਾ। ਉਨ੍ਹਾਂ ਦੱਸਿਆ ਕਿ ਟਪਿਆਲਾ ਸਕੂਲ ਪਹਿਲਾਂ ਹੀ ਸਰਵੋਤਮ ਸਕੂਲ ਦਾ ਐਵਾਰਡ ਹਾਸਲ ਹੋ ਚੁੱਕਾ ਹੈ ਅਤੇ ਇਸ ਸਕੂਲ ਦੀ ਪ੍ਰਿੰਸੀਪਲ ਪਰਮਿੰਦਰਜੀਤ ਕੌਰ ਇਸ ਪ੍ਰਸ਼ੰਸਾ ਦੇ ਹੱਕਦਾਰ ਹਨ ਕਿ ਉਨ੍ਹਾਂ ਵੱਲੋਂ ਆਪਣੇ ਸਕੂਲ ਦੀ ਦਿੱਖ ਨੂੰ ਸੁਧਾਰਨ ਆਪਣੇ ਪੱਧਰ ਤੇ ਯਤਨ ਕੀਤੇ ਹਨ। ਉਨ੍ਹਾਂ ਦੱਸਿਆ ਕਿ ਬੜੀ ਖੁਸ਼ੀ ਦੀ ਗੱਲ ਹੈ ਕਿ ਪਿਛਲੇ 5 ਦਿਨਾਂ ਵਿਚ 92 ਬੱਚੇ ਪ੍ਰਾਈਵੇਟ ਸਕੂਲਾਂ ਨੂੰ ਛੱਡ ਕੇ ਇਸ ਸਕੂਲ ਵਿਚ ਦਾਖਲ ਹੋਏ ਹਨ। ਉਨ੍ਹਾਂ ਦੱਸਿਆ ਕਿ ਇਸ ਸਕੂਲ ਵਿਚ ਸਰਹੱਦੀ ਖੇਤਰ ਦੇ 55 ਪਿੰਡਾਂ ਦੇ ਬੱਚੇ ਇਸ ਸਕੂਲ ਵਿਚ ਸਿੱਖਿਆ ਲੈਣ ਆਉਂਦੇ ਹਨ ਅਤੇ ਜਲਦ ਹੀ ਇਸ ਸਕੂਲ ਵਿਚ ਬੱਚਿਆਂ ਲਈ ਬੱਸਾਂ ਦਾ ਪ੍ਰਬੰਧ ਵੀ ਕੀਤਾ ਜਾਵੇਗਾ।

## ਭਾਰਤ, ਪਾਕਿਸਤਾਨ ਨੇ ਪੁੰਛ 'ਚ ਫਲੈਗ ਮੀਟਿੰਗ 'ਚ ਕੰਟਰੋਲ ਰੇਖਾ ਦੇ ਮੁੱਦਿਆਂ 'ਤੇ ਕੀਤੀ ਚਰਚਾ

ਸ਼ਰੀਨਗਰ 10 ਅਪ੍ਰੈਲ। ਭਾਰਤ ਅਤੇ ਪਾਕਿਸਤਾਨ ਨੇ ਵੀਰਵਾਰ ਨੂੰ ਜੰਮੂ ਕਸ਼ਮੀਰ ਦੇ ਪੁੰਛ ਜ਼ਿਲ੍ਹੇ ਦੇ ਚੱਕਨ-ਦਾ-ਬਾਗ 'ਚ ਆਯੋਜਿਤ ਫਲੈਗ ਮੀਟਿੰਗ 'ਚ ਕੰਟਰੋਲ ਰੇਖਾ ਨਾਲ ਸੰਬੰਧਤ ਮੁੱਦਿਆਂ 'ਤੇ ਚਰਚਾ ਕੀਤੀ। ਫ਼ੌਜ ਨੇ ਇਕ ਅਧਿਕਾਰਤ ਬਿਆਨ 'ਚ ਕਿਹਾ,"ਫਲੈਗ ਮੀਟਿੰਗ ਡੀਜੀਐੱਮਓ ਦੀ ਦੋਵਾਂ ਪੱਖਾਂ ਵਿਚਾਲੇ ਸਮਝ ਅਨੁਸਾਰ ਨਿਯਮਿਤ ਕੰਟਰੋਲ ਰੇਖਾ ਅਤੇ



ਸਰਹੱਦੀ ਪ੍ਰਬੰਧਨ ਪ੍ਰਕਿਰਿਆ ਹੈ। ਵੀਰਵਾਰ ਦੀ ਬੈਠਕ ਕੰਟਰੋਲ ਰੇਖਾ 'ਤੇ ਨਿਯਮਿਤ ਮੁੱਦਿਆਂ 'ਤੇ ਚਰਚਾ ਕਰਨ ਲਈ ਆਯੋਜਿਤ ਕੀਤੀ ਗਈ।" ਇਸ ਤੋਂ ਪਹਿਲੇ 21 ਫਰਵਰੀ ਨੂੰ, ਭਾਰਤ ਅਤੇ ਪਾਕਿਸਤਾਨ ਨੇ ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ 'ਚ ਚੱਕਨ-ਦਾ-ਬਾਗ ਕ੍ਰਾਸਿੰਗ ਪੁਆਇੰਟ 'ਤੇ ਬ੍ਰਿਗੇਡੀਅਰ ਪੱਧਰੀ ਫਲੈਗ ਮੀਟਿੰਗ 'ਚ ਸਰਹੱਦ 'ਤੇ ਸ਼ਾਂਤੀ ਲਈ ਜੰਗਬੰਦੀ ਸਮਝੌਤੇ ਦੀ ਪਵਿੱਤਰਤਾ ਬਣਾਏ ਰੱਖਣ 'ਤੇ ਸਹਿਮਤੀ ਜ਼ਾਹਰ ਕੀਤੀ ਸੀ।

# ਖ਼ਤਰੇ ਦੀ ਘੰਟੀ ! ਭਿਆਨਕ ਰੂਪ ਵਿਖਾਉਣ ਲੱਗੀ ਗਰਮੀ, ਇਹ ਸਾਵਧਾਨੀਆਂ ਵਰਤਣ ਦੀ ਸਲਾਹ

ਜਲੰਧਰ 10 ਅਪ੍ਰੈਲ। ਅਪ੍ਰੈਲ ਮਹੀਨੇ ਦੀ ਸ਼ੁਰੂਆਤ 'ਚ ਹੀ ਦੇਸ਼ ਦੇ ਕਈ ਹਿੱਸਿਆਂ 'ਚ ਗਰਮੀ ਆਪਣਾ ਭਿਆਨਕ ਰੂਪ ਵਿਖਾਉਣ ਲੱਗੀ ਹੈ। ਦੇਸ਼ ਦੇ ਕਈ ਸੂਬਿਆਂ 'ਚ ਪਾਰਾ 40 ਡਿਗਰੀ ਦੇ ਨੇੜੇ ਪਹੁੰਚ ਗਿਆ ਹੈ। ਅਜਿਹੇ 'ਚ ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਤੇਜ਼ ਧੁੱਪ ਅਤੇ ਗਰਮੀ ਕਾਰਨ ਸਰੀਰ 'ਚ ਪਾਣੀ ਦੀ ਕਮੀ ਯਾਨੀ ਡੀਹਾਈਡ?ਰੇਸ਼ਨ ਹੋ ਸਕਦੀ ਹੈ, ਜਿਸ ਨਾਲ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ, ਇਸ ਲਈ ਡੀਹਾਈਡ?ਰੇਸ਼ਨ ਤੋਂ ਬਚਣ ਲਈ ਕੁਝ ਸਾਵਧਾਨੀਆਂ ਵਰਤ ਕੇ ਅਤੇ ਪ੍ਰਮੁੱਖ ਉਪਾਅ ਕਰਕੇ ਕਾਫ਼ੀ ਹੱਦ ਤੱਕ ਇਸ ਸਮੱਸਿਆ ਤੋਂ ਬਚਿਆ ਜਾ ਸਕਦਾ ਹੈ। ਮੁੰਬਈ ਦੇ ਕੋਕਿਲਾਬੇਨ ਧੀਰੂਭਾਈ ਅੰਬਾਨੀ ਹਸਪਤਾਲ 'ਚ ਅੰਦਰੂਨੀ ਮੈਡੀਸਨ ਦੇ ਸਲਾਹਕਾਰ ਡਾ. ਐੱਨ. ਆਰ. ਸ਼ੈੱਟੀ ਦੇ ਹਵਾਲੇ ਨਾਲ ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਜ਼ਿਆਦਾ ਗਰਮੀ ਨਾਲ ਲੜਨ ਲਈ ਹਾਈਡ?ਰੇਸ਼ਨ ਮਹੱਤਵਪੂਰਨ ਹੈ ਕਿਉਂਕਿ ਉੱਚ ਤਾਪਮਾਨ 'ਚ ਲੰਬੇ ਸਮੇਂ ਤੱਕ ਰਹਿਣ ਨਾਲ ਪਸੀਨੇ ਕਾਰਨ ਸਰੀਰ 'ਚ ਪਾਣੀ ਦੀ ਕਮੀ ਹੋ ਸਕਦੀ ਹੈ, ਜਿਸ ਨਾਲ ਡੀਹਾਈਡ?ਰੇਸ਼ਨ ਹੋ ਸਕਦੀ ਹੈ। ਉਹ ਦੱਸਦੇ ਹਨ ਕਿ ਅਮਰੀਕਨ ਜਨਰਲ ਆਫ਼ ਫਿਜ਼ੀਓਲੋਜੀ 'ਚ ਇਕ ਅਧਿਐਨ 'ਚ ਪਾਇਆ ਗਿਆ ਹੈ ਕਿ ਹਲਕੀ ਡੀਹਾਈਡ?ਰੇਸ਼ਨ ਸਰੀਰ ਦੇ ਭਾਰ ਨੂੰ 1 ਤੋਂ 2 ਫ਼ੀਸਦੀ



ਤੱਕ ਘੱਟ ਕਰ ਦਿੰਦੀ ਹੈ। ਡੀਹਾਈਡ?ਰੇਸ਼ਨ ਨਾਲ ਸਰੀਰ ਦਾ ਤਾਪਮਾਨ ਵਧਣ ਲੱਗਦਾ ਹੈ ਅਤੇ ਇਹ ਚੱਕਰ ਆਉਣਾ, ਸਿਰਦਰਦ, ਥਕਾਵਟ ਅਤੇ ਗੰਭੀਰ ਮਾਮਲਿਆਂ 'ਚ ਹੀਟ ??ਸਟ?ਰੋਕ ਦਾ ਕਾਰਨ ਬਣਦੀ ਹੈ। ਸੀ. ਕੇ. ਬਿਰਲਾ ਹਸਪਤਾਲ ਨਵੀਂ ਦਿੱਲੀ ਦੀ ਇੰਟਰਨਲ ਮੈਡੀਸਨ ਡਾਇਰੈਕਟਰ ਡਾ. ਮਨੀਸ਼ਾ ਅਰੋੜਾ ਕਹਿੰਦੀ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਸਾਨੂੰ ਦਿਨ 'ਚ 3 ਲੀਟਰ ਪਾਣੀ ਪੀਣ ਦੀ ਸਲਾਹ ਦਿੱਤੀ ਜਾਂਦੀ ਹੈ, ਜਦਕਿ ਅਸਲ 'ਚ ਹਰ ਵਿਅਕਤੀ ਦੇ ਸਰੀਰ 'ਚ ਪਾਣੀ ਦੀ ਲੋੜ ਅਲੱਗ ਹੁੰਦੀ ਹੈ। ਉਦਾਹਰਣ ਵਜੋਂ ਗਤੀਹੀਣ ਜੀਵਨ ਸ਼ੈਲੀ ਵਾਲੇ ਲੋਕਾਂ ਨੂੰ ਘੱਟ ਪਸੀਨਾ ਆਉਂਦਾ ਹੈ ਅਤੇ ਉਨ੍ਹਾਂ ਨੂੰ ਘੱਟ ਪਾਣੀ ਦੀ ਲੋੜ ਹੋ ਸਕਦੀ ਹੈ। ਇਸੇ ਤਰ੍ਹਾਂ ਉੱਚ ਤਾਪਮਾਨ 'ਚ ਬਾਹਰ ਕੰਮ ਕਰਨ ਵਾਲੇ ਇਕ ਮਜ਼ਦੂਰ ਨੂੰ ਏਅਰ-ਕੰਡੀਸ਼ਨਡ ਦਫ਼ਤਰ 'ਚ ਕੰਮ ਕਰਨ ਵਾਲੇ ਵਿਅਕਤੀ ਦੇ ਮੁਕਾਬਲੇ ਕਾਫ਼ੀ ਜ਼ਿਆਦਾ ਪਾਣੀ ਦੀ ਲੋੜ ਹੋਵੇਗੀ। ਹਾਲਾਂਕਿ ਡਾਕਟਰ ਸਰੀਰ ਦੇ ਮਹੱਤਵਪੂਰਨ ਕਾਰਜਾਂ ਨੂੰ ਸਹਾਰਾ ਦੇਣ ਲਈ ਹਮੇਸ਼ਾ ਲੋੜੀਂਦੀ ਮਾਤਰਾ 'ਚ ਪਾਣੀ ਪੀਣ ਦੀ ਸਲਾਹ ਦਿੰਦੇ ਹਨ। ਡਾ. ਮਨੀਸ਼ਾ ਅਰੋੜਾ ਦਾ ਕਹਿਣਾ ਹੈ ਕਿ ਜਦੋਂ ਅਸੀਂ ਪਾਣੀ ਘੱਟ ਪੀਂਦੇ ਹਾਂ ਤਾਂ ਐਂਟੀ-ਡਿਊਰੇਟਿਕ ਹਾਰਮੋਨ ਅਤੇ ਰੇਨਿਨ-ਐਂਜੀਓਟੈਨਸਿਨ-ਐਲਡੋਸਟੀਰੋਨ ਸਿਸਟਮ ਪਾਣੀ ਨੂੰ ਬਰਕਰਾਰ ਰੱਖਣ ਲਈ ਕੰਮ ਕਰਦੇ ਹਨ। ਇਹੀ ਕਾਰਨ ਹੈ ਕਿ ਜੋ ਲੋਕ ਘੱਟ ਪਾਣੀ ਪੀਂਦੇ ਹਨ, ਉਹ ਫਿਰ ਵੀ ਆਮ ਵਾਂਗ ਕੰਮ ਕਰ ਸਕਦੇ ਹਨ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਹਾਈਡ?ਰੇਸ਼ਨ ਦੇ ਸ੍ਰੋਤਾਂ ਲਈ ਪਾਣੀ ਸਭ ਤੋਂ ਵਧੀਆ ਸ੍ਰੋਤ ਹੈ ਪਰ ਚਾਹ, ਕੌਫ਼ੀ, ਨਾਰੀਅਲ ਪਾਣੀ, ਓ. ਆਰ. ਐੱਸ, ਨਿੰਬੂ ਪਾਣੀ, ਦੁੱਧ, ਸੂਪ ਅਤੇ ਪਾਣੀ ਨਾਲ ਭਰਪੂਰ ਫਲ ਵੀ ਸਾਡੀਆਂ ਹਾਈਡ?ਰੇਸ਼ਨ ਦੀਆਂ ਲੋੜਾਂ ਨੂੰ ਵੀ ਪੂਰਾ ਕਰਦੇ ਹਨ। ਚਾਹ ਅਤੇ ਕੌਫ਼ੀ ਹਾਈਡ?ਰੇਸ਼ਨ 'ਚ ਯੋਗਦਾਨ ਪਾਉਂਦੇ ਹਨ ਪਰ ਬਹੁਤ ਜ਼ਿਆਦਾ ਕੈਫੀਨ (300 ਮਿਲੀਗ੍ਰਾਮ/ਦਿਨ ਤੋਂ ਵੱਧ) ਨਾਲ ਪਿਸ਼ਾਬ ਦੀ ਮਾਤਰਾ 'ਚ ਹਲਕਾ ਵਾਧਾ ਹੋ ਸਕਦਾ ਹੈ। ਸਾਫਟ ਡਰਿੰਕਸ ਅਤੇ ਐਨਰਜੀ ਡਰਿੰਕਸ ਨੂੰ ਜ਼ਿਆਦਾ ਖੰਡ ਅਤੇ ਕੈਫੀਨ ਸਮੱਗਰੀ ਕਾਰਨ ਲਾਭਦਾਇਕ ਨਹੀਂ ਮੰਨਿਆ ਜਾਂਦਾ ਹੈ। ਸ਼ਰਾਬ ਵੀ ਹਾਈਡ?ਰੇਸ਼ਨ 'ਚ ਯੋਗਦਾਨ ਨਹੀਂ ਪਾਉਂਦੀ ਹੈ ਕਿਉਂਕਿ ਇਹ ਵੀ ਪਿਸ਼ਾਬ ਵਧਾਉਣ 'ਚ ਯੋਗਦਾਨ ਪਾਉਂਦੀ ਹੈ, ਜਿਸ ਨਾਲ ਤਰਲ ਪਦਾਰਥ ਦਾ ਨੁਕਸਾਨ ਵਧਦਾ ਜਾਂਦਾ ਹੈ। ਸਭ ਤੋਂ ਵਧੀਆ ਤਰੀਕਾ ਸਾਦਾ ਪਾਣੀ ਪੀਣਾ ਅਤੇ ਆਪਣੀ ਰੋਜ਼ਾਨਾ ਦੀ ਖ਼ੁਰਾਕ 'ਚ ਹਾਈਡ?ਰੇਟ ਖ਼ੁਰਾਕੀ ਪਦਾਰਥ ਅਤੇ ਘੱਟ ਖੰਡ ਵਾਲੇ ਤਰਲ ਪਦਾਰਥ ਸ਼ਾਮਲ ਕਰਨਾ ਹੈ।

## ਬੇਕਾਬੂ ਹੋ ਕੇ ਖੇਤਾਂ 'ਚ ਪਲਟੀ ਬੱਸ, ਵਾਲ-ਵਾਲ ਬਚੇ ਯਾਤਰੀ

ਕੁੱਲੂ 10 ਅਪ੍ਰੈਲ। ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਕੁੱਲੂ ਦੇ ਸਬ-ਡਿਵੀਜ਼ਨ ਬੰਜਾਰ ਦੀ ਤੀਰਥਨ ਘਾਟੀ 'ਚ ਸ਼ਨੀਵਾਰ ਸਵੇਰੇ ਯਾਤਰੀਆਂ ਨਾਲ ਭਰੀ ਇਕ ਨਿੱਜੀ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ। ਜਾਣਕਾਰੀ ਮੁਤਾਬਕ ਇਹ ਬੱਸ (ਐੱਚ.ਪੀ. 49ਏ-7074) ਬਠਾਹੜ ਤੋਂ ਕੁੱਲੂ ਵੱਲ ਆ ਰਹੀ ਸੀ, ਜਿਸ 'ਚ ਕਰੀਬ 50 ਯਾਤਰੀ ਸਵਾਰ ਸਨ। ਜਿਵੇਂ ਹੀ ਬੱਸ ਗੁਸ਼ੈਣੀ ਤੋਂ ਅੱਗੇ ਬਾੜੀਰੋਪਾ ਨਾਮਕ ਸਥਾਨ 'ਤੇ ਪਹੁੰਚੀ ਤਾਂ ਅਚਾਨਕ ਬੇਕਾਬੂ ਹੋ ਕੇ ਖੇਤਾਂ ਵੱਲ ਪਲਟ ਗਈ। ਹਾਦਸੇ ਦੌਰਾਨ ਬੱਸ 'ਚ ਸਵਾਰ ਸਵਾਰੀਆਂ 'ਚ ਹਫੜਾ-ਦਫੜੀ ਮਚ ਗਈ ਪਰ ਖ਼ੁਸ਼ਕਿਸਮਤੀ ਨਾਲ ਕੋਈ ਵੱਡਾ ਜਾਨੀ




ਨੁਕਸਾਨ ਨਹੀਂ ਹੋਇਆ। ਅੱਧੀ ਦਰਜਨ ਦੇ ਕਰੀਬ ਸਵਾਰੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ, ਜਿਨ੍ਹਾਂ ਵਿਚ ਔਰਤਾਂ ਅਤੇ ਕਾਲਜ ਵਿਦਿਆਰਥਣਾਂ ਵੀ ਸ਼ਾਮਲ ਹਨ। ਸਾਰੇ ਜ਼ਖਮੀਆਂ ਨੂੰ ਸਥਾਨਕ ਲੋਕਾਂ ਦੀ ਮਦਦ ਨਾਲ ਮੁੱਢਲੀ ਸਹਾਇਤਾ ਲਈ ਬੰਜਾਰ ਹਸਪਤਾਲ ਭੇਜਿਆ ਗਿਆ। ਚਸ਼ਮਦੀਦਾਂ ਮੁਤਾਬਕ ਜੇਕਰ ਬੱਸ ਪਲਟੀ ਖਾ ਜਾਂਦੀ ਤਾਂ ਵੱਡਾ ਹਾਦਸਾ ਵਾਪਰ ਸਕਦਾ ਸੀ ਅਤੇ ਕਈ ਲੋਕਾਂ ਦੀ ਜਾਨ ਜਾ ਸਕਦੀ ਸੀ। ਡਰਾਈਵਰ ਨੇ ਦੱਸਿਆ ਕਿ ਹਾਦਸੇ ਦਾ ਕਾਰਨ ਬੱਸ ਦੀ ਸਪਰਿੰਗ ਬੈਲਟ ਦਾ ਟੁੱਟਣਾ ਹੈ। ਸੂਚਨਾ ਮਿਲਦੇ ਹੀ ਥਾਣਾ ਬੰਜਾਰ ਪੁਲਸ ਮੌਕੇ 'ਤੇ ਪਹੁੰਚ ਗਈ ਅਤੇ ਜਾਂਚ ਸ਼ੁਰੂ ਕਰ ਦਿੱਤੀ। ਹਾਦਸੇ ਦੀ ਪੁਸ਼ਟੀ ਕਰਦਿਆਂ ACP ਸੰਜੀਵ ਚੌਹਾਨ ਨੇ ਦੱਸਿਆ ਕਿ ਪੁਲਸ ਟੀਮ ਸਾਰੇ ਤੱਥਾਂ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

## ਸ਼ੱਕ ਦੇ ਬੀਜ ਨੇ ਤਬਾਹ ਕਰ 'ਤਾ ਘਰ, ਪਤੀ ਨੇ ਇੰਜੀਨੀਅਰ ਪਤਨੀ ਨੂੰ ਦਿੱਤੀ ਇੰਨੀ ਦਰਦਨਾਕ ਮੌਤ

ਨੋਇਡਾ 10 ਅਪ੍ਰੈਲ। ਅੱਜ ਦੇ ਅਜੋਕੇ ਯੁੱਗ ਵਿਚ ਰਿਸ਼ਤਿਆਂ ਦਾ ਅਜਿਹਾ ਘਾਣ ਹੋ ਰਿਹਾ ਹੈ ਕਿ ਪਤੀ-ਪਤਨੀ ਦੇ ਪਵਿੱਤਰ ਰਿਸ਼ਤੇ ਮਿੰਟਾਂ 'ਚ ਹੀ ਤਬਾਹ ਹੋ ਰਹੇ ਹਨ। ਸੱਤ ਜਨਮਾਂ ਦੇ ਰਿਸ਼ਤਿਆਂ ਦਾ ਅਜਿਹਾ ਰੂਪ ਡਰਾ ਦੇਣ ਵਾਲਾ ਹੈ। ਕਿਤੇ ਪਤਨੀ ਵਲੋਂ ਪਤੀ ਦਾ ਕਤਲ ਕਰ ਕੇ ਉਸ ਨੂੰ ਸੀਮੈਂਟ 'ਚ ਲੁਕਾਇਆ ਜਾ ਰਿਹਾ ਹੈ ਤਾਂ ਕਿਤੇ ਹਥੌੜੇ ਨਾਲ ਪਤਨੀ ਦਾ ਕਤਲ ਕੀਤਾ ਜਾ ਰਿਹਾ ਹੈ। ਤਾਜ਼ਾ ਮਾਮਲਾ ਨੋਇਡਾ ਤੋਂ ਸਾਹਮਣੇ ਆਇਆ ਹੈ, ਜਿਸ ਨੂੰ ਪੜ੍ਹ ਕੇ ਹਰ ਕਿਸੇ ਦਾ ਦਿਲ ਦਹਿਲ ਜਾਵੇਗਾ। ਇੱਥੇ ਨਾਜਾਇਜ਼ ਸਬੰਧਾਂ ਦੇ ਸ਼ੱਕ ਵਿਚ ਇਕ ਸ਼ਖ਼ਸ ਨੇ ਆਪਣੀ ਪਤਨੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਪਤੀ ਨੇ ਪਤਨੀ ਦੇ ਸਿਰ 'ਤੇ ਹਥੌੜੇ ਨਾਲ ਵਾਰ ਕਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਸ਼ੱਕ ਦੇ ਬੀਜ ਨੇ ਉਨ੍ਹਾਂ ਦੇ ਰਿਸ਼ਤੇ ਨੂੰ ਤਬਾਹ ਕਰ ਦਿੱਤਾ। ਮ੍ਰਿਤਕ ਮਹਿਲਾ ਦਾ ਨਾਂ ਆਸਮਾ ਖਾਨ ਹੈ, ਜੋ ਕਿ ਦਿੱਲੀ ਦੀ ਰਹਿਣ ਵਾਲੀ ਸੀ ਅਤੇ ਪੇਸ਼ੇ ਤੋਂ ਇੰਜੀਨੀਅਰ ਸੀ। ਆਸਮਾ ਇਕ ਨਿੱਜੀ ਕੰਪਨੀ ਵਿਚ ਸਾਫਟਵੇਅਰ ਇੰਜੀਨੀਅਰ ਵਜੋਂ ਕੰਮ ਕਰ ਰਹੀ ਸੀ। ਸਾਲ 2005 ਵਿਚ ਬਿਹਾਰ ਦੇ ਰਹਿਣ ਵਾਲੇ ਹੈਦਰ ਨਾਲ ਉਸ ਦਾ ਵਿਆਹ ਹੋਇਆ ਸੀ। ਪਤੀ ਵੀ ਪੇਸ਼ੇ ਤੋਂ ਇੰਜੀਨੀਅਰ ਹੈ। ਹੈਰਾਨ



ਕਰਨ ਵਾਲੀ ਗੱਲ ਇਹ ਹੈ ਕਿ ਦੋਹਾਂ ਦੇ ਵਿਆਹ ਨੂੰ 20 ਸਾਲ ਹੋ ਚੁੱਕੇ ਸਨ। ਦੋਵਾਂ ਦੇ ਦੋ ਬੱਚੇ ਹਨ। ਪੁੱਤਰ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਿਹਾ ਹੈ ਅਤੇ ਧੀ 8ਵੀਂ ਜਮਾਤ ਵਿਚ ਪੜ੍ਹਦੀ ਹੈ। ਦਰਅਸਲ 'ਚ ਹੈਦਰ ਨੂੰ ਪਤਨੀ ਆਸਮਾ ਦੇ ਚਰਿੱਤਰ 'ਤੇ ਸ਼ੱਕ ਸੀ। ਉਸ ਨੂੰ ਲੱਗਦਾ ਸੀ ਕਿ ਉਸ ਦੀ ਪਤਨੀ ਦਾ ਕਿਸੇ ਹੋਰ ਨਾਲ ਨਾਜਾਇਜ਼ ਸਬੰਧ ਹੈ। ਇਸੇ ਸ਼ੱਕ ਦੇ ਚੱਲਦੇ ਉਸ ਨੇ ਆਸਮਾ ਦੇ ਸਿਰ 'ਤੇ ਹਥੌੜੇ ਨਾਲ ਵਾਰ ਕਰ ਕੇ ਕਤਲ ਕਰ ਦਿੱਤਾ। ਪੁਲਸ ਨੂੰ ਇਸ ਵਾਰਦਾਤ ਦੀ ਸੂਚਨਾ ਮ੍ਰਿਤਕਾ ਦੇ ਪੁੱਤਰ ਨੇ ਦਿੱਤੀ। ਸੂਚਨਾ ਮਿਲਦੇ ਹੀ ਪੁਲਸ ਟੀਮ ਅਤੇ ਫੋਰੈਂਸਿਕ ਮਾਹਰ ਮੌਕੇ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕੀਤੀ। ਮ੍ਰਿਤਕਾ ਦੀ ਪਛਾਣ 42 ਸਾਲਾ ਆਸਮਾ ਖਾਨ ਵਜੋਂ ਹੋਈ ਹੈ, ਜਦਕਿ ਮੁਲਜ਼ਮ ਦਾ ਨਾਂ ਨੂਰੂਉਲਾਹ ਹੈਦਰ ਹੈ। ਉਸ ਦੀ ਉਮਰ 55 ਸਾਲ ਹੈ। ਪੁਲਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਅਤੇ ਮੁਲਜ਼ਮ ਨੂੰ ਹਿਰਾਸਤ ਵਿਚ ਲੈ ਲਿਆ ਹੈ।

## ਬੰਦ ਘਰ 'ਚੋਂ ਆ ਰਹੀ ਸੀ ਬਦਬੂ, ਦਰਵਾਜ਼ਾ ਤੋੜ ਕੇ ਅੰਦਰ ਵੜੀ ਪੁਲਸ ਤਾਂ

ਬਦਾਯੂੰ 10 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਬਦਾਯੂੰ ਜ਼ਿਲ੍ਹੇ ਤੋਂ ਇਕ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇਕ 43$ ਡਰਾਈਵਰ ਦੀ ਲਾਸ਼ ਘਰ ਦੇ ਅੰਦਰ ਮੰਜੀ 'ਤੇ ਪਈ ਮਿਲੀ। ਲਾਸ਼ ਚਾਰ ਤੋਂ ਪੰਜ ਦਿਨ ਪੁਰਾਣੀ ਦੱਸੀ ਜਾ ਰਹੀ ਹੈ। ਸ਼ਨੀਵਾਰ ਸਵੇਰੇ ਜਦੋਂ ਘਰ 'ਚੋਂ ਬਦਬੂ ਆਉਣ ਲੱਗੀ ਤਾਂ ਆਂਢ-ਗੁਆਂਢ ਦੇ ਲੋਕਾਂ ਨੇ ਪੁਲਸ ਨੂੰ ਸੂਚਨਾ ਦਿੱਤੀ। ਜਿਸ ਤੋਂ ਬਾਅਦ ਪੁਲਸ ਤੁਰੰਤ ਮੌਕੇ 'ਤੇ ਪਹੁੰਚੀ। ਪੁਲਸ ਘਰ ਦਾ ਦਰਵਾਜ਼ਾ ਤੋੜ ਕੇ ਅੰਦਰ ਗਈ ਤਾਂ ਮੰਜ਼ਰ ਵੇਖ ਕੇ ਹੈਰਾਨ ਰਹਿ ਗਈ। ਸੁਨੀਲ ਦੀ ਲਾਸ਼ ਮੰਜੇ 'ਤੇ ਪਈ ਸੀ। ਪੁਲਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਘਟਨਾ ਦੀ ਸੂਚਨਾ ਸੁਨੀਲ ਦੇ ਭਰਾ ਅਤੇ ਭਰਜਾਈ ਨੂੰ ਦੇ ਦਿੱਤੀ ਗਈ ਹੈ। ਇੰਸਪੈਕਟਰ ਪ੍ਰਵੀਨ ਕੁਮਾਰ ਦਾ ਕਹਿਣਾ ਹੈ ਕਿ ਲਾਸ਼ ਚਾਰ ਤੋਂ ਪੰਜ ਦਿਨ ਪੁਰਾਣੀ ਜਾਪਦੀ ਹੈ। ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ



ਹੀ ਮੌਤ ਦਾ ਕਾਰਨ ਸਪੱਸ਼ਟ ਹੋਵੇਗਾ। ਸਾਰਾ ਮਾਮਲਾ ਥਾਣਾ ਸਦਰ ਕੋਤਵਾਲੀ ਇਲਾਕੇ ਦੇ ਮੁਹੱਲਾ ਜਲੰਧਰੀ ਸਰਾਏ ਦਾ ਹੈ। ਇੱਥੋਂ ਦਾ ਰਹਿਣ ਵਾਲਾ 45 ਸਾਲਾ ਸੁਨੀਲ 43$ ਦਾ ਡਰਾਈਵਰ ਸੀ। ਜਿਸ ਦਾ ਅਜੇ ਵਿਆਹ ਵੀ ਨਹੀਂ ਹੋਇਆ ਸੀ। ਸੁਨੀਲ ਇੱਥੇ ਆਪਣੇ ਭਰਾ ਧਰਮਿੰਦਰ, ਭਰਜਾਈ ਆਸ਼ਾ ਅਤੇ ਛੋਟੇ ਭਰਾ ਰਾਜਾ ਨਾਲ ਰਹਿੰਦਾ ਸੀ। ਦੀਵਾਲੀ ਵਾਲੇ ਦਿਨ ਭਰਾ ਧਰਮਿੰਦਰ ਦੀ ਮੌਤ ਹੋ ਗਈ ਸੀ। ਜਿਸ ਤੋਂ ਬਾਅਦ ਸ਼ਰਾਬ ਦੇ ਨਸ਼ੇ 'ਚ ਸੁਨੀਲ ਅਕਸਰ ਆਪਣੀ ਭਰਜਾਈ, ਉਸ ਦੇ ਬੱਚਿਆਂ ਅਤੇ ਛੋਟੇ ਭਰਾ ਰਾਜਾ ਦੀ ਕੁੱਟਮਾਰ ਕਰਦਾ ਸੀ। ਜਿਸ ਕਾਰਨ ਭਰਜਾਈ ਆਸ਼ਾ ਆਪਣੇ ਬੱਚਿਆਂ ਅਤੇ ਦਿਓਰ ਰਾਜਾ ਨਾਲ ਆਪਣੇ ਨਾਨਕੇ ਘਰ ਚਲੀ ਗਈ ਸੀ ਅਤੇ ਕਰੀਬ ਇਕ ਮਹੀਨੇ ਤੋਂ ਉੱਥੇ ਰਹਿ ਰਹੀ ਹੈ। ਘਰ 'ਚ ਹੁਣ ਸਿਰਫ਼ ਸੁਨੀਲ ਹੀ ਰਹਿ ਰਿਹਾ ਸੀ। ਮੁਹੱਲੇ ਵਾਲਿਆਂ ਦਾ ਕਹਿਣਾ ਹੈ ਕਿ ਕਰੀਬ 5 ਦਿਨ ਪਹਿਲਾਂ ਹੀ ਸੁਨੀਲ ਵਿਖਾਈ ਦਿੱਤਾ ਸੀ। ਉਹ ਘਰ ਕਦੋਂ ਆਉਂਦਾ ਸੀ ਅਤੇ ਕਦੋਂ ਜਾਂਦਾ ਸੀ, ਇਸ ਬਾਰੇ ਕਿਸੇ ਨੂੰ ਭਿਣਕ ਵੀ ਨਹੀਂ ਲੱਗਦੀ ਸੀ। ਇਸ ਲਈ ਕੋਈ ਉਸ ਦੀ ਚਿੰਤਾ ਵੀ ਨਹੀਂ ਕਰਦਾ ਸੀ।

## ਨਕਲੀ ਡਾਕਟਰ ਬਣ ਕੀਤੀ ਦਿਲ ਦੀ ਸਰਜਰੀ

ਦਮੋਹ 10 ਅਪ੍ਰੈਲ। ਮੱਧ ਪ੍ਰਦੇਸ਼ ਦੇ ਦਮੋਹ ਵਿਚ ਇਕ ਮਿਸ਼ਨਰੀ ਹਸਪਤਾਲ ਵਿਚ ਮਰੀਜ਼ਾਂ ਦੀ ਹਾਰਟ ਸਰਜਰੀ ਕਰਨ ਵਾਲੇ ਫਰਜ਼ੀ ਡਾਕਟਰ ਦੇ ਦੋਸ਼ਾਂ ਦੀ ਜਾਂਚ ਕਰ ਰਹੇ ਹਨ, ਜਿਸ ਨੇ 7 ਲੋਕਾਂ ਦੀ ਜਾਨ ਲੈ ਲਈ। ਹਸਪਤਾਲ ਵਿੱਚ ਇੱਕ ਮਹੀਨੇ ਦੇ ਅੰਦਰ 7 ਮੌਤਾਂ ਦੀਆਂ ਰਿਪੋਰਟਾਂ ਨੇ ਇਲਾਕੇ ਵਿਚ ਚਿੰਤਾ ਪੈਦਾ ਕਰ ਦਿੱਤੀ ਹੈ। ਦੋਸ਼ ਹੈ ਕਿ ਐੱਨ. ਜਾਨ ਕੇਮ ਨਾਮੀ ਇਕ ਸ਼ਖਸ ਨੇ ਈਸਾਈ ਮਿਸ਼ਨਰੀ ਹਸਪਤਾਲ ਵਿਚ ਨੌਕਰੀ ਕੀਤੀ ਅਤੇ ਖੁਦ ਨੂੰ ਦਿਲ ਦੇ ਰੋਗਾਂ ਦਾ ਮਾਹਰ ਹੋਣ ਦਾ ਦਾਅਵਾ ਕੀਤਾ। ਇਸ ਤੋਂ ਬਾਅਦ ਉਸ ਨੇ ਮਰੀਜ਼ਾਂ ਦੀ ਹਾਰਟ ਸਰਜਰੀ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਜਿਨ੍ਹਾਂ ਮਰੀਜ਼ਾਂ ਦੀ ਸਰਜਰੀ ਹੋਈ, ਉਨ੍ਹਾਂ ਦੀ ਬਾਅਦ ਵਿਚ ਮੌਤ



ਹੋ ਗਈ। ਜਾਂਚ ਵਿਚ ਦੋਸ਼ੀ ਦਾ ਅਸਲੀ ਨਾਂ ਨਰਿੰਦਰ ਵਿਕ੍ਰਮਾਦਿਤਿਆ ਯਾਦਵ ਨਿਕਲਿਆ। ਵਕੀਲ ਅਤੇ ਬਾਲ ਕਲਿਆਣ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਦੀਪਕ ਤਿਵਾੜੀ ਨੇ ਦਾਅਵਾ ਕੀਤਾ ਕਿ ਅਧਿਕਾਰਤ ਤੌਰ 'ਤੇ ਮਰਨ ਵਾਲਿਆਂ ਦੀ ਗਿਣਤੀ 7 ਦੱਸੀ ਗਈ ਹੈ ਪਰ ਅਸਲ ਗਿਣਤੀ ਇਸ ਤੋਂ ਕਿਤੇ ਵੱਧ ਹੈ। ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਪ੍ਰਿਯਾਂਕ ਕਾਨੂੰਨਗੋ ਨੇ ਕਿਹਾ ਕਿ ਮਿਸ਼ਨਰੀ ਹਸਪਤਾਲ ਨੂੰ ਆਯੁਸ਼ਮਾਨ ਭਾਰਤ ਯੋਜਨਾ ਦੇ ਤਹਿਤ ਸਰਕਾਰ ਤੋਂ ਪੈਸੇ ਵੀ ਮਿਲ ਰਹੇ ਸਨ। ਸਾਨੂੰ ਸ਼ਿਕਾਇਤ ਮਿਲੀ ਸੀ ਕਿ ਇਕ ਨਕਲੀ ਡਾਕਟਰ ਨੇ ਮਿਸ਼ਨਰੀ ਹਸਪਤਾਲ ਵਿਚ ਮਰੀਜ਼ਾਂ ਦੀ ਸਰਜਰੀ ਕੀਤੀ ਹੈ। ਸਾਨੂੰ ਇਹ ਵੀ ਦੱਸਿਆ ਗਿਆ ਸੀ ਕਿ ਮਿਸ਼ਨਰੀ ਹਸਪਤਾਲ ਵੀ ਆਯੁਸ਼ਮਾਨ ਭਾਰਤ ਯੋਜਨਾ ਵਿਚ ਸ਼ਾਮਲ ਹੈ ਅਤੇ ਇਸ ਲਈ ਸਰਕਾਰ ਤੋਂ ਪੈਸੇ ਲੈ ਰਿਹਾ ਹੈ।

## ਪੰਜਾਬ ਦੇ ਇਸ ਪਿੰਡ ਵਿਚ ਹੈਰਾਨ ਕਰਨ ਵਾਲੀ ਘਟਨਾ, ਲਗਾਤਾਰ ਮਿਲ ਰਹੀਆਂ ਮੁੰਡਿਆਂ ਦੀਆਂ ਲਾਸ਼ਾਂ

ਦੀਨਾਨਗਰ 10 ਅਪ੍ਰੈਲ। ਦੀਨਾਨਗਰ ਅੰਦਰ ਅੱਜ ਫਿਰ ਦੂਜੇ ਦਿਨ ਇਕ ਹੋਰ ਨੌਜਵਾਨ ਦੀ ਪਿੰਡ ਅਵਾਂਖਾ ਨੇੜਿਓਂ ਲਾਸ਼ ਮਿਲਣ ਕਾਰਨ ਸਨਸਨੀ ਫੈਲ ਗਈ। ਲਗਾਤਾਰ ਲਾਸ਼ਾਂ ਮਿਲਣ ਕਾਰਨ ਲੋਕਾਂ ਵਿਚ ਕਈ ਤਰ੍ਹਾਂ ਦੇ ਸਵਾਲ ਪੈਦਾ ਹੋ ਰਹੇ ਹਨ, ਉਥੇ ਹੀ ਲੋਕਾਂ ਵੱਲੋਂ ਇਹ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਜਿਸ ਕਾਰਨ ਪੂਰੇ ਇਲਾਕੇ ਅੰਦਰ ਦਹਿਸ਼ਤ ਹੈ। ਜਾਣਕਾਰੀ ਅਨੁਸਾਰ ਅਚਾਨਕ ਜਦੋਂ ਸਵੇਰੇ ਲੋਕਾਂ ਵੱਲੋਂ ਇਕ ਨੌਜਵਾਨ ਦੀ ਲਾਸ਼ ਵੇਖੀ ਗਈ ਤਾਂ ਤੁਰੰਤ ਦੀਨਾਨਗਰ ਪੁਲਸ ਨੂੰ ਸੂਚਿਤ ਕੀਤਾ ਗਿਆ। ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਗਿਆ ਹੈ। ਉਧਰ ਇਸ ਸਬੰਧੀ ਥਾਣਾ ਦੀਨਾਨਗਰ ਦੇ ਮੁਖੀ ਅੰਮ੍ਰਿਤਪਾਲ ਸਿੰਘ ਨਾਲ ਜਦੋਂ ਇਸ ਸੰਬੰਧੀ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੌਜਵਾਨ ਦੀ ਮੌਤ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਸਾਨੂੰ ਸੂਚਨਾ ਮਿਲੀ ਕਿ ਇਕ ਨੌਜਵਾਨ ਦੀ ਪਿੰਡ ਆਵਾਂਖਾ ਵਿਖੇ ਨਾਲੇ ਵਿਚ ਲਾਸ਼ ਪਈ ਹੋਈ ਹੈ ਜਦੋਂ ਪੁਲਸ ਪਾਰਟੀ ਵੱਲੋਂ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿਚ ਲੈ ਲਿਆ ਗਿਆ। ਅਜੇ ਤੱਕ ਇਸ ਨੌਜਵਾਨ ਦੀ ਪਛਾਣ ਨਹੀਂ ਹੋ ਸਕੀ ਹੈ। ਪੁਲਸ ਨੇ ਲਾਸ਼ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਗੁਰਦਾਸਪੁਰ ਸਿਵਲ ਹਸਪਤਾਲ ਭੇਜ ਦਿੱਤਾ ਹੈ। ਥਾਣਾ ਮੁਖੀ ਨੇ ਦੱਸਿਆ ਕਿ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਮੌਤ ਦੇ ਕਾਰਨਾਂ ਬਾਰੇ ਪਤਾ ਲੱਗ ਸਕਦਾ ਹੈ। ਉਧਰ ਇਲਾਕਾ ਵਾਸੀਆਂ ਵੱਲੋਂ ਇਹ ਨੌਜਵਾਨ ਪ੍ਰਵਾਸੀ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ ਪਰ ਨਿੱਤ ਦਿਨ ਨੌਜਵਾਨਾਂ ਦੀਆਂ ਲਾਸ਼ਾਂ ਮਿਲਣ ਕਾਰਨ ਇਲਾਕੇ ਅੰਦਰ ਲੋਕਾਂ ਵੱਲੋਂ ਕਈ ਤਰ੍ਹਾਂ ਦੀਆਂ ਚਰਚਾਵਾਂ ਕੀਤੀਆਂ ਜਾ ਰਹੀਆਂ ਹਨ ਜੋ ਕਿ ਇੱਕ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

## ਪੁਲ ਤੋਂ ਝੁੱਗੀ 'ਤੇ ਜਾ ਡਿੱਗੀ ਤੇਜ਼ ਰਫ਼ਤਾਰ ਕਾਰ, ਸੁੱਤੇ ਪਏ ਪਰਿਵਾਰ 'ਚ ਪੈ ਗਿਆ ਚੀਕ-ਚਿਹਾੜਾ

ਗਾਜ਼ੀਆਬਾਦ 10 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ 'ਚ ਰੇਲਵੇ ਪੁਲ ਦੀ ਰੇਲਿੰਗ ਤੋੜ ਕੇ ਇਕ ਕਾਰ ਝੁੱਗੀ 'ਤੇ ਜਾ ਡਿੱਗੀ, ਜਿਸ ਕਾਰਨ ਇਕ ਗਰਭਵਤੀ ਔਰਤ ਅਤੇ ਉਸ ਦਾ ਪਰਿਵਾਰ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ। ਪੁਲਸ ਨੇ ਦੱਸਿਆ ਕਿ ਇਹ ਘਟਨਾ ਬੁੱਧਵਾਰ ਦੇਰ ਰਾਤ ਕਰੀਬ ਸਾਢੇ 11 ਵਜੇ ਵਾਪਰੀ, ਜਦੋਂ ਨਿਊ ਗਾਜ਼ੀਆਬਾਦ ਰੇਲਵੇ ਸਟੇਸ਼ਨ ਕੋਲ ਇਕ ਕਾਰ ਰੇਲਵੇ ਓਵਰਬ੍ਰਿਜ ਦੀ ਰੇਲਿੰਗ ਤੋੜ ਕੇ 50 ਫੁੱਟ ਹੇਠਾਂ ਇਕ ਝੁੱਗੀ 'ਤੇ ਜਾ ਡਿੱਗੀ। ਪੁਲਸ ਨੇ ਦੱਸਿਆ ਕਿ ਜਿਸ ਸਮੇਂ ਇਹ ਘਟਨਾ ਵਾਪਰੀ, ਅਯੁੱਧਿਆ ਜ਼ਿਲ੍ਹੇ ਦੀ ਵਾਸੀ ਮਧੂ (33) ਆਪਣੇ ਪਤੀ ਸੰਦੀਪ (36) ਅਤੇ ਆਪਣੇ ਦੋ ਬੱਚਿਆਂ ਸ਼ਿਵਮ (8) ਅਤੇ ਕਾਰਤਿਕ (3) ਨਾਲ ਸੁੱਤੀ ਹੋਈ ਸੀ। ਪੁਲਸ ਨੇ ਦੱਸਿਆ ਕਿ ਚਾਰੋਂ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ। ਸੂਚਨਾ ਮਿਲਣ 'ਤੇ ਕਵੀ ਨਗਰ ਥਾਣਾ ਪੁਲਸ ਮੌਕੇ 'ਤੇ ਪਹੁੰਚੀ ਅਤੇ 9 ਮਹੀਨੇ ਦੀ ਗਰਭਵਤੀ ਮਧੂ, ਉਸ ਦੇ ਪਤੀ ਅਤੇ ਬੱਚਿਆਂ ਨੂੰ ਜ਼ਿਲ੍ਹਾ ਹਸਪਤਾਲ 'ਚ ਦਾਖ਼ਲ ਕਰਵਾਇਆ। ਡਿਪਟੀ ਕਮਿਸ਼ਨਰ ਆਫ਼ ਪੁਲਸ ਰਾਜੇਸ਼ ਕੁਮਾਰ ਨੇ



ਦੱਸਿਆ ਕਿ ਮਧੂ ਨੂੰ ਬਾਅਦ 'ਚ ਦਿੱਲੀ ਦੇ ਸਫ਼ਦਰਜੰਗ ਹਸਪਤਾਲ 'ਚ ਰੈਫਰ ਕਰ ਦਿੱਤਾ ਗਿਆ। ਮਧੂ ਦੇ ਜੀਜਾ ਟੀਟੂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹਾਦਸੇ 'ਚ ਮਧੂ ਦੀਆਂ ਲੱਤਾਂ, ਪੇਟ, ਕਮਰ ਅਤੇ ਸਿਰ 'ਤੇ ਸੱਟਾਂ ਲੱਗੀਆਂ ਹਨ ਅਤੇ ਹਾਦਸੇ ਤੋਂ ਬਾਅਦ ਤੋਂ ਉਸ ਨੂੰ ਹੋਸ਼ ਨਹੀਂ ਆਇਆ ਹੈ। ਡਾਕਟਰਾਂ ਨੇ ਐਮਰਜੈਂਸੀ ਆਪਰੇਸ਼ਨ ਕੀਤਾ ਅਤੇ ਮਧੂ ਨੇ ਇਕ ਸਿਹਤਮੰਦ ਬੱਚੀ ਨੂੰ ਜਨਮ ਦਿੱਤਾ। ਹਾਲਾਂਕਿ ਮਧੂ ਦੀਦੇਰ ਰਾਤ ਕਰੀਬ ਸਾਢੇ 11 ਵਜੇ ਵਾਪਰੀ, ਜਦੋਂ ਨਿਊ ਗਾਜ਼ੀਆਬਾਦ ਰੇਲਵੇ ਸਟੇਸ਼ਨ ਕੋਲ ਇਕ ਕਾਰ ਰੇਲਵੇ ਓਵਰਬ੍ਰਿਜ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਪੁਲਸ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਸਥਾਨਕ ਲੋਕਾਂ ਨੇ ਮੌਕੇ 'ਤੇ ਪਹੁੰਚ ਕੇ ਨੁਕਸਾਨੀ ਕਾਰ 'ਚ ਫਸੇ ਚਾਰ ਨੌਜਵਾਨਾਂ ਨੂੰ ਬਾਹਰ ਕੱਢਿਆ। ਚਸ਼ਮਦੀਦਾਂ ਮੁਤਾਬਕ ਜਿਵੇਂ ਹੀ ਉਨ੍ਹਾਂ ਨੂੰ ਬਾਹਰ ਕੱਢਿਆ ਗਿਆ, ਉਹ ਸਾਰੇ ਭੱਜ ਗਏ। ਘਟਨਾ ਤੋਂ ਬਾਅਦ ਟੀਟੂ ਨੇ ਕਵੀ ਨਗਰ ਥਾਣੇ 'ਚ ਚਾਰ ਨੌਜਵਾਨਾਂ ਖ਼ਿਲਾਫ ਸ਼ਿਕਾਇਤ ਦਰਜ ਕਰਵਾਈ ਹੈ, ਜਿਸ 'ਚ ਦੋਸ਼ ਲਗਾਇਆ ਗਿਆ ਹੈ ਕਿ ਕਾਰ 'ਚ ਸਵਾਰ ਚਾਰੇ ਨੌਜਵਾਨ ਸ਼ਰਾਬ ਦੇ ਨਸ਼ੇ 'ਚ ਸਨ ਅਤੇ ਲਾਪਰਵਾਹੀ ਨਾਲ ਗੱਡੀ ਚਲਾ ਰਹੇ ਸਨ। ਪੁਲਸ ਨੇ ਕਾਰ ਨੂੰ ਕਬਜ਼ੇ ਵਿਚ ਲੈ ਲਿਆ ਹੈ। ਕਾਰ ਗਾਜ਼ੀਆਬਾਦ ਦੇ ਵਿਜੇ ਨਗਰ ਥਾਣਾ ਖੇਤਰ ਦੇ ਹਰਮੁਖਪੁਰੀ ਨਿਵਾਸੀ ਜੁਵੇਦ ਖਾਨ ਦੇ ਨਾਮ 'ਤੇ ਰਜਿਸਟਰਡ ਹੈ।

## ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ ਸਨੈਚਿੰਗ ਕਰਨ 'ਚ ਸ਼ਾਮਲ ਤਿੰਨ ਦੋਸ਼ੀ ਗ੍ਰਿਫ਼ਤਾਰ

ਜਲੰਧਰ 10 ਅਪ੍ਰੈਲ। ਸਨੈਚਰਾਂ ਖਿਲਾਫ਼ ਕਾਰਵਾਈ ਕਰਦੇ, ਕਮਿਸ਼ਨਰੇਟ ਪੁਲਿਸ ਜਲੰਧਰ ਨੇ ਸਨੈਚਿੰਗ ਵਿੱਚ ਸ਼ਾਮਲ ਤਿੰਨ ਵਿਅਕਤੀਆਂ ਦੇ ਸਮੂਹ ਨੂੰ ਸਫਲਤਾਪੂਰਵਕ ਕਾਬੂ ਕੀਤਾ। ਵੇਰਵਾ ਸਾਂਝਾ ਕਰਦੇ ਹੋਏ, ਪੁਲਸ ਕਮਿਸ਼ਨਰ, ਜਲੰਧਰ ਨੇ ਦੱਸਿਆ ਕਿ ਥਾਣਾ ਬਸਤੀ ਬਾਵਾ ਖੇਲ ਦੀ ਇੱਕ ਪੁਲਸ ਟੀਮ ਸ਼ਹੀਦ ਬਾਬੂ ਲਾਭ ਸਿੰਘ ਨਗਰ ਦੇ ਖੇਤਰ ਵਿੱਚ ਨਿਯਮਤ ਗਸ਼ਤ 'ਤੇ ਸੀ ਕਿ ਇਸ ਦੌਰਾਨ ਉਨ੍ਹਾਂ ਨੂੰ ਤਿੰਨ ਵਿਅਕਤੀਆਂ - ਪ੍ਰੀਤਪਾਲ ਸਿੰਘ ਪੁੱਤਰ ਅਮਰ ਸਿੰਘ, ਕਿਰਪਾਲ ਸਿੰਘ ਪੁੱਤਰ ਪ੍ਰਭਾਪ ਸਿੰਘ ਅਤੇ ਰਵੀ ਪੁੱਤਰ ਕੁਲਦੀਪ ਸਿੰਘ ਸਾਰੇ ਵਾਸੀ ਮਿੱਠੂ ਬਸਤੀ, ਜਲੰਧਰ ਦੇ ਇੱਕ ਸਮੂਹ ਬਾਰੇ ਭਰੋਸੇਯੋਗ ਸੂਚਨਾ ਮਿਲੀ ਜੋ ਆਦਤਨ ਸਨੈਚਿੰਗ ਕਰਦੇ ਹਨ। ਇਹ ਸਮੂਹ ਫੁੱਲਾਂਵਾਲਾ ਬਾਗ, ਨਾਹਾਲਾ ਰੋਡ, ਜਲੰਧਰ ਨੇੜੇ ਇੱਕ



ਖੋਹਿਆ ਹੋਇਆ ਮੋਬਾਈਲ ਫੋਨ ਵੇਚਣ ਜਾ ਰਿਹਾ ਸੀ। ਉਨ੍ਹਾਂ ਨੇ ਕਿਹਾ ਕਿ ਇਸ 'ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਪੁਲਸ ਟੀਮ ਨੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਇੱਕ ਮੋਬਾਈਲ ਫੋਨ (ਬ੍ਰਾਂਡ ਓਪੋ ACX EG ਰੰਗ ਪਰਪਲ) ਬਰਾਮਦ ਕੀਤਾ। ਪੁੱਛਗਿੱਛ ਕਰਨ 'ਤੇ ਇਹ ਖੁਲਾਸਾ ਹੋਇਆ ਕਿ ਵਿਅਕਤੀਆਂ ਨੇ ਲੈਦਰ ਕੰਪਲੈਕਸ ਰੋਡ ਤੋਂ ਇਹ ਮੋਬਾਈਲ ਫੋਨ ਖੋਹਿਆ ਸੀ। ਨਤੀਜੇ ਵਜੋਂ, ਐਫਆਈਆਰ ਨੰਬਰ 74 ਮਿਤੀ 03.04.2025 ਨੂੰ ਅਧੀਨ ਧਾਰਾ 304(2), 111 ਬੀਐਨਐਸ ਥਾਣਾ ਬਸਤੀ ਬਾਵਾ ਖੇਲ, ਜਲੰਧਰ ਵਿਖੇ ਦਰਜ ਕੀਤੀ ਗਈ ਹੈ। ਉਨ੍ਹਾਂ ਨੇ ਅੱਗੇ ਦੱਸਿਆ ਕਿ ਦੋਸ਼ੀਆਂ 'ਤੇ ਪਹਿਲਾਂ ਹੀ ਐਨਡੀਪੀਐਸ ਐਕਟ ਅਤੇ ਸਨੈਚਿੰਗ ਨਾਲ ਸਬੰਧਤ ਧਾਰਾਵਾਂ ਤਹਿਤ ਐਫਆਈਆਰ ਦਰਜ ਕੀਤੀਆਂ ਹਨ। ਕਮਿਸ਼ਨਰੇਟ ਪੁਲਸ ਜਲੰਧਰ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸ਼ਹਿਰ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਪੂਰੀ ਮਿਹਨਤ ਨਾਲ ਕੰਮ ਕਰ ਰਹੀ ਹੈ। ਸੀਪੀ ਜਲੰਧਰ ਨੇ ਜ਼ੋਰ ਦੇ ਕੇ ਕਿਹਾ ਕਿ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

## ਇਸ ਸੂਬੇ 'ਚ ਅੱਤ ਦੀ ਗਰਮੀ ਅਤੇ ਹੀਟ ਵੇਵ ਦੀ ਚਿਤਾਵਨੀ ਜਾਰੀ

ਜੈਪੁਰ 10 ਅਪ੍ਰੈਲ। ਮੌਸਮ ਵਿਭਾਗ ਨੇ ਸੂਬੇ ਦੇ ਕਈ ਹਿੱਸਿਆਂ 'ਚ ਤੇਜ਼ ਗਰਮੀ ਅਤੇ ਹੀਟ ਵੇਵ ਦੀ ਚਿਤਾਵਨੀ ਦਿੱਤੀ ਹੈ। ਇਸ ਸਮੇਂ ਸੂਬੇ 'ਚ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ ਇਕ ਤੋਂ ਚਾਰ ਡਿਗਰੀ ਸੈਲਸੀਅਸ ਵੱਧ ਰਿਹਾ ਹੈ। ਮੌਸਮ ਵਿਭਾਗ ਨੇ ਇਹ ਜਾਣਕਾਰੀ ਦਿੱਤੀ ਹੈ। ਮੌਸਮ ਵਿਗਿਆਨ ਕੇਂਦਰ ਜੈਪੁਰ ਦੇ ਅਨੁਸਾਰ ਅਗਲੇ 2-3 ਦਿਨਾਂ ਵਿਚ ਸੂਬੇ 'ਚ ਵੱਧ ਤੋਂ ਵੱਧ ਤਾਪਮਾਨ 3 ਤੋਂ 4 ਡਿਗਰੀ ਤੱਕ ਵਧਣ ਦੀ ਸੰਭਾਵਨਾ ਹੈ। 6-10 ਅਪ੍ਰੈਲ ਨੂੰ ਦੱਖਣ-ਪੱਛਮੀ ਰਾਜਸਥਾਨ ਦੇ ਕੁਝ ਹਿੱਸਿਆਂ ਵਿਚ ਵੱਧ ਤੋਂ ਵੱਧ



ਤਾਪਮਾਨ 44-45 ਡਿਗਰੀ ਅਤੇ ਪੂਰਬੀ ਰਾਜਸਥਾਨ ਦੇ ਕੁਝ ਹਿੱਸਿਆਂ ਵਿਚ ਵੱਧ ਤੋਂ ਵੱਧ ਤਾਪਮਾਨ 42 ਤੋਂ 44 ਡਿਗਰੀ ਹੋ ਸਕਦਾ ਹੈ। ਅੱਜ ਤੋਂ ਹੀ ਸੂਬੇ ਦੇ ਦੱਖਣੀ ਹਿੱਸਿਆਂ 'ਚ ਕੁਝ ਥਾਵਾਂ 'ਤੇ ਗਰਮੀ ਪੈਣ ਦੀ ਸੰਭਾਵਨਾ ਹੈ। ਅਗਲੇ 2-3 ਦਿਨਾਂ 'ਚ 'ਹੀਟਵੇਵ' ਅਤੇ ਤੀਬਰਤਾ ਦੋਵੇਂ ਵਧਣਗੇ। ਸੂਬੇ 'ਚ 6 ਤੋਂ 10 ਅਪ੍ਰੈਲ ਦੌਰਾਨ ਕੁਝ ਥਾਵਾਂ 'ਤੇ ਤੇਜ਼ ਗਰਮੀ ਦੀ ਚਿਤਾਵਨੀ ਦਿੱਤੀ ਗਈ ਹੈ।ਇਸ ਦੌਰਾਨ ਸੂਬੇ ਦੇ ਜ਼ਿਆਦਾਤਰ ਹਿੱਸਿਆਂ 'ਚ ਵੱਧ ਤੋਂ ਵੱਧ ਤਾਪਮਾਨ 37 ਤੋਂ 42 ਡਿਗਰੀ ਸੈਲਸੀਅਸ ਦਰਜ ਕੀਤਾ ਜਾ ਰਿਹਾ ਹੈ, ਜੋ ਕਿ ਆਮ ਨਾਲੋਂ 1 ਤੋਂ 4 ਡਿਗਰੀ ਵੱਧ ਹੈ। ਪਿਛਲੇ 24 ਘੰਟਿਆਂ ਵਿਚ ਰਾਜਸਥਾਨ 'ਚ ਸਭ ਤੋਂ ਵੱਧ ਤਾਪਮਾਨ ਬਾੜਮੇਰ ਵਿਚ 42.7 ਡਿਗਰੀ ਦਰਜ ਕੀਤਾ ਗਿਆ, ਜੋ ਕਿ ਆਮ ਨਾਲੋਂ 4.5 ਡਿਗਰੀ ਵੱਧ ਹੈ।

## ਪੰਜਾਬ ਦੀਆਂ ਜੇਲ੍ਹਾਂ 'ਚੋਂ ਮਿਲ ਰਹੇ ਮੋਬਾਈਲਾਂ ਕਾਰਨ ਪੁਲਸ ਦੀ ਕਾਰਜਪ੍ਰਣਾਲੀ ਸ਼ੱਕ ਦੇ ਘੇਰੇ 'ਚ

ਗੁਰਦਾਸਪੁਰ 10 ਅਪ੍ਰੈਲ। ਪੰਜਾਬ ਸਰਕਾਰ ਅਤੇ ਡੀ.ਜੀ.ਪੀ. ਪੁਲਸ ਜੇਲ ਵੱਲੋਂ ਅਕਸਰ ਹੀ ਪੰਜਾਬ ਦੀਆਂ ਜੇਲਾਂ 'ਚ ਸਖ਼ਤ ਸੁਰੱਖਿਆ ਪ੍ਰਬੰਧ ਕਰਨ, ਕੈਦੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਵੀ.ਆਈ.ਪੀ ਸਹੂਲਤ ਨਾ ਦੇਣ, ਕਿਸੇ ਨੂੰ ਵੀ ਮੋਬਾਇਲ ਫੋਨ ਦਾ ਇਸਤੇਮਾਲ ਨਾ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਜਿਸ ਤਰ੍ਹਾਂ ਨਾਲ ਪੰਜਾਬ ਦੀਆਂ ਜੇਲਾਂ ਸਮੇਤ ਜ਼ਿਲਾ ਗੁਰਦਾਸਪੁਰ ਦੀ ਕੇਂਦਰੀ ਜੇਲ 'ਚੋਂ ਹਰ ਰੋਜ਼ ਕੈਦੀਆਂ/ਹਵਾਲਾਤੀਆਂ ਤੋਂ ਮੋਬਾਇਲ ਫੋਨ, ਨਸ਼ੀਲੇ ਪਦਾਰਥ ਬਰਾਮਦ ਹੋ ਰਹੇ ਹਨ, ਨਾਲ ਜੇਲ ਪ੍ਰਸ਼ਾਸ਼ਨ 'ਤੇ ਇਕ ਸਵਾਲੀਆਂ ਨਿਸ਼ਾਨ ਖੜ੍ਹੇ ਹੋ ਰਹੇ ਹਨ। ਆਖਿਰ ਇੰਨੇ ਸਖ਼ਤ ਸੁਰੱਖਿਆ ਪ੍ਰਬੰਧ ਹੋਣ ਦੇ ਬਾਵਜੂਦ ਕਿਵੇਂ ਨਸ਼ੀਲੇ ਪਦਾਰਥ ਅਤੇ ਮੋਬਾਇਲ ਜੇਲਾਂ 'ਚ ਪਹੁੰਚ ਰਹੇ ਹਨ ਅਤੇ ਹਰ ਰੋਜ਼ ਤਾਲਾਸ਼ੀ ਦੌਰਾਨ ਬਰਾਮਦ ਹੋ ਰਹੇ ਹਨ। ਜਿਸ ਤੋਂ ਇੰਝ ਲੱਗਦਾ ਹੈ ਕਿ ਕਿਤੇ ਨਾ ਕਿਤੇ ਗੋਲਮਾਲ ਜ਼ਰੂਰ ਹੈ। ਜ਼ਿਲਾ ਗੁਰਦਾਸਪੁਰ ਦੀ ਕੇਂਦਰੀ ਜੇਲ ਦੀ ਗੱਲ ਕਰੀਏ ਤਾਂ ਇਕ ਮਹੀਨੇ 'ਚ ਇਕ ਦਰਜ਼ਨ ਤੋਂ ਵੱਧ ਮੋਬਾਇਲ ਫੋਨ ਬਰਾਮਦ ਹੋਏ ਹਨ। ਇਨ੍ਹਾਂ ਮੋਬਾਇਲ ਫੋਨਾਂ 'ਚ ਸਿਮ ਸਮੇਤ ਬੈਟਰੀਆਂ , ਚਾਰਜਰ ਵੀ ਸ਼ਾਮਲ ਹਨ ਪਰ ਜੇਲ 'ਚ ਕਿਵੇਂ ਪਹੁੰਚ ਰਹੇ ਹਨ, ਇਹ ਵੀ ਇਕ ਪ੍ਰਸ਼ਨ ਚਿੰਨ ਲੱਗਾ ਹੋਇਆ ਹੈ। ਜੇਕਰ ਜੇਲ 'ਚ ਬੰਦ ਦੋਸ਼ੀਆਂ ਦੀਆਂ ਗੱਲ ਕਰੀਏ ਤਾਂ ਜਦੋਂ ਵੀ ਪੁਲਸ ਵੱਲੋਂ ਜੇਲ ਅੰਦਰ ਦੋਸ਼ੀ ਨੂੰ ਭੇਜਿਆ ਜਾਦਾ ਹੈ ਤਾਂ ਉਸ ਦੀ ਮੇਨ ਗੇਟ ਦੇ ਇਲਾਵਾ ਜੇਲ ਡਿਊੜੀ 'ਤੇ ਸਖ਼ਤ ਚੈਕਿੰਗ ਕੀਤੀ ਜਾਂਦੀ ਹੈ। ਇਸ ਦੇ ਇਲਾਵਾ ਮਸ਼ੀਨ ਰਾਹੀਂ ਕੈਦੀ ਦਾ ਸਾਮਾਨ ਵੀ ਚੈਕ ਕੀਤਾ ਜਾਂਦਾ ਹੈ ਅਤੇ ਸੁਰੱਖਿਆ ਕਰਮਚਾਰੀਆਂ ਵੱਲੋਂ ਵੀ ਦੋਸ਼ੀ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਂਦੀ ਹੈ। ਜੇਕਰ ਜੇਲ ਦੀ ਸੁਰੱਖਿਆ ਦੀ ਗੱਲ ਕਰੀਏ ਤਾਂ ਜੇਲ ਦੇ ਚਾਰੇ ਪਾਸੇ ਪੁਲਸ ਦੀਆਂ ਚੌਂਕੀਆਂ ਬਣੀਆਂ ਹੋਈਆਂ ਹਨ, ਜਿਸ ਵਿਚ ਹਰ ਸਮੇਂ ਜੇਲ ਗਾਰਦ ਦੇ ਮੁਲਾਜ਼ਮ ਤਾਇਨਾਤ ਰਹਿੰਦੇ ਹਨ ਤਾਂ ਕਿ ਕੋਈ ਵੀ ਬਾਹਰੀ ਨੌਜਵਾਨ ਜੇਲ ਵਿਚ ਕੁਝ ਸੁੱਟ ਨਾ ਸਕੇ ਤੇ ਨਾ ਹੀ ਕੋਈ ਕੈਦੀ ਜੇਲ 'ਚੋਂ ਬਾਹਰ ਭੱਜ ਸਕੇ। ਇਸ ਦੇ ਇਲਾਵਾ ਜੇਲ ਦੀ ਸੁਰੱਖਿਆ ਨੂੰ ਬਣਾਈ ਰੱਖਣ ਵਿਚ ਵੀ ਇਹ ਮੁਲਾਜ਼ਮ ਦਿਨ ਰਾਤ ਡਿਊਟੀ 'ਤੇ ਤਾਇਨਾਤ ਰਹਿੰਦੇ ਹਨ ਪਰ ਉਸ ਦੇ ਬਾਵਜੂਦ ਕਈ ਸ਼ਰਾਰਤੀ ਅਨਸਰ ਆਪਣੇ ਜੇਲ 'ਚ ਬੰਦ ਸਾਥੀਆਂ ਦੇ ਲਈ ਨਸ਼ੀਲਾ ਪਦਾਰਥ, ਮੋਬਾਇਲ ਫੋਨ ਸਮੇਤ ਹੋਰ ਸਾਮਾਨ ਸੁੱਟ ਹੀ ਜਾਂਦੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਅਤੇ ਕੁਝ ਗੁਪਤ ਸੂਤਰਾਂ ਅਨੁਸਾਰ ਜੇਲ 'ਚ ਲੱਗੇ ਪੀ.ਸੀ.ਓ ਫੋਨ ਰਾਹੀਂ ਕੁਝ ਨਸ਼ੇੜੀ ਨੌਜਵਾਨ ਆਪਣੇ ਬਾਹਰੀ ਸਾਥੀਆਂ ਨੂੰ ਫੋਨ ਕਰਦੇ ਹਨ ਅਤੇ ਉਨ੍ਹਾਂ ਨੂੰ ਆਪਣੀ ਸਹੀਂ ਲੋਕੇਸ਼ਨ ਭੇਜ ਦਿੰਦੇ ਹਨ। ਕੁਝ ਨੌਜਵਾਨ ਜੇਲ ਦੇ ਬਾਹਰੀਂ ਸਾਇਡ ਤੋਂ ਲੰਘਦੇ ਸਮੇਂ ਰਾਤ ਸਮੇਂ ਪੈਕਟ ਬਣਾ ਕੇ ਨਸ਼ੀਲਾ ਪਦਾਰਥ ਤੇ ਮੋਬਾਇਲ ਫੋਨ ਸੁੱਟ ਦਿੰਦੇ ਹਨ। ਸਮੇਂ ਸਮੇਂ 'ਤੇ ਜ਼ਿਲਾ ਪੁਲਸ ਗੁਰਦਾਸਪੁਰ ਵੱਲੋਂ ਪੁਲਸ ਦੇ ਉੱਚ ਪੁਲਸ ਅਧਿਕਾਰੀਆਂ ਦੀ ਅਗਵਾਈ 'ਚ ਜੇਲ ਦੀ ਤਾਲਾਸ਼ੀ ਮੁਹਿੰਮ ਚਲਾਈ ਜਾਂਦੀ ਹੈ। ਇਸ ਮੁਹਿੰਮ ਵਿਚ ਵੱਡੀ ਗਿਣਤੀ ਵਿਚ ਪੁਲਸ ਕਰਮਚਾਰੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ ਤੇ ਕੈਦੀਆਂ, ਹਵਾਲਾਤੀਆਂ ਦੇ ਸਾਮਾਨ ਸਮੇਤ ਬਾਥਰੂਮ, ਫੁੱਲਾਂ ਦੀਆਂ ਕਿਆਰੀਆਂ ਸਮੇਤ ਹੋਰ ਥਾਵਾਂ 'ਤੇ ਚੈਕਿੰਗ ਕੀਤੀ ਜਾਂਦੀ ਹੈ ਪਰ ਇਸ ਮੁਹਿੰਮ 'ਚ ਪੁਲਸ ਨੂੰ ਕੋਈ ਵੀ ਸਫਲਤਾਂ ਨਹੀਂ ਮਿਲਦੀ। ਇਸ ਸਬੰਧੀ ਜਦ ਜੇਲ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਗੱਲ ਕੀਤੀ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਸਾਡੇ ਵੱਲੋਂ ਸਮੇਂ-ਸਮੇਂ 'ਤੇ ਜੇਲ 'ਚ ਤਾਲਾਸੀ ਅਭਿਆਨ ਚਲਾਇਆ ਜਾਦਾ ਹੈ। ਇਸ ਜਾਂਚ 'ਚ ਕਈ ਮੋਬਾਇਲ ਫੋਨ 'ਤੇ ਨਸ਼ੀਲੇ ਪਦਾਰਥ ਸਾਡੇ ਵੱਲੋਂ ਫੜੇ ਗਏ ਹਨ। ਮੋਬਾਇਲ ਫੋਨ ਮਿਲਣ 'ਤੇ ਉਨ੍ਹਾਂ ਕਿਹਾ ਕਿ ਕੁਝ ਨਸ਼ੇੜੀਆਂ ਦੇ ਹਮਾਇਤੀ ਰਾਤ ਸਮੇਂ ਸਾਮਾਨ ਬਾਹਰੋ ਸੁੱਟਦੇ ਹਨ , ਜਿਸ ਸਬੰਧੀ ਕਈ ਵਾਰ ਸਾਡੇ ਵੱਲੋਂ ਉਕਤ ਨੌਜਵਾਨਾਂ ਨੂੰ ਫੜ ਕੇ ਮਾਮਲਾ ਵੀ ਦਰਜ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਸਾਡੇ ਪੁਲਸ ਕਰਮਚਾਰੀਆਂ ਦੀ ਇਨ੍ਹਾਂ ਕੈਦੀਆਂ ਦੇ ਨਾਲ ਮਿਲੀਭੁਗਤ ਸਾਹਮਣੇ ਆਵੇਗੀ ਤਾਂ ਉਸ ਦੇ ਖਿਲਾਫ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਜ਼ਮੀਨੀ ਵਿਵਾਦ ਪਿੱਛੇ ਚੱਲੀਆਂ ਤਾੜ-ਤਾੜ ਗੋਲੀਆਂ

ਖੰਨਾ 10 ਅਪ੍ਰੈਲ। ਖੰਨਾ ਦੇ ਪਿੰਡ ਚਣਕੋਈਆਂ ਖ਼ੁਰਦ ਵਿਚ ਜ਼ਮੀਨੀ ਵਿਵਾਦ ਨੂੰ ਲੈ ਕੇ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਹੈ। ਇਸ ਦੌਰਾਨ ਤੇਜ਼ਧਾਰ ਹਥਿਆਰਾਂ ਨਾਲ ਵੀ ਹਮਲਾ ਕੀਤਾ ਗਿਆ। ਹਮਲਾਵਰਾਂ ਦੀ ਗਿਣਤੀ ਤਕਰੀਬਨ 50 ਦੱਸੀ ਜਾ ਰਹੀ ਹੈ। ਇਸ ਹਮਲੇ ਵਿਚ ਚਣਕੋਈਆਂ ਖ਼ੁਰਦ ਦੇ ਸਾਬਕਾ ਸਰਪੰਚ ਜਗਜੀਤ ਸਿੰਘ ਜੱਗੀ ਦਾ ਭਰਾ ਤੇ ਦੋ ਔਰਤਾਂ ਜ਼ਖਮੀ ਹੋ ਗਈਆਂ ਹਨ। ਇਨ੍ਹਾਂ ਨੂੰ ਲੁਧਿਆਣਾ ਦੇ ਸੀਐੱਮਸੀ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਵਿਵਾਦ 12 ਏਕੜ ਦੀ ਜ਼ਮੀਨ ਨੂੰ ਲੈ ਕੇ ਹੋਇਆ ਦੱਸਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸਾਬਕਾ ਸਰਪੰਚ ਜਗਜੀਤ ਸਿੰਘ ਜੱਗੀ ਉੱਤੇ ਕੁਝ ਦਿਨਾਂ ਪਹਿਲਾਂ ਨਸ਼ਾ ਤਸਕਰੀ ਤੇ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਦਾ ਕੇਸ ਦਰਜ ਹੋਇਆ ਸੀ। ਇਸ ਵਿਚ ਜੱਗੀ ਅਜੇ ਫਰਾਰ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਤੇਜਧਾਰ ਹਥਿਆਰਾਂ ਨਾਲ ਲੈਸ ਲੁਟੇਰਿਆਂ ਨੇ ਨੌਜਵਾਨ ਨੂੰ ਬਣਾਇਆ ਨਿਸ਼ਾਨਾ, ਲੋਕਾਂ 'ਚ ਦਹਿਸ਼ਤ

ਲਾਂਬੜਾ 10 ਅਪ੍ਰੈਲ। ਐੱਸ. ਐੱਸ. ਪੀ. ਜਲੰਧਰ ਦਿਹਾਤੀ ਮੁੱਖਵਿੰਦਰ ਸਿੰਘ ਭੁੱਲਰ ਵੱਲੋਂ ਹਰ ਥਾਣਾ ਮੁਖੀ ਨੂੰ ਆਪਣੇ- ਆਪਣੇ ਇਲਾਕਿਆਂ ਵਿੱਚ ਖਾਸ ਤੌਰ 'ਤੇ ਰਾਤ ਸਮੇਂ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਲਈ ਟੀ-ਪੁਆਇੰਟਾਂ 'ਤੇ ਪੁਲਸ ਮੁਲਾਜਮਾਂ ਦੀ ਤਾਇਨਾਤੀ ਅਤੇ ਇਲਾਕੇ ਵਿੱਚ ਗਸਤ ਲਗਾਉਣ ਦੇ ਸਖਤ ਨਿਰਦੇਸ ਦਿੱਤੇ ਹੋਏ ਹਨ। ਪਰ ਥਾਣਾ ਲਾਂਬੜਾ ਦੇ ਇਲਾਕੇ ਵਿੱਚ ਐੱਸ. ਐੱਸ. ਪੀ. ਦੇ ਸਖਤ ਹੁਕਮਾਂ ਦੀ ਬੜੀ ਲਾਪਰਵਾਹੀ ਨਾਲ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਇਸੇ ਸਦਕਾ ਬੀਤੀ ਰਾਤ ਤੇਜਧਾਰ ਹਥਿਆਰਾਂ ਨਾਲ ਲੈਸ ਤਿੰਨ ਲੁਟੇਰਿਆਂ ਵੱਲੋਂ ਇਕ ਨੌਜਵਾਨ ਨੂੰ ਲੁੱਟਣ ਦੀ ਨੀਅਤ ਨਾਲ ਨਿਸਾਨਾ ਬਣਾਇਆ ਗਿਆ ਪਰ ਨੌਜਵਾਨ ਨੇ ਮੌਕੇ ਤੋਂ ਦੌੜ ਕੇ ਮਸਾਂ ਆਪਣੀ ਜਾਨ ਬਚਾਈ। ਇਸ ਸਬੰਧੀ ਪੀੜਤ ਨੌਜਵਾਨ ਮੁਕੇਸ ਕੁਮਾਰ ਵਾਸੀ ਪਿੰਡ ਰਾਮਪੁਰ ਨੇ ਦੱਸਿਆ ਕਿ ਸਨੀਵਾਰ ਤੜਕੇ ਕਰੀਬ ਤਿੰਨ ਵਜੇ ਉਹ ਰੋਜਾਨਾ ਦੀ ਤਰ੍ਹਾਂ ਜਲੰਧਰ ਦਫਤਰ ਤੋਂ ਆਪਣਾ ਕੰਮ ਮੁਕਾ ਕੇ ਮੋਟਰਸਾਈਕਲ ਰਾਹੀਂ ਆਪਣੇ ਪਿੰਡ ਨੂੰ ਆ ਰਿਹਾ ਸੀ ਜਦ ਉਹ ਲਾਂਬੜਾ ਦੇ ਚਿੱਟੀ ਮੋੜ ਟੀ-ਪੁਆਇੰਟ ਤੋਂ ਪਿੰਡ ਨੂੰ ਜਾ ਰਿਹਾ ਸੀ ਤਾਂ ਰਸਤੇ ਵਿੱਚ ਤਿੰਨ ਮੋਟਰਸਾਈਕਲ ਸਵਾਰ ਲੁਟੇਰੇ ਉਸ ਦੇ ਪਿੱਛੇ ਆ ਗਏ। ਉਕਤ ਲੁਟੇਰੇ ਤੇਜਧਾਰ ਹਥਿਆਰਾਂ ਨਾਲ ਲੈਸ ਸਨ ਅਤੇ ਉਨ੍ਹਾਂ ਨੇ ਕੱਪੜਿਆਂ ਨਾਲ ਆਪਣੇ ਚਿਹਰੇ ਲੁਕੋਏ ਹੋਏ ਸਨ। ਲੁਟੇਰਿਆਂ ਨੇ ਉਸ ਨੂੰ ਰੁਕਣ ਦਾ



ਇਸਾਰਾ ਕੀਤਾ। ਮੁਕੇਸ ਕੁਮਾਰ ਨੇ ਦੱਸਿਆ ਕਿ ਉਹ ਅਚਾਨਕ ਲੁਟੇਰਿਆਂ ਨੂੰ ਵੇਖ ਕੇ ਘਬਰਾ ਗਿਆ ਅਤੇ ਉਸ ਨੇ ਤੁਰੰਤ ਯੂ-ਟਰਨ ਮਾਰ ਕੇ ਮੋਟਰਸਾਈਕਲ ਦੋਬਾਰਾ ਚਿੱਟੀ ਮੋੜ ਵੱਲ ਮੋੜ ਕੇ ਦੌੜਾਂ ਲਿਆ। ਲੁਟੇਰਿਆਂ ਨੇ ਉਸ ਨੂੰ ਮੋਟਰਸਾਈਕਲ ਤੋਂ ਹੇਠਾਂ ਸੁੱਟਣ ਲਈ ਇਕ ਗੰਡਾਸਾ ਟਾਈਪ ਹਥਿਆਰ ਉਸ ਦੀ ਪਿਛਲੀ ਸੀਟ ਦੇ ਨੇੜੇ ਸਟੈਂਡ ਵਿੱਚ ਫਸਾ ਕੇ ਝਟਕਾ ਦੇਣ ਦੀ ਕੋਸ਼ਿਸ ਕੀਤੀ ਪਰ ਚੰਗੀ ਕਿਸਮਤ ਨਾਲ ਉਹ ਡਿੱਗਿਆ ਨਹੀਂ। ਪੀੜਤ ਨੇ ਦੱਸਿਆ ਕਿ ਡਰਦੇ ਮਾਰੇ ਉਸ ਨੇ ਦੋਬਾਰਾ ਆਪਣੇ ਘਰ ਜਾਣ ਦੀ ਹਿੰਮਤ ਨਹੀਂ ਕੀਤੀ। ਉਸ ਨੇ ਬਾਕੀ ਸਮਾਂ ਲਾਂਬੜਾ ਆਬਾਦੀ ਵਿਖੇ ਆਪਣੇ ਇਕ ਰਿਸਤੇਦਾਰ ਦੇ ਘਰ ਗੁਜਾਰਿਆ। ਪੀੜਤ ਨੇ ਦੱਸਿਆ ਕਿ ਰਾਤ ਸਾਰੇ ਰਸਤੇ ਵਿਚ ਉਸ ਨੂੰ ਕਿਤੇ ਵੀ ਕੋਈ ਪੁਲਸ ਵਾਲਾ ਵਿਖਾਈ ਨਹੀਂ ਦਿੱਤਾ ਅੱਜ ਸਵੇਰ ਲਾਂਬੜਾ ਥਾਣੇ ਵਿਚ ਉਸ ਨੇ ਲਿਖਤੀ ਸ਼ਿਕਾਇਤ ਦਰਜ ਕਰਵਾਈ ਹੈ। ਇਥੇ ਜ਼ਿਕਰਯੋਗ ਹੈ ਕਿ ਇਹ ਤਿੰਨ ਮੋਟਰਸਾਈਕਲ ਸਵਾਰ ਲੁਟੇਰਿਆਂ ਵੱਲੋਂ ਇਲਾਕੇ ਵਿੱਚ ਪਹਿਲਾਂ ਵੀ ਅਨੇਕਾਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਚੁੱਕਾ ਹੈ ਪਰ ਅਜੇ ਵੀ ਇਹ ਪੁਲਸ ਦੀ ਗ੍ਰਿਫਤ ਤੋਂ ਕਾਫੀ ਦੂਰ ਹੀ ਵਿਖਾਈ ਦੇ ਰਹੇ ਹਨ। ਇਲਾਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਕੁਝ ਸਮਾਂ ਪਹਿਲਾਂ ਤੱਕ ਪੁਲਸ ਟੀ-ਪੁਆਇੰਟਾਂ 'ਤੇ ਪੁਲਸ ਮੁਲਾਜਮਾਂ ਦੀ ਤਾਇਨਾਤੀ ਵੀ ਹੁੰਦੀ ਸੀ ਅਤੇ ਰਾਤ ਸਮੇਂ ਪੁਲਸ ਵੱਲੋਂ ਗਸਤ ਵੀ ਕੀਤੀ ਜਾਂਦੀ ਸੀ ਪਰ ਪਿਛਲੇ ਕੁਝ ਦਿਨਾਂ ਤੋਂ ਇਹ ਸਭ ਅਚਾਨਕ ਬੰਦ ਕਰ ਦਿੱਤਾ ਗਿਆ ਹੈ। ਇਸੇ ਕਾਰਨ ਇਲਾਕੇ ਵਿਚ ਅਪਰਾਧੀਆਂ ਦੇ ਹੌਂਸਲੇ ਬੁਲੰਦ ਹੋ ਗਏ ਹਨ ਜਦਕਿ ਲੋਕਾਂ ਭਾਰੀ ਦਹਿਸਤ ਪਾਈ ਜਾ ਰਹੀ ਹੈ।

## ਹੁਣ ਚਾਈਨਾ ਡੋਰ ਵੇਚਣ ਵਾਲਿਆਂ ਖੈਰ ਨਹੀਂ, ਪ੍ਰਸ਼ਾਸਨ ਸਖਤ, ਦੁਕਾਨਾਂ 'ਚ ਕੀਤੀ ਜਾ ਰਹੀ ਛਾਪੇਮਾਰੀ

ਕਪੂਰਥਲਾ 10 ਅਪ੍ਰੈਲ। ਹੁਣ ਚਾਈਨਾ ਡੋਰ ਵੇਚਣ ਵਾਲਿਆਂ ਖੈਰ ਨਹੀਂ ਹੈ। ਚਾਈਨਾ ਡੋਰ ਵੇਚਣ, ਸਟੋਰ ਕਰਨ ਅਤੇ ਵਰਤੋਂ ਕਰਨ ਵਾਲਿਆਂ ਖ਼ਿਲਾਫ ਪ੍ਰਸ਼ਾਸਨ ਸਖਤ ਹੋ ਗਿਆ ਹੈ। ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਵੱਖ-ਵੱਖ ਦੁਕਾਨਾਂ ਦੀ ਛਾਪੇਮਾਰੀ ਲਗਾਤਾਰ ਜਾਰੀ ਹੈ। ਇਸੇ ਤਹਿਤ ਚਾਈਨਾ ਡੋਰ ਦੇ ਮਾਰੂ ਪ੍ਰਭਾਵਾਂ ਨੂੰ ਵੇਖਦੇ ਹੋਏ ਡੋਰ 'ਤੇ ਲਗਾਈ ਗਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਾਬੰਦੀ 'ਤੇ ਅਮਲ ਕਰਵਾਉਣ ਲਈ ਡਿਪਟੀ ਕਮਿਸ਼ਨਰ ਕਪੂਰਥਲਾ ਵਿਸ਼ੇਸ਼ ਸਾਰੰਗਲ ਵੱਲੋਂ ਬੀਤੇ ਦਿਨੀਂ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ 'ਚ ਐੱਸ. ਡੀ. ਐੱਮ. ਕਪੂਰਥਲਾ ਨੂੰ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਹੈ। ਵੀਰਵਾਰ ਨੂੰ ਐੱਸ. ਡੀ. ਐੱਮ. ਲਾਲ ਵਿਸ਼ਵਾਸ ਬੈਂਸ ਵੱਲੋਂ ਡੀ. ਐੱਸ. ਪੀ. ਸਬ ਡਿਵੀਜਨ ਮਨਿੰਦਰਪਾਲ



ਸਿੰਘ ਦੀ ਅਗਵਾਈ ਵਾਲੀ ਪੁਲਸ ਟੀਮ ਨੇ ਵੱਖ-ਵੱਖ ਦੁਕਾਨਾਂ ਦੀ ਚੈਕਿੰਗ ਕੀਤੀ ਗਈ। ਐੱਸ. ਡੀ. ਐੱਮ. ਲਾਲ ਵਿਸ਼ਵਾਸ ਬੈਂਸ ਨੇ ਕਿਹਾ ਕਿ ਸ਼ਹਿਰ ਕਪੂਰਥਲਾ 'ਚ ਕਿਸੇ ਵੀ ਦੁਕਾਨਦਾਰ ਨੂੰ ਚਾਈਨਾ ਡੋਰ ਵੇਚਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਚਾਈਨਾ ਡੋਰ ਵੇਚਣ ਤੇ ਸਟੋਰ ਕਰਨ ਵਾਲੇ ਦੁਕਾਨਦਾਰਾਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇ। ਚਾਈਨਾ ਡੋਰ ਦੀ ਵਿਕਰੀ ਅਤੇ ਸਟੋਰ ਕਰਨ ਸਬੰਧੀ ਆਉਣ ਵਾਲੇ ਕਿਸੇ ਵੀ ਸ਼ਿਕਾਇਤ 'ਤੇ ਕਮੇਟੀ ਵੱਲੋਂ ਤੁਰੰਤ ਐਕਸ਼ਨ ਲਿਆ ਜਾਵੇਗਾ। ਇਸ ਮਾਮਲੇ 'ਚ ਕਿਸੇ ਵੀ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਹੋਵੇਗੀ। ਇਸ ਮਾਰੂ ਡੋਰ ਤੋਂ ਨਿਜਾਤ ਦਿਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਸੁਚੇਤ ਹੈ। ਉਨ੍ਹਾਂ ਦੁਕਾਨਦਾਰਾਂ ਨੂੰ ਚਿਤਾਵਨੀ ਦਿੱਤੀ ਕਿ ਜੇ ਕੋਈ ਦੁਕਾਨਦਾਰ ਚਾਈਨਾ ਡੋਰ ਵੇਚਦਾ ਫੜਿਆ ਗਿਆ ਤਾਂ ਉਸ ਦੇ ਖ਼ਿਲਾਫ ਮਾਮਲਾ ਦਰਜ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਦੁਕਾਨਦਾਰਾਂ ਨੂੰ ਚਾਈਨਾ ਡੋਰ ਨਾ ਵੇਚਣ ਤੇ ਪ੍ਰਸਾਸਨ ਨੂੰ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ। ਇਸ ਮੌਕੇ ਐੱਸ. ਐੱਚ. ਓ. ਥਾਣਾ ਸਿਟੀ ਕ੍ਰਿਪਾਲ ਸਿੰਘ, ਪੀ. ਸੀ. ਆਰ. ਇੰਚਾਰਜ ਦਰਸ਼ਨ ਸਿੰਘ ਆਦਿ ਹਾਜਰ ਸਨ।

## ਨਸ਼ੇ ਦੀ ਓਵਰਡੋਜ ਕਾਰਨ ਨੌਜਵਾਨ ਦੀ ਮੌਤ, 6 ਮਹੀਨੇ ਦੇ ਪੁੱਤ ਦੇ ਸਿਰੋਂ ਉੱਠਿਆ ਪਿਓ ਦਾ ਸਾਇਆ

ਝਬਾਲ 10 ਅਪ੍ਰੈਲ। ਪੰਜਾਬ 'ਚ ਨਸ਼ਿਆ ਨਾਲ ਮਰਨ ਵਾਲੇ ਨੌਜਵਾਨਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਸੇ ਤਰਾਂ ਬੀਤੇ ਕੱਲ੍ਹ ਥਾਣਾ ਝਬਾਲ ਅਧੀਨ ਆਉਂਦੇ ਪਿੰਡ ਕੋਟ ਧਰਮੂ ਚੰਦ ਕਲਾ ਦੇ ਇਕ ਨੌਜਵਾਨ ਨਸੇ ਦੀ ਵੱਧ ਮਾਤਰਾ ਲੈਣ ਕਾਰਨ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ। ਪੱਤਰਕਾਰਾ



ਨੂੰ ਜਾਣਕਾਰੀ ਦਿੰਦਿਆਂ ਮ੍ਰਿਤਕ ਨੌਜਵਾਨ ਹਰਪ੍ਰੀਤ ਸਿੰਘ ਹੈਪੀ 22 ਸਾਲ ਪੁੱਤਰ ਬਲਦੇਵ ਸਿੰਘ ਵਾਸੀ ਕੋਟ ਧਰਮ ਚੰਦ ਦੇ ਚਾਚਾ ਕਾਮਰੇਡ ਸੁਖਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਭਤੀਜਾ ਜੋ ਪਿਛਲੇ 3 ਸਾਲ ਤੋਂ ਨਸੇ ਕਰ ਰਿਹਾ ਸੀ। ਅਸੀਂ ਕਈ ਵਾਰ ਉਸ ਨੂੰ ਨਸੇ ਛੱਡਣ ਲਈ ਨਸਾ ਛੁਡਾਊ ਸੈਂਟਰ ਵੀ ਦਾਖਲ ਕਰਵਾਇਆ ਪਰ ਬਾਹਰ ਆਉਣ ਤੋਂ ਬਾਅਦ ਫਿਰ ਨਸੇ ਕਰਨ ਲੱਗ ਪੈਂਦਾ ਸੀ। ਕੱਲ੍ਹ ਵੀ ਉਸਨੇ ਜ਼ਿਆਦਾ ਨਸਾ ਕਰ ਲਿਆ ਜਿਸ ਨਾਲ ਉਸਦੀ ਮੌਤ ਹੋ ਗਈ। ਕਾਮਰੇਡ ਸੁਖਦੇਵ ਸਿੰਘ ਨੇ ਦੱਸਿਆ ਕਿ ਮ੍ਰਿਤਕ ਹਰਪ੍ਰੀਤ ਸਿੰਘ ਦਾ ਇਕ 6 ਮਹੀਨੇ ਦਾ ਮੁੰਡਾ ਹੈ ਅਤੇ ਉਸ ਦੀ ਪਤਨੀ ਦਾ ਨਸ਼ਿਆਂ ਕਾਰਨ ਕਲੇਸ ਰਹਿੰਦਾ ਸੀ ਅਤੇ ਉਹ ਮੁੰਡੇ ਨੂੰ ਪੇਕੇ ਲੈ ਗਈ ਸੀ। ਕਾਮਰੇਡ ਸੁਖਦੇਵ ਸਿੰਘ ਨੇ ਕਿਹਾ ਕਿ ਸਰਕਾਰ ਨੂੰ ਨਸ਼ਿਆਂ ਨੂੰ ਰੋਕਣ ਲਈ ਸਖਤ ਕਦਮ ਚੁੱਕਣੇ ਚਾਹੀਦੇ ਹਨ ਤਾਂ ਕਿ ਪੰਜਾਬ ਦੀ ਜਵਾਨੀ ਬਚ ਸਕੇ।

### ਤੂਫਾਨੀ ਤੇਜੀ ਨਾਲ ਸੈਂਸੈਕਸ ਪਹਿਲੀ ਵਾਰ 71,000 ਅੰਕ ਦੇ ਪਾਰ, ਨਿਵੇਸਕਾਂ ਦੀ ਪੂੰਜੀ 'ਚ 2 ਲੱਖ ਕਰੋੜ ਰੁਪਏ ਦਾ ਵਾਧਾ

ਮੁੰਬਈ 10 ਅਪ੍ਰੈਲ। ਨਿਵੇਸਕਾਂ ਦੀ ਪੂੰਜੀ ਸੁੱਕਰਵਾਰ ਨੂੰ ਸੂਰੂਆਤੀ ਕਾਰੋਬਾਰ ਵਿਚ 2 ਲੱਖ ਕਰੋੜ ਰੁਪਏ ਵਧ ਗਈ ਕਿਉਂਕਿ ਸੈਂਸੈਕਸ ਪਹਿਲੀ ਵਾਰ 71,000 ਅੰਕਾਂ ਦੇ ਪੱਧਰ 'ਤੇ ਪਹੁੰਚ ਗਿਆ। ਗਲੋਬਲ ਬਾਜਾਰ 'ਚ ਸਕਾਰਾਤਮਕ ਰੁਖ ਅਤੇ ਵਿਦੇਸੀ ਫੰਡਾਂ ਦੇ ਲਗਾਤਾਰ ਪ੍ਰਵਾਹ ਕਾਰਨ ਘਰੇਲੂ ਬਾਜਾਰ 'ਚ ਤੇਜੀ ਦੇਖਣ ਨੂੰ ਮਿਲ ਰਹੀ ਹੈ। ਬੀਐਸਈ ਦਾ 30 ਸੇਅਰਾਂ ਵਾਲਾ ਸੂਚਕਾਂਕ ਸੈਂਸੈਕਸ ਸਵੇਰ ਦੇ ਸੌਦਿਆਂ ਦੌਰਾਨ 569.88 ਅੰਕਾਂ ਦੀ ਛਾਲ ਮਾਰ ਕੇ 71,084.08 ਦੇ ਸਰਵਕਾਲੀ ਉੱਚ ਪੱਧਰ 'ਤੇ ਪਹੁੰਚ ਗਿਆ। ਸੂਚੀਬੱਧ ਕੰਪਨੀਆਂ ਦਾ ਬਾਜਾਰ ਪੂੰਜੀਕਰਣ () ਸੂਰੂਆਤੀ ਵਪਾਰ ਵਿੱਚ 357 ਲੱਖ ਕਰੋੜ ਰੁਪਏ ਦੇ ਰਿਕਾਰਡ ਉੱਚ ਪੱਧਰ 'ਤੇ ਪਹੁੰਚ ਗਿਆ। ਇਸ ਤੋਂ ਪਹਿਲਾਂ ਸੋਮਵਾਰ ਨੂੰ ਸੂਰੂਆਤੀ ਕਾਰੋਬਾਰ 'ਚ ਸੈਂਸੈਕਸ ਨੇ ਪਹਿਲੀ ਵਾਰ 70,000 ਦੇ ਪੱਧਰ ਦੇ ਪਾਰ ਗਿਆ ਸੀ।

# ਇਨਸਾਨੀਅਤ ਦੀ ਮਿਸਾਲ, ਤੂਫਾਨ ਨੇ ਉਜਾੜੇ ਆਸ਼ੀਆਨੇ ਵਸਾਉਣ ਲਈ ਉੱਠੇ ਹੱਥ, ਪੁਲਸ ਤੇ ਵਿਧਾਇਕ ਵੀ ਆਏ ਅੱਗੇ

ਫਾਜਿਲਕਾ 10 ਅਪ੍ਰੈਲ। ਜ਼ਿਲ੍ਹੇ ਦੇ ਪਿੰਡ ਬਕੈਨਵਾਲਾ 'ਚ 25 ਮਾਰਚ ਨੂੰ ਆਏ ਚੱਕਰਵਾਦ ਤੂਫਾਨ ਕਾਰਨ 58 ਤੋਂ ਜ਼ਿਆਦਾ ਘਰ ਢਹਿ-ਢੇਰੀ ਹੋ ਗਏ ਸਨ ਅਤੇ 6 ਤੋਂ ਵੱਧ ਲੋਕ ਗੰਭੀਰ ਜਖਮੀ ਦੱਸੇ ਜਾ ਰਹੇ ਸਨ। ਇਸ ਭਿਆਨਕ ਚੱਕਰਵਾਦ ਤੋਂ ਬਾਅਦ ਲਗਭਗ ਪਿੰਡ ਵਾਲੇ ਸਿਰ 'ਤੇ ਛੱਤ ਤੋਂ ਬਿਨਾਂ ਖੁੱਲ੍ਹੇ ਆਸਮਾਨ ਹੇਠਾਂ ਰਹਿ ਰਹੇ ਸਨ। ਅਜਿਹੇ 'ਚ ਪੀੜਤ ਲੋਕਾਂ ਦੀ ਮਦਦ ਲਈ ਪ੍ਰਸ਼ਾਸਨਿਕ ਅਧਿਕਾਰੀ ਸਾਹਮਣੇ ਆ ਰਹੇ ਹਨ। ਦੱਸ ਦੇਈਏ ਕਿ ਡੀ. ਸੀ. , ਐੱਸ. ਡੀ. ਐੱਮ. ਸਮੇਤ ਹੋਰ ਵੀ ਕਈ ਅਧਿਕਾਰੀ ਇਕ-ਇਕ ਦਿਨ ਦੀ ਤਨਖਾਹ ਪੀੜਤਾਂ ਦੇ ਦੇ ਚੁੱਕੇ ਹਨ। ਇਸੇ ਕੜੀ ਤਹਿਤ ਐਤਵਾਰ ਨੂੰ ਪੰਜਾਬ ਪੁਲਸ ਦੇ ਜਵਾਨਾਂ ਨੇ ਪੀੜਤਾਂ ਨੂੰ 1.5 ਲੱਖ ਦਾ ਚੈੱਕ ਸੌਂਪਿਆ। ਇਹ ਚੈੱਕ ਜ਼ਿਲ੍ਹੇ ਦੀ ਐੱਸ. ਐੱਸ. ਪੀ. ਅਵਨੀਤ ਕੌਰ ਸਿੱਧੂ ਨੇ ਪਿੰਡ ਦੇ ਸਰਪੰਚ ਨੂੰ ਸੌਂਪਿਆ। ਇਸ ਤੋਂ ਪਹਿਲਾਂ ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਾਵਨਾ ਨੇ ਇਕ ਮਹੀਨੇ ਦੀ ਤਨਖਾਹ, ਡਿਪਟੀ ਕਮਿਸ਼ਨਰ ਨੇ 25 ਹਜਾਰ ਰੁਪਏ ਨਕਦੀ,



ਤਹਿਸੀਲਦਾਰ ਤੇ ਬੀ. ਡੀ. ਪੀ. ਓ. ਨੇ 50 ਹਜਾਰ ਰੁਪਏ ਤੇ ਇਨ੍ਹਾਂ ਤੋਂ ਇਲਾਵਾ ਫਾਜ਼ਿਲਕਾ ਦੀ ਪ੍ਰਧਾਨ ਪੂਜਾ ਲੂਧਰਾ ਸਚਦੇਵਾ ਵੱਲੋਂ 12 ਪਰਿਵਾਰਾਂ ਦੀ 5100-5100 ਹਜਾਰ ਦੀ ਸਹਾਇਤ ਕਰ ਚੁੱਕੇ ਹਨ। ਇਸ ਤਰ੍ਹਾਂ ਮਿਲ ਰਹੀ ਸਹਾਇਤਾ ਕਰਨ ਪੀੜਤ ਆਪਣੇ ਗੁਜਾਰਾ ਕਰ ਰਹੇ ਹਨ। ਮੋਗਾ ਜ਼ਿਲ੍ਹੇ ਨਾਲ ਸਬੰਧਤ ਸੰਸਥਾ ਬਾਬੇ ਕੇ ਹੈਲਪੀਇੰਗ ਐਂਡ ਚੈਰੀਟੇਬਲ ਟਰੱਸਟ ਨੇ ਪਿੰਡ ਦੇ 3 ਘਰਾਂ ਦੀ ਮੁਰੰਮਤ ਕਰਵਾਉਣ 'ਚ ਸਹਾਇਤਾ ਕੀਤੀ ਹੈ। ਇਨ੍ਹਾਂ ਵਿੱਚੋਂ 3 ਧਕੋਂ ਦੇ ਨਿਰਮਾਣ ਦਾ ਕੰਮ ਲਗਭਗ ਖਤਮ ਹੋਣ ਦੇ ਨਜਦੀਕ ਹੈ। ਪ੍ਰਸ਼ਾਸਨ ਅਤੇ ਪਿੰਡ ਦੇ ਲੋਕਾਂ ਵੱਲੋਂ ਇਕੱਠੇ ਕੀਤੇ ਪੈਸਿਆਂ ਤੋਂ 3 ਹੋਰ ਘਰਾਂ ਦਾ ਨਿਰਮਾਣ ਕੀਤਾ ਜਾ ਰਹੀ ਹੈ। ਇਸ ਦੇ ਨਾਲ ਹੀ ਤੂਫਾਨ ਕਾਰਨ ਹੋਏ ਨੁਕਸਾਨ ਦਾ ਪਤਾ ਲੱਗਣ 'ਤੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਅਤੇ ਪੰਜਾਬ ਕਿਸਾਨ ਮਜਦੂਰ ਯੂਨੀਅਨ ਵੀ ਪੀੜਤਾਂ ਲਈ 2 ਟਰਾਲੀਆਂ ਕਣਕ ਭੇਜ ਚੁੱਕੀ ਹੈ।

## ਪਤੀ ਦੇ ਸ਼ੱਕ ਕਾਰਨ ਉਜੜਿਆ ਹੱਸਦਾ-ਵਸਦਾ ਪਰਿਵਾਰ, ਪਤਨੀ ਨੂੰ ਵਿਦੇਸ਼ ਜਾਣ ਤੋਂ ਰੋਕਣ ਲਈ ਕਰ 'ਤਾ ਕਤਲ

ਅੰਮ੍ਰਿਤਸਰ 10 ਅਪ੍ਰੈਲ। ਥਾਣਾ ਸੁਲਤਾਨਵਿੰਡ ਤਹਿਤ ਆਉਂਦੇ ਇਲਾਕੇ ਭਾਈ ਮੰਝ ਸਿੰਘ ਰੋਡ 'ਤੇ ਇਕ ਵਿਅਕਤੀ ਨੇ ਸ਼ੱਕ ਕਾਰਨ ਆਪਣੀ ਪਤਨੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਹੈ। ਪਤਾ ਲੱਗਾ ਹੈ ਕਿ ਕਾਤਲ ਦੀ ਪਤਨੀ ਕੁਝ ਹੀ ਦਿਨਾਂ ਵਿਚ ਵਿਦੇਸ਼ ਜਾਣ ਵਾਲੀ ਸੀ ਅਤੇ ਦੋਵੇਂ ਪਤੀ-ਪਤਨੀ ਇਕ-ਦੂਜੇ 'ਤੇ ਹੀ ਸ਼ੱਕ ਕਰਦੇ ਸਨ। ਇਹ ਵੀ ਪਤਾ ਲੱਗਾ ਹੈ ਕਿ ਅਜੇ ਇਕ-ਦੋ ਦਿਨ ਪਹਿਲਾਂ ਹੀ ਉਕਤ ਪਤੀ-ਪਤਨੀ ਦਰਮਿਆਨ ਕਾਫੀ ਤੂੰ-ਤੂੰ ਮੈਂ-ਮੈਂ ਹੋਈ ਸੀ ਅਤੇ ਉਸ ਦੀ ਪਤਨੀ ਦਾ ਪਿਤਾ ਉਕਤ ਦੋਵਾਂ ਵਿਚ ਰਾਜੀਨਾਮਾ ਕਰਵਾ ਕੇ ਗਿਆ ਸੀ। ਜਾਂਚ ਅਧਿਕਾਰੀ ਏ. ਐੱਸ. ਆਈ. ਅਮਰਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਦਾ ਨਾਂ ਗੁਰਜੀਤ ਕੌਰ ਹੈ ਅਤੇ ਉਸ ਦੇ ਪਤੀ ਦਾ ਨਾਂ ਹਰਪਾਲ ਸਿੰਘ ਹੈ। ਇਹ ਭਾਈ ਮੰਝ ਸਿੰਘ ਰੋਡ ਸਥਿਤ ਕਾਨੇ ਵਾਲੇ ਟੋਏ ਦੇ ਵਾਸੀ ਸਨ ਅਤੇ ਇਹ ਕਿਰਾਏ ਦੇ ਮਕਾਨ ਵਿਚ ਰਹਿ ਰਹੇ ਸਨ। ਫਿਲਹਾਲ ਕਤਲ ਕਰਨ ਤੋਂ ਬਾਅਦ ਦੋਸ਼ੀ ਪਤੀ ਹਰਪਾਲ ਸਿੰਘ ਫਰਾਰ ਹੈ ਅਤੇ ਪੁਲਸ ਨੇ ਉਸ ਨੂੰ ਫੜ੍ਹਨ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕਾ ਦੇ ਪਿਤਾ ਜੋਗਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਦੋਸ਼ੀ ਪਤੀ ਉਸ ਦੇ ਵਿਦੇਸ਼ ਜਾਣ ਦਾ ਪਹਿਲਾਂ ਤੋਂ ਹੀ ਵਿਰੋਧ ਕਰ ਰਿਹਾ ਸੀ ਅਤੇ ਇਸ ਕਾਰਨ ਗੁੱਸੇ ਵਿਚ ਆ ਕੇ ਹਰਪਾਲ ਸਿੰਘ ਨੇ ਆਪਣੀ ਪਤਨੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਦੋਸ਼ੀ ਹਰਪਾਲ ਸਿੰਘ ਕੋਈ ਕੰਮ ਧੰਦਾ ਨਹੀਂ ਕਰਦਾ ਸੀ ਅਤੇ ਉਨ੍ਹਾਂ ਦੀ ਲੜਕੀ ਗੁਰਜੀਤ ਕੌਰ ਵਿਦੇਸ਼ ਜਾਣ ਵਾਲੀ ਸੀ ਅਤੇ ਛੇਤੀ ਹੀ ਟਿਕਟ ਵੀ ਕਰਵਾਉਣ ਵਾਲੀ ਸੀ। ਇਨ੍ਹਾਂ ਦੇ ਵਿਆਹ ਨੂੰ ਤਕਰੀਬਨ 15 ਸਾਲ ਹੋ ਗਏ ਸਨ ਅਤੇ ਇਨ੍ਹਾਂ ਦੇ 2 ਬੱਚੇ ਹਨ।

# ਇਨਸਾਨੀਅਤ ਸ਼ਰਮਸਾਰ, ਅਬੋਹਰ 'ਚ ਸ਼ਮਸ਼ਾਨਘਾਟ 'ਚੋਂ ਮਿਲਿਆ ਬੱਚੀ ਦਾ ਭਰੂਣ, ਨੋਚ-ਨੋਚ ਖਾ ਰਹੇ ਸੀ ਕੁੱਤੇ

ਅਬੋਹਰ 10 ਅਪ੍ਰੈਲ। ਸਥਾਨਕ ਇੰਦਰਾ ਨਗਰੀ ਰੋਡ ਮੁੱਖ ਸ਼ਮਸ਼ਾਨਘਾਟ 'ਚ ਬੁੱਧਵਾਰ ਸਵੇਰੇ ਇਕ ਨਵਜੰਮੀ ਬੱਚੀ ਦਾ ਭਰੂਣ ਮਿਲਣ ਕਾਰਨ ਸਨਸਨੀ ਫੈਲ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਨਰ ਸੇਵਾ ਨਾਰਾਇਣ ਸੇਵਾ ਸੰਮਤੀ ਮੈਂਬਰ ਮੌਕੇ 'ਤੇ ਪਹੁੰਚੇ ਅਤੇ ਸਿਟੀ ਵਨ ਪੁਲਸ ਨੂੰ ਸੂਚਿਤ ਕੀਤਾ। ਵਰਣਨਯੋਗ ਹੈ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਪੁਲਸ ਦੀ ਨਾਕਾਮਯਾਬੀ ਨਜਰ ਆਈ ਕਿਉਂਕਿ ਪੁਲਸ ਅੱਜ ਤੱਕ ਮਿਲੇ ਕੰਨਿਆ ਭਰੂਣ ਦੇ ਮਾਮਲਿਆਂ 'ਚ ਮੁਲਜ਼ਮਾਂ ਦਾ ਪਤਾ ਨਹੀਂ ਲੱਗਾ ਪਾਈ। ਅੱਜ ਵੀ ਕੇਸ ਦੀ ਖਾਨਾਪੂਰਤੀ ਲਈ ਥਾਣਾ ਨੰ. 1 ਦੇ ਏ. ਐੱਸ. ਆਈ. ਹੀ ਸਿਰਫ ਘਟਨਾ ਬਾਅਦ ਮੌਕੇ 'ਤੇ ਪਹੁੰਚੇ। ਜਾਣਕਾਰੀ ਮੁਤਾਬਕ ਸ਼ਮਸ਼ਾਨਘਾਟ 'ਚ ਸਸਕਾਰ ਦੇ ਮੌਕੇ 'ਤੇ ਪਹੁੰਚੇ ਨਰ ਸੇਵਾ ਨਾਰਾਇਣ ਸੇਵਾ ਸੰਮਤੀ ਦੇ ਮੈਂਬਰ ਦਿਨੇਸ਼ ਗੋਇਲ ਨੇ ਦੇਖਿਆ ਕਿ ਸ਼ਮਸ਼ਾਨਘਾਟ 'ਚ ਕੁਝ ਖ਼ੂੰਖਾਰ ਕੁੱਤੇ ਕਿਸੇ ਚੀਜ ਨੂੰ ਨੋਚ ਰਹੇ ਸੀ ਜਦ ਉਨ੍ਹਾਂ ਕੋਲ ਜਾ ਕੇ ਦੇਖਿਆ ਤਾਂ ਪਾਇਆ ਕਿ ਉਹ ਇਕ ਕੰਨਿਆ ਭਰੂਣ ਸੀ, ਜਿਸਨੂੰ ਕੁੱਤੇ ਨੋਚ ਰਹੇ ਸੀ। ਉਨ੍ਹਾਂ ਜਲਦ ਕੁੱਤਿਆਂ ਨੂੰ ਉਥੋਂ ਭਜਾਇਆ ਅਤੇ ਇਸਦੀ ਸੂਚਨਾ ਸੰਮਤੀ ਸੇਵਾਦਾਰਾਂ ਨੂੰ ਦਿੱਤੀ। ਜਿਸ 'ਤੇ ਬਿੱਟੂ ਨਰੂਲਾ, ਰਵੀ, ਚਿਮਨ ਲਾਲ ਮੌਕੇ 'ਤੇ ਪਹੁੰਚੇ ਅਤੇ ਇਸਦੀ ਸੂਚਨਾ ਸਿਟੀ ਵਨ ਪੁਲਸ ਨੂੰ ਦਿੱਤੀ।

## ਵਿਰੋਧ ਕਾਰਨ ਪ੍ਰੇਮੀ ਜੋੜੇ ਨੇ ਕਰ ਲਈ ਸੀ ਖੁਦਕੁਸੀ, ਹੁਣ ਮਾਪਿਆਂ ਨੇ ਦੋਵਾਂ ਦੇ ਪੁਤਲੇ ਬਣਵਾ ਕੇ ਕਰਵਾਇਆ ਵਿਆਹ

ਨੈਸ਼ਨਲ ਡੈਸਕ 10 ਅਪ੍ਰੈਲ। ਗੁਜਰਾਤ ਦੇ ਤਾਪੀ ਜ਼ਿਲ੍ਹੇ ਵਿੱਚ ਇਕ ਅਜੀਬ ਮਾਮਲਾ ਸਾਹਮਣੇ ਆਇਆ ਹੈ। ਇੱਥੋਂ ਦੇ ਨੇਵਾਲਾ ਪਿੰਡ ਵਿੱਚ ਇਕ ਪ੍ਰੇਮੀ ਜੋੜੇ ਦਾ ਰਿਸਤਾ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਮਨਜੂਰ ਨਹੀਂ ਸੀ, ਜਿਸ ਕਾਰਨ ਉਨ੍ਹਾਂ ਨੇ ਇਨ੍ਹਾਂ ਦਾ ਵਿਆਹ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ 6 ਮਹੀਨੇ ਪਹਿਲਾਂ ਪ੍ਰੇਮੀ-ਪ੍ਰੇਮਿਕਾ ਨੇ ਇਕ ਦੂਜੇ ਨੂੰ ਗਲੇ ਲਗਾ ਕੇ ਖੁਦਕੁਸੀ ਕਰ ਲਈ ਸੀ। ਇਸ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਖੁਦਕੁਸੀ ਕਰਨ ਵਾਲੇ ਲੜਕੇ-ਲੜਕੀ ਦੇ



ਪੁਤਲੇ ਬਣਵਾਏ ਤੇ ਉਨ੍ਹਾਂ ਦੇ ਸੱਤ ਫੇਰੇ ਕਰਵਾਏ। ਦਰਅਸਲ, ਗਣੇਸ ਨਾਂ ਦਾ ਲੜਕਾ ਆਪਣੀ ਪ੍ਰੇਮਿਕਾ ਰੰਜਨਾ ਨਾਲ ਵਿਆਹ ਕਰਨਾ ਚਾਹੁੰਦਾ ਸੀ। ਗਣੇਸ ਅਗਸਤ 2022 ਵਿੱਚ ਰੰਜਨਾ ਨੂੰ ਲੈ ਕੇ ਆਪਣੇ ਘਰ ਪਹੁੰਚਿਆ ਸੀ ਪਰ ਉਸ ਦੇ ਪਰਿਵਾਰ ਨੇ ਰਿਸਤੇ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ ਦੋਵੇਂ ਘਰੋਂ ਚਲੇ ਗਏ ਅਤੇ ਕੁਝ ਘੰਟਿਆਂ ਬਾਅਦ ਉਨ੍ਹਾਂ ਦੀਆਂ ਲਾਸਾਂ ਇਕ ਦਰੱਖਤ 'ਤੇ ਇਕ ਰੱਸੀ ਨਾਲ ਲਟਕਦੀਆਂ ਮਿਲੀਆਂ ਸਨ। ਰਮੇਸਭਾਈ ਪਡਵੀ ਨੇ ਦੱਸਿਆ ਕਿ ਪਰਿਵਾਰ ਵਾਲਿਆਂ ਨੂੰ ਲੱਗਾ ਕਿ ਦੋਵੇਂ ਇਕ ਦੂਜੇ ਨੂੰ ਬਹੁਤ ਪਿਆਰ ਕਰਦੇ ਸਨ। ਜੋ ਕੰਮ ਉਨ੍ਹਾਂ ਦੋਵਾਂ ਲਈ ਪਹਿਲਾਂ ਨਹੀਂ ਕਰ ਪਾਏ, ਉਹ ਹੁਣ ਇਸ ਤਰੀਕੇ ਨਾਲ ਕਰ ਸਕਦੇ ਹਨ। ਇਸੇ ਕਾਰਨ ਉਨ੍ਹਾਂ ਦੀ ਮੌਤ ਤੋਂ ਬਾਅਦ ਦੋਹਾਂ ਦੇ ਪੁਤਲਿਆਂ ਦਾ ਵਿਆਹ ਕਰਵਾਇਆ ਗਿਆ। ਸਾਨੂੰ ਵਿਸ਼ਵਾਸ ਹੈ ਕਿ ਇਸ ਨਾਲ ਉਨ੍ਹਾਂ ਦੀ ਆਤਮਾ ਨੂੰ ਸਾਂਤੀ ਮਿਲੇਗੀ। ਇਸ ਕਾਰਨ ਦੋਵਾਂ ਦੇ ਪਰਿਵਾਰਕ ਮੈਂਬਰਾਂ ਨੇ ਲੜਕੇ-ਲੜਕੀ ਦੇ ਪੁਤਲੇ ਤਿਆਰ ਕਰਵਾਏ ਅਤੇ ਵਿਆਹ ਤੈਅ ਕਰਨ ਤੋਂ ਬਾਅਦ ਵਿਆਹ ਦੀਆਂ ਸਾਰੀਆਂ ਰਸਮਾਂ ਪੂਰੀਆਂ ਕੀਤੀਆਂ ਗਈਆਂ। ਇਹ ਵਿਆਹ ਆਦਿਵਾਸੀ ਪ੍ਰੰਪਰਾ ਅਨੁਸਾਰ ਕੀਤਾ ਗਿਆ। ਇਹ ਰਸਮ ਬੱਚਿਆਂ ਦੀ ਆਤਮਾ ਦੀ ਸਾਂਤੀ ਲਈ ਕੀਤੀ ਗਈ।

### ਕੱਵਾਲੀਆਂ ਦੇ ਪ੍ਰੋਗਰਾਮ 'ਚ ਪਿਆ ਚੀਕ-ਚਿਹਾੜਾ, ਜਵਾਨ ਮੁੰਡੇ ਦਾ ਤੇਜਧਾਰ ਹਥਿਆਰਾਂ ਨਾਲ ਕਤਲ

ਚੰਡੀਗੜ੍ਹ 10 ਅਪ੍ਰੈਲ। ਚੰਡੀਗੜ੍ਹ ਦੇ ਸੈਕਟਰ-38 'ਚ ਚੱਲ ਰਹੇ ਕੱਵਾਲੀਆਂ ਦੇ ਪ੍ਰੋਗਰਾਮ ਦੌਰਾਨ ਉਸ ਵੇਲੇ ਚੀਕ-ਚਿਹਾੜਾ ਪੈ ਗਿਆ, ਜਦੋਂ ਕੁੱਝ ਬਦਮਾਸ਼ਾਂ ਨੇ ਤੇਜਧਾਰ ਹਥਿਆਰਾਂ ਨਾਲ ਇਕ ਜਵਾਨ ਮੁੰਡੇ ਨੂੰ ਲਹੂ-ਲੁਹਾਨ ਕਰ ਦਿੱਤਾ। ਜਖਮੀ ਮੁੰਡੇ ਨੂੰ ਤੁਰੰਤ ਪੀ. ਜੀ. ਆਈ. ਦੇ ਟਰੋਮਾ ਵਾਰਡ 'ਚ ਦਾਖਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ। ਮ੍ਰਿਤਕ ਦੀ ਪਛਾਣ 23 ਸਾਲਾ ਸਾਹਿਲ ਦੇ ਤੌਰ 'ਤੇ ਕੀਤੀ ਗਈ ਹੈ, ਜੋ ਕਿ ਸੈਕਟਰ-38 'ਚ ਪ੍ਰਾਈਵੇਟ ਨੌਕਰੀ ਕਰਦਾ ਸੀ। ਫਿਲਹਾਲ ਪੁਲਸ ਨੇ ਕਤਲ ਦਾ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਮ੍ਰਿਤਕ ਸਾਹਿਲ ਦੇ ਚਾਚਾ ਬਿੰਨੀ ਨੇ ਦੱਸਿਆ ਕਿ ਉਹ ਘਰ ਸੀ ਅਤੇ ਇੱਕ ਬੱਚੇ ਨੇ ਉਸ ਨੂੰ ਦੱਸਿਆ ਕਿ ਸਾਹਿਲ ਨੂੰ ਕਿਸੇ ਨੇ ਚਾਕੂ ਮਾਰ ਦਿੱਤਾ ਹੈ। ਜਦੋਂ ਉਹ ਮੌਕੇ 'ਤੇ ਪਹੁੰਚਿਆ ਤਾਂ ਸਾਹਿਲ ਲਹੂ-ਲੁਹਾਨ ਹਾਲਤ 'ਚ ਡਿੱਗਿਆ ਪਿਆ ਸੀ, ਜਿਸ ਨੂੰ ਉਹ ਤੁਰੰਤ ਪੀ. ਜੀ. ਆਈ. ਲੈ ਕੇ ਗਿਆ


**NAME CHANGE**
I, ABDUL WASEED S/O MOHAMMAD ZALIL AHMAD residing at E-169, E-11, D-BLOCK, BULAND MASJID, SHASTRI PARK, SEELAMPUR, DELHI-110053 have changed my name to ABDUL WASID for all future purpose.

**NAME CHANGE**
I, SHASHIKALA DAGA W/O VINOD NAHATA residing at 1002 TOWER 4 LOTUS ZING SECTOR 168 NOIDA GAUTAM BUDH NAGAR UP-201301 have changed my name to SHASHI NAHATA for all future purpose.

**NAME CHANGE**
I, ARMY NO-14669638L NK B. BALAJI KANNAN S/O BADMANABAN R/O VPO-VEERAPONDI, TEH-THIRUKOILUR, DISTT-VILLUPURAM, TAMIL NADU-605758, have changed my minor daughter's name from JANANI to B. JANANI for all future purposes.

**NAME CHANGE**
I, hitherto known as SHAMA PARVEEN alias SHAMA D/o AKBAR ALI W/o SHAKIR AHMAD residing at House No. 19, Jaimal Nagar, Muslim Colony, Jalandhar, Punjab-144004 have changed my name and shall hereafter be known as SHAMA.

**NAME CHANGE**
I, MASUDA wife of No.-15218669L Rank-NK Name-MD ASRAF HOSSAIN R/O VPO-DHANGARA, TEH-CHANCHAL, DISTT-MALDA, WEST BENGAL-732125 have changed my name from MASUDA to MASUDA KHATUN for all future purposes vide Affidavit dated 03/01/2023 Before Notary Public, Delhi.

**PUBLIC NOTICE**
My clients Shri Amit Sharma S/o Late Sh Krishan Lal Sharma & Smt Renu W/o Sh Amit Sharma R/o H.No. 7/18, Tilak Nagar, New Delhi, West Delhi, Delhi-110018, have debarred and disowned their son Sagar Sharma and his wife Aaira Sharma W/o Sh. Sagar Sharma from all their moveable and immovable properties and severed all relations with them, they are out of control and creating trouble to my above said clients. If anybody dealing with them, he/she shall be self responsible for the same at his/her own risks and consequences. My clients shall not be responsible for the same, whatsoever, in any manner.
**UDIT MISHRA Advocate**
Chamber No. 674,
Patiala House Courts,
New Delhi-110001

**PUBLIC NOTICE**
Be it known to all that my client Devi Ram S/o Thawaria R/o F-92, Balmiki Mohalla, Lado Sarai, New Delhi-110030, have debarred, Disowned his Son Anup from his all movable, immovable properties and severed all his relations with him. In case any body deals with him in any matter shall do so at their own risks and responsibility..
**SANDEEP SHARMA**
ADVOCATE
Chamber No.505,
Patiala House Court,
New Delhi-110002

**PUBLIC NOTICE**
Information is given to general public at large that our client Smt. Mamta w/o Sh. Mahinder Singh is the owner of Freehold Residential Plot no. 100, area measuring 70 sq. yds. Out of Khasra no. 562 Situated at Residential Colony Green Enclave at Village Chipyana Buzurg (Across The Railway line) Pargana & Tehsil Dadri Distt. Gautam Budh Nagar Uttar Pradesh. by Virtue Sale Deed dated 20.03.2014 vide Doc no. 5580, Book no. 01, Vol no. 6655 Page no. 19-44 SR-Dadri till date and has lost/Misplace his Original Sale Deed dated 23.12.2011 as Doc no. 19826, Vol no. 3972 Page no. 133-154 SR- Dadri if was executed in favour of Smt. Pushpa Sharma w/o Sh. Ganga Prasad, now Our client is declaring that that any other Person does not have any right over the said property, and same property sold to be Smt. Suman w/o Sh. Ashok Kumar and same property is going to be financed by Can Fin Homes Ltd. Branch: Greater Noida Uttar Pradesh If any person is having objection right of claim against the said property, contact to undersigned along with supporting documents within 15 days from the date of publication of this notice and or the same to the undersigned if found by any one. Thereafter no claim shall be entertained.
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
Information is given to general public at large that our clients Mrs. Kirti Menhdiratta is the owner of Freehold Residential First Floor (Front Side) built up on Plot no. 1-J-104, admeasuring 231 Sq. Yards., Situated at New Town Ship, Faridabad, Haryana. From Transfer Deed in Blood Relation dated 30.11.2022 as Doc. No. 5860, in SRO- Badkhal. In the chain document below mentioned documents are not available i.e. Death Certificate & SMC of Late Mr. Mehar Chand, & Probate Order of Will dated 22.03.2000 are not available now Our client is declaring that that any other Person does not have any right over the said property, and same property sold to be Mr. Arjun Aggarwal, Which is to be financed by Piramal Capital & Housing Finance Ltd. Branch: Faridabad Haryana. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained.
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)



**ਗਰਮੀ ਦੀਆਂ ਵਿਸ਼ੇਸ਼ ਰੇਲਗੱਡੀਆਂ ਦੀ ਗਿਣਤੀ ਵਿਚ ਵਾਧਾ**

ਰੇਲਯਾਤਰੀਆਂ ਦੀ ਸੁਵਿਧਾ ਦੇ ਲਈ ਆਗਾਮੀ ਗਰਮੀਕਾਲੀਨ ਦੇ ਦੌਰਾਨ ਰੇਲਵੇ ਦੁਵਾਰਾ ਪਹਿਲਾ ਤੋਂ ਹੀ ਘੋਸ਼ਿਤ ਅਨੇਕ ਗਰਮੀਕਾਲੀਨ ਵਿਸ਼ੇਸ਼ ਰੇਲਗੱਡੀਆਂ ਦੇ ਇਲਾਵਾ ਹੇਠਾ ਲਿਖੀ ਗਰਮੀਕਾਲੀਨ ਵਿਸ਼ੇਸ਼ ਰੇਲਗੱਡੀਆਂ ਦਾ ਵੀ ਸੰਚਾਲਨ ਕੀਤਾ ਜਾਵੇਗਾ, ਜਿਨ੍ਹਾਂ ਦੀ ਪੂਰਾ ਵੇਰਵਾ ਹੇਠਾ ਅਨੁਸਾਰ ਹੈ:-

**04402/04401 ਨਵੀਂ ਦਿੱਲੀ – ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ – ਨਵੀਂ ਦਿੱਲੀ ਰਿਜ਼ਰਵ ਤਿਉਹਾਰ ਸਪੈਸ਼ਲ ਐਕਸਪ੍ਰੈਸ ਰੇਲਗੱਡੀ** — 08 ਫੇਰੇ

| ਰੇਲਗੱਡੀ ਨੰ: 04402 | | ↓ ਸਟੇਸ਼ਨ ↑ | ਰੇਲਗੱਡੀ ਨੰ: 04401 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 23:45 | ਨਵੀਂ ਦਿੱਲੀ | 09:30 | ---- |
| 11:40 | ---- | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | ---- | 21:20 |

ਚਲਨ ਦੇ ਦਿਨ : 04402 ਨਵੀਂ ਦਿੱਲੀ ਤੋਂ ਮਿਤੀ 15.04.2025 ਤੋਂ 18.04.2025 ਤਕ ਅਤੇ 04401 ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਤੋਂ ਮਿਤੀ 16.04.2025 ਤੋਂ 19.04.2025 ਤਕ । ਠਹਿਰਾਵ : ਪਾਨੀਪਤ, ਕੁਰਖਸ਼ੇਤਰ ਜੰ:, ਅੰਬਾਲਾ ਕੈਂਟ ਜੰ:, ਢੰਢਾਰੀ ਕਲਾਂ, ਜਲੰਧਰ ਕੈਂਟ, ਜੰਮੂ ਤਵੀ ਅਤੇ ਸ਼ਹੀਦ ਕਪਤਾਨ ਤੁਸ਼ਾਰ ਮਹਾਜਨ ਸਟੇਸ਼ਨ । ਜਗ੍ਹਾਂ : ਵਾਤਾ-3 ਟਿਯਰ ਅਤੇ ਦੂਸਰੀ ਸ਼੍ਰੇਣੀ ।

**04404/04403 ਦਿੱਲੀ ਜੰ: – ਵਾਰਾਣਸੀ ਜੰ: – ਦਿੱਲੀ ਜੰ: ਰਿਜ਼ਰਵ ਸੁਪਰਫਾਸਟ ਤਿਉਹਾਰ ਸਪੈਸ਼ਲ ਐਕਸਪ੍ਰੈਸ ਰੇਲਗੱਡੀ** — 04 ਫੇਰੇ

| ਰੇਲਗੱਡੀ ਨੰ: 04404 | | ↓ ਸਟੇਸ਼ਨ ↑ | ਰੇਲਗੱਡੀ ਨੰ: 04403 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 19:15 | ਦਿੱਲੀ ਜੰ: | 08:50 | ---- |
| 09:30 | ---- | ਵਾਰਾਣਸੀ ਜੰ: | ---- | 18:35 |

ਚਲਨ ਦੇ ਦਿਨ : 04404 ਦਿੱਲੀ ਜੰ: ਤੋਂ ਮਿਤੀ 16.04.2025 ਅਤੇਂ 18.04.2025 ਤਕ (ਬੁੱਧਵਾਰ ਅਤੇ ਸ਼ੁੱਕਰਵਾਰ) ਅਤੇ 04403 ਵਾਰਾਣਸੀ ਜੰ: ਤੋਂ ਮਿਤੀ 17.04.2025 ਅਤੇ 19.04.2025 ਤਕ (ਵੀਰਵਾਰ ਅਤੇ ਸ਼ਨੀਵਾਰ) । ਠਹਿਰਾਵ : ਗਾਜ਼ੀਆਬਾਦ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਲਖਨਊ, ਰਾਯਬਰੇਲੀ ਜੰ:, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ: ਸਟੇਸ਼ਨ । ਜਗ੍ਹਾਂ : ਸਲੀਪਰ ਅਤੇ ਸਮਾਨਯ ਸ਼੍ਰੇਣੀ ।

**04406/04405 ਨਵੀਂ ਦਿੱਲੀ – ਦਰਭੰਗਾ – ਨਵੀਂ ਦਿੱਲੀ ਰਿਜ਼ਰਵ ਐਕਸਪ੍ਰੈਸ ਸਪੈਸ਼ਲ ਰੇਲਗੱਡੀ** — 06 ਫੇਰੇ

| ਰੇਲਗੱਡੀ ਨੰ: 04406 | | ↓ ਸਟੇਸ਼ਨ ↑ | ਰੇਲਗੱਡੀ ਨੰ: 04405 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 15:50 | ਨਵੀਂ ਦਿੱਲੀ | 16:50 | ---- |
| 14:20 | ---- | ਦਰਭੰਗਾ | ---- | 18:00 |

ਚਲਨ ਦੇ ਦਿਨ : 04406 ਨਵੀਂ ਦਿੱਲੀ ਤੋਂ ਮਿਤੀ 11, 14 ਅਤੇਂ 17.04.2025 ਤਕ (ਸ਼ੁੱਕਰਵਾਰ, ਸੋਮਵਾਰ ਅਤੇ ਵੀਰਵਾਰ) ਅਤੇ 04405 ਦਰਭੰਗਾ ਤੋਂ ਮਿਤੀ 12, 15 ਅਤੇਂ 18.04.2025 ਤਕ (ਸ਼ਨੀਵਾਰ, ਮੰਗਲਵਾਰ ਅਤੇ ਸ਼ੁੱਕਰਵਾਰ) । ਠਹਿਰਾਵ : ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਦਾਨਾਪੁਰ, ਪਾਟਲੀਪੁਤਰ, ਹਾਜੀਪੁਰ, ਮੁਜੱਫਰਪੁਰ ਅਤੇ ਸਮਸਤੀਪੁਰ ਸਟੇਸ਼ਨ । ਜਗ੍ਹਾਂ : ਸਲੀਪਰ ਅਤੇ ਸਮਾਨਯ ਸ਼੍ਰੇਣੀ ।

**04408/04407 ਨਵੀਂ ਦਿੱਲੀ – ਦਰਭੰਗਾ – ਨਵੀਂ ਦਿੱਲੀ ਰਿਜ਼ਰਵ ਐਕਸਪ੍ਰੈਸ ਸਪੈਸ਼ਲ ਰੇਲਗੱਡੀ** — 06 ਫੇਰੇ

| ਰੇਲਗੱਡੀ ਨੰ: 04408 | | ↓ ਸਟੇਸ਼ਨ ↑ | ਰੇਲਗੱਡੀ ਨੰ: 04407 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 15:50 | ਨਵੀਂ ਦਿੱਲੀ | 16:50 | ---- |
| 14:20 | ---- | ਦਰਭੰਗਾ | ---- | 18:00 |

ਚਲਨ ਦੇ ਦਿਨ : 04408 ਨਵੀਂ ਦਿੱਲੀ ਤੋਂ ਮਿਤੀ 12, 15 ਅਤੇਂ 18.04.2025 ਤਕ (ਸ਼ਨੀਵਾਰ, ਮੰਗਲਵਾਰ ਅਤੇ ਸ਼ੁੱਕਰਵਾਰ) ਅਤੇ 04407 ਦਰਭੰਗਾ ਤੋਂ ਮਿਤੀ 13, 16 ਅਤੇਂ 19.04.2025 ਤਕ (ਐਤਵਾਰ, ਬੁੱਧਵਾਰ ਅਤੇ ਸ਼ਨੀਵਾਰ) । ਠਹਿਰਾਵ : ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਦਾਨਾਪੁਰ, ਪਾਟਲੀਪੁਤਰ, ਹਾਜੀਪੁਰ, ਮੁਜੱਫਰਪੁਰ ਅਤੇ ਸਮਸਤੀਪੁਰ ਸਟੇਸ਼ਨ । ਜਗ੍ਹਾਂ : ਸਲੀਪਰ ਅਤੇ ਸਮਾਨਯ ਸ਼੍ਰੇਣੀ ।

**04410/04409 ਨਵੀਂ ਦਿੱਲੀ – ਦਰਭੰਗਾ –ਨਵੀਂ ਦਿੱਲੀ ਰਿਜ਼ਰਵ ਐਕਸਪ੍ਰੈਸ ਸਪੈਸ਼ਲ ਰੇਲਗੱਡੀ** — 06 ਫੇਰੇ

| ਰੇਲਗੱਡੀ ਨੰ: 04410 | | ↓ ਸਟੇਸ਼ਨ ↑ | ਰੇਲਗੱਡੀ ਨੰ: 04409 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 15:50 | ਨਵੀਂ ਦਿੱਲੀ | 16:50 | ---- |
| 14:20 | ---- | ਦਰਭੰਗਾ | ---- | 18:00 |

ਚਲਨ ਦੇ ਦਿਨ : 04410 ਨਵੀਂ ਦਿੱਲੀ ਤੋਂ ਮਿਤੀ 13, 16 ਅਤੇਂ 19.04.2025 ਤਕ (ਐਤਵਾਰ, ਬੁੱਧਵਾਰ ਅਤੇ ਸ਼ਨੀਵਾਰ) ਅਤੇ 04409 ਦਰਭੰਗਾ ਤੋਂ ਮਿਤੀ 14, 17 ਅਤੇਂ 20.04.2025 ਤਕ (ਸੋਮਵਾਰ, ਵੀਰਵਾਰ ਅਤੇ ਐਤਵਾਰ) । ਠਹਿਰਾਵ : ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਦਾਨਾਪੁਰ, ਪਾਟਲੀਪੁਤਰ, ਹਾਜੀਪੁਰ, ਮੁਜੱਫਰਪੁਰ ਅਤੇ ਸਮਸਤੀਪੁਰ ਸਟੇਸ਼ਨ । ਜਗ੍ਹਾਂ : ਸਲੀਪਰ ਅਤੇ ਸਮਾਨਯ ਸ਼੍ਰੇਣੀ ।

**04412/04411 ਆਨੰਦ ਵਿਹਾਰ (ਟ) – ਭਾਗਲਪੁਰ – ਆਨੰਦ ਵਿਹਾਰ (ਟ) ਰਿਜ਼ਰਵ ਐਕਸਪ੍ਰੈਸ ਸਪੈਸ਼ਲ ਰੇਲਗੱਡੀ** — 06 ਫੇਰੇ

| ਰੇਲਗੱਡੀ ਨੰ: 04412 | | ↓ ਸਟੇਸ਼ਨ ↑ | ਰੇਲਗੱਡੀ ਨੰ: 04411 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 12:10 | ਆਨੰਦ ਵਿਹਾਰ (ਟ) | 14:30 | ---- |
| 11:40 | ---- | ਭਾਗਲਪੁਰ | ---- | 14:30 |

ਚਲਨ ਦੇ ਦਿਨ : 04412 ਆਨੰਦ ਵਿਹਾਰ (ਟ) ਤੋਂ ਮਿਤੀ 14, 16 & 18.04.2025 ਤਕ (ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ) ਅਤੇ 04411 ਭਾਗਲਪੁਰ ਤੋਂ ਮਿਤੀ 15, 17 ਅਤੇਂ 19.04.2025 ਤਕ (ਮੰਗਲਵਾਰ, ਵੀਰਵਾਰ ਅਤੇ ਸ਼ਨੀਵਾਰ) । ਠਹਿਰਾਵ : ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਦਾਨਾਪੁਰ, ਪਟਨਾ ਜੰ:, ਬਖਿਤਯਾਰਪੁਰ ਜੰ:, ਮੋਕਾਮਾ, ਹਾਥੀਦਾ ਜੰ:, ਲਕਖਸਰਾਯ ਜੰ:, ਕਿਊਲ ਜੰ:, ਅਭਯਪੁਰ, ਜਮਾਲਪੁਰ ਜੰ: ਅਤੇ ਸੁਲਤਾਨਗੰਜ ਸਟੇਸ਼ਨ । ਜਗ੍ਹਾਂ : ਸਲੀਪਰ ਅਤੇ ਸਮਾਨਯ ਸ਼੍ਰੇਣੀ ।

**04414/04413 ਦਿੱਲੀ ਜੰ: – ਸਹਰਸਾ ਜੰ: – ਦਿੱਲੀ ਜੰ: ਰਿਜ਼ਰਵ ਸਪੈਸ਼ਲ ਐਕਸਪ੍ਰੈਸ ਰੇਲਗੱਡੀ** — 08 ਫੇਰੇ

| ਰੇਲਗੱਡੀ ਨੰ: 04414 | | ↓ ਸਟੇਸ਼ਨ ↑ | ਰੇਲਗੱਡੀ ਨੰ: 04413 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 15:20 | ਦਿੱਲੀ ਜੰ: | 20:10 | ---- |
| 16:00 | ---- | ਸਹਰਸਾ ਜੰ: | ---- | 20:00 |

ਚਲਨ ਦੇ ਦਿਨ : 04414 ਦਿੱਲੀ ਜੰ: ਤੋਂ ਮਿਤੀ 11, 12, 14 ਅਤੇ 18.04.2025 ਤਕ (ਸ਼ੁੱਕਰਵਾਰ, ਸ਼ਨੀਵਾਰ, ਸੋਮਵਾਰ ਅਤੇ ਸ਼ੁੱਕਰਵਾਰ) ਅਤੇ 04413 ਸਹਰਸਾ ਜੰ: ਤੋਂ ਮਿਤੀ 12, 13, 15 ਅਤੇ 19.04.2025 ਤਕ (ਸ਼ਨੀਵਾਰ, ਐਤਵਾਰ, ਮੰਗਲਵਾਰ ਅਤੇ ਸ਼ਨੀਵਾਰ) । ਠਹਿਰਾਵ : ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਵਾਰਾਣਸੀ ਜੰ:, ਗਾਜੀਪੁਰ ਸਿਟੀ, ਬਲਿਯਾ, ਸੁਰੇਮਨਪੁਰ, ਛਪਰਾ ਜੰ:, ਸੋਨਪੁਰ, ਹਾਜੀਪੁਰ ਜੰ:, ਬਰੋਨੀ ਜੰ:, ਖਗੜਿਯਾ ਜੰ: ਸਟੇਸ਼ਨ । ਜਗ੍ਹਾਂ : ਸਲੀਪਰ ਅਤੇ ਸਮਾਨਯ ਸ਼੍ਰੇਣੀ ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://enquiry.indianrail.gov.in ਜਾਂ NTES ਐਪ ਦੇਖੋ ।

ਰੇਲਮਦਦ ਵੈੱਬਸਾਈਟ ਦੇਖੋ:- www.railmadad.indianrailways.gov.in ਰੇਲਮਦਦ ਐਪ ਡਾਊਨਲੋਡ ਕਰੋ

ਉਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ
ਤੁਹਾਡੀ ਸੁਵਿਧਾ – ਸਾਡਾ ਸ਼੍ਰੇਯ
ਸਾਨੂੰ www.nr.indianrailways.gov.in ਉਤੇ ਮਿਲੋ
1089/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਇਕੱਲੇ-ਇਕੱਲੇ ਸਰਕਾਰੀ ਸਕੂਲ ਦੀ ਕਾਇਆ ਕਲਪ ਕਰਨ ਲਈ ਮਾਨ ਸਰਕਾਰ ਨੇ ਕੀਤੀ 'ਪੰਜਾਬ ਸਿੱਖਿਆ ਕ੍ਰਾਂਤੀ' ਦੀ ਸ਼ੁਰੂਆਤ: ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ

ਚੰਡੀਗੜ੍ਹ, 10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸਕੂਲ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰ ਲਿਆਉਣ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ 'ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਵੱਲੋਂ ਅੱਜ ਦਿੜ੍ਹਬਾ ਹਲਕੇ ਦੇ ਪਿੰਡ ਕਮਾਲਪੁਰ ਤੇ ਮੌੜਾਂ ਦੇ ਸਰਕਾਰੀ ਸਕੂਲਾਂ ਦੇ ਨਾਲ-ਨਾਲ ਦਿੜ੍ਹਬਾ ਦੇ ਸਕੂਲ ਆਫ ਐਮੀਨੈਂਸ 'ਚ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਮੰਤਰੀ ਚੀਮਾ ਵੱਲੋਂ ਪਿੰਡ ਕਮਾਲਪੁਰ ਦੇ ਹਾਈ ਸਕੂਲ ਵਿੱਚ 41.19 ਲੱਖ ਰੁਪਏ, ਪਿੰਡ ਮੌੜਾਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿੱਚ 13.65 ਲੱਖ ਅਤੇ ਕਾਮਰੇਡ ਭੀਮ ਸਿੰਘ ਸਕੂਲ ਆਫ ਐਮੀਨੈਂਸ ਦਿੜ੍ਹਬਾ ਵਿੱਚ 53.77 ਲੱਖ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।



ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਸੂਬੇ ਵਿੱਚ 20,000 ਦੇ ਕਰੀਬ ਸਰਕਾਰੀ ਸਕੂਲ ਹਨ ਅਤੇ ਇਕੱਲੇ-ਇਕੱਲੇ ਸਰਕਾਰੀ ਸਕੂਲ ਦੀ ਕਾਇਆ ਕਲਪ ਕਰਨ ਲਈ ਮਾਨ ਸਰਕਾਰ ਨੇ 'ਪੰਜਾਬ ਸਿੱਖਿਆ ਕ੍ਰਾਂਤੀ' ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਇਸ ਮੁਹਿੰਮ ਤਹਿਤ ਲਗਭਗ 12,000 ਸਕੂਲਾਂ ਦੀ ਨੁਹਾਰ ਬਦਲਣ ਦਾ ਕੰਮ ਹੁਣ ਤੱਕ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਸਿੱਖਿਆ ਦੇ ਖੇਤਰ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕੀਤਾ ਗਿਆ ਪਰ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਆਪਣੇ ਪਹਿਲੇ ਬਜਟ ਵਿੱਚ ਹੀ ਸਿੱਖਿਆ ਦੇ ਖੇਤਰ ਦਾ ਬਜਟ ਕਰੀਬ 57 ਫੀਸਦ ਵਧਾਇਆ ਗਿਆ ਸੀ। ਚੀਮਾ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਸਕੂਲਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਦੇ ਨਾਲ-ਨਾਲ ਅਧਿਆਪਕਾਂ ਦੇ ਹੁਨਰ ਨੂੰ ਹੋਰ ਨਿਖਾਰਨ ਲਈ ਕੋਸ਼ਿਸ਼ਾਂ ਲਗਾਤਾਰ ਜਾਰੀ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਅਧਿਆਪਕਾਂ ਨੂੰ ਉੱਚ ਪੱਧਰੀ ਸਿਖਲਾਈ ਦੇਣ ਲਈ ਵਿਦੇਸ਼ ਭੇਜਿਆ ਜਾ ਰਿਹਾ ਹੈ ਜੋ ਕਿ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਇੱਥੇ ਹੀ ਨਹੀਂ ਉਨ੍ਹਾਂ ਦੀ ਸਰਕਾਰ ਵੱਲੋਂ ਆਮ ਘਰਾਂ ਦੇ ਬੱਚਿਆਂ ਨੂੰ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਈਆਂ ਹਨ ਜਿਨ੍ਹਾਂ ਵਿੱਚ ਲਗਭਗ 20,000 ਅਧਿਆਪਕ ਭਰਤੀ ਕੀਤੇ ਗਏ ਹਨ। ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮਾਨ ਸਰਕਾਰ ਦੀਆਂ ਸਿੱਖਿਆ ਦੇ ਖੇਤਰ ਵਿੱਚ ਪਹਿਲਕਦਮੀਆਂ ਦਾ ਚੰਗਾ ਅਸਰ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਰਾਹੀਂ ਵੀ ਸਪੱਸ਼ਟ ਨਜ਼ਰ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ 200 ਦੇ ਲਗਭਗ ਵਿਦਿਆਰਥੀਆਂ ਨੇ ਜੇ.ਈ.ਈ. ਦਾ ਟੈਸਟ ਪਾਸ ਕੀਤਾ ਹੈ ਜੋ ਇੱਕ ਵੱਖਰੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਮਾਣਮੱਤੀਆਂ ਪ੍ਰਾਪਤੀਆਂ ਵਿੱਚ ਹੋਰ ਵਾਧੇ ਲਈ ਮਾਨ ਸਰਕਾਰ ਵੱਲੋਂ ਸਕੂਲ ਆਫ ਐਮੀਨੈਂਸ ਵੀ ਸ਼ੁਰੂ ਕੀਤੇ ਗਏ ਹਨ ਜਿੱਥੇ ਹਰ ਸਟਰੀਮ ਵਿੱਚ ਚੰਗੇ ਵਿਦਿਆਰਥੀ ਪੈਦਾ ਕੀਤੇ ਜਾਣੇ ਯਕੀਨੀ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਹੁਣ ਵਿਸ਼ਿਆਂ 'ਤੇ ਆਧਾਰਤ ਲੈਬਜ਼, ਐਜੂਕੇਸ਼ਨਲ ਪਾਰਕ, ਲੜਕੇ ਅਤੇ ਲੜਕੀਆਂ ਲਈ ਵੱਖੋ-ਵੱਖਰੇ ਪਖਾਨੇ, ਬੱਸਾਂ ਦੀ ਵਿਵਸਥਾ, ਸੁਰੱਖਿਆ ਗਾਰਡ, ਚੌਂਕੀਦਾਰ, ਸਫਾਈ ਸੇਵਕ ਆਦਿ ਸੇਵਾਵਾਂ ਦਾ ਪ੍ਰਬੰਧ ਕੀਤਾ ਗਿਆ ਹੈ।

ਸ. ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸੇ ਤਰ੍ਹਾਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਿਆਂ ਖਿਲਾਫ ਫੈਸਲਾਕੁੰਨ ਜੰਗ ਛੇੜੀ ਗਈ ਹੈ ਜਿਸ ਤਹਿਤ ਨਸ਼ਾ ਤਸਕਰਾਂ ਨਾਲ ਪੂਰੀ ਸਖ਼ਤੀ ਨਾਲ ਨਜਿੱਠਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰੀ ਦੇ ਮੁਕੰਮਲ ਖਾਤਮੇ ਦੇ ਨਾਲ ਨਾਲ ਨਸ਼ਿਆਂ ਤੋਂ ਪੀੜਤ ਵਿਅਕਤੀਆਂ ਦਾ ਸਹੀ ਇਲਾਜ ਕਰਵਾਉਣਾ ਵੀ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸਦੇ ਨਾਲ ਹੀ ਪਾਕਿਸਤਾਨ ਦੀ ਸਰਹੱਦ ਨਾਲ ਨਸ਼ੇ ਦੀ ਤਸਕਰੀ ਦੀ ਸਮੱਸਿਆ ਨੂੰ ਰੋਕਣ ਲਈ ਐਂਟੀ ਡਰੋਨ ਸਿਸਟਮ ਅਤੇ ਪੰਜਾਬ ਹੋਮ ਗਾਰਡ ਵਿੱਚ ਨਵੀਂ ਭਰਤੀ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਨਸ਼ਿਆਂ ਦਾ ਮੁਕੰਮਲ ਖ਼ਾਤਮਾ ਕਰਕੇ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਵਿੱਚ ਮਦਦ ਮਿਲੇਗੀ।

# ਬਾਲ ਵਿਆਹ ਰੋਕੂ ਐਕਟ (2006) ਤਹਿਤ ਬਾਲ ਵਿਆਹ ਰੁਕਵਾਇਆ

ਪਟਿਆਲਾ, 10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਬਾਲ ਵਿਕਾਸ ਤੇ ਪ੍ਰੋਜੈਕਟ ਅਫ਼ਸਰ ਪਟਿਆਲਾ ਪਰਦੀਪ ਸਿੰਘ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੀ.ਡੀ.ਪੀ.ਓ ਪਟਿਆਲਾ ਦਫ਼ਤਰ ਨੂੰ ਗੁਰੂ ਤੇਗ ਬਹਾਦਰ ਕਲੋਨੀ ਵਿਖੇ ਬਾਲ ਵਿਆਹ ਹੋਣ ਸਬੰਧੀ ਗੁਪਤ ਸ਼ਿਕਾਇਤ ਪ੍ਰਾਪਤ ਹੋਈ ਸੀ। ਇਸ ਸਬੰਧੀ ਕਾਰਵਾਈ ਕਰਦੇ ਹੋਏ ਥਾਣਾ ਸਿਵਲ ਲਾਈਨ ਚੌਂਕੀ ਅਫ਼ਸਰ ਕਲੋਨੀ, ਪਟਿਆਲਾ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਮੌਕੇ ਤੇ ਪਹੁੰਚ ਕੇ ਪੜਤਾਲ ਕੀਤੀ ਗਈ। ਪੜਤਾਲ ਦੌਰਾਨ ਲੜਕੇ ਦੀ ਉਮਰ 21 ਸਾਲ ਤੋਂ ਘੱਟ ਪਾਈ ਗਈ।

ਉਨ੍ਹਾਂ ਦੱਸਿਆ ਕਿ ਪਰਿਵਾਰ ਨੂੰ ਬਾਲ ਵਿਆਹ ਰੋਕੂ ਐਕਟ 2006 ਬਾਰੇ ਪੂਰੀ ਜਾਣਕਾਰੀ ਦਿੱਤੀ ਗਈ ਇਸ ਐਕਟ ਸਬੰਧੀ ਸਜਾਵਾਂ ਬਾਰੇ ਦੱਸਿਆ ਗਿਆ। ਘਰ ਵਾਲਿਆਂ ਨੇ ਸਹਿਮਤੀ ਜਤਾਈ ਹੈ ਕਿ ਜਦੋਂ ਤੱਕ ਲੜਕੇ ਦੀ ਉਮਰ 21 ਸਾਲ ਨਹੀਂ ਹੁੰਦੀ ਅਸੀਂ ਆਪਣੇ ਲੜਕੇ ਦਾ ਵਿਆਹ ਨਹੀਂ ਕਰਾਂਗੇ। ਸੀ.ਡੀ.ਪੀ.ਓ. ਨੇ ਦੱਸਿਆ ਕਿ ਜੇ ਕਿਸੇ ਨੂੰ ਵੀ ਬਾਲ ਵਿਆਹ ਸਬੰਧੀ ਕੋਈ ਜਾਣਕਾਰੀ ਮਿਲਦੀ ਹੈ ਤਾਂ ਚਾਈਲਡ ਹੈਲਪ ਲਾਈਨ ਨੰ. 1098 ਤੇ ਕਾਲ ਕੀਤੀ ਜਾਵੇ ਜਾ ਸਬੰਧਤ ਸੀ.ਡੀ.ਪੀ.ਓ. ਦਫ਼ਤਰ ਨਾਲ ਸੰਪਰਕ ਕੀਤਾ ਜਾਵੇ। ਇਸ ਟੀਮ ਵਿੱਚ ਅੰਜੂ ਬਾਲਾ (ਸੁਪਰਵਾਈਜ਼ਰ), ਗੁਰਦਲਵੀਰ ਸਿੰਘ, ਚੌਂਕੀ ਇੰਚਾਰਜ ਜਸਵਿੰਦਰ ਸਿੰਘ, ਸੁਖਦੇਵ ਸਿੰਘ, ਲਾਭ ਸਿੰਘ ਸ਼ਾਮਿਲ ਸਨ।

# ਇੰਡੋ ਐਥਲੈਟਿਕ ਸੋਸਾਇਟੀ ਨੇ ਛੁੱਟੀ ਵਾਲੇ ਵਿਦਿਆਰਥੀਆਂ ਲਈ ਸਾਈਕਲ ਦਾਨ ਦਾ ਆਯੋਜਨ ਕੀਤਾ

ਬਠਿੰਡਾ, 10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਦੇ ਖੇਡਾਂ ਅਤੇ ਸਿਹਤ ਖੇਤਰ ਵਿੱਚ ਕੰਮ ਕਰ ਰਹੇ ਇੰਡੋ ਅਥਲੈਟਿਕ ਸਮਾਜ, ਅੱਜ ਸਵੇਰੇ 8 ਵਜੇ ਸਕੂਲ ਦੀ ਉਸਾਰੀ ਲਈ ਸਾਈਕਲ ਦਾਨ ਕਰਨ ਦਾ ਪ੍ਰੋਗਰਾਮ, ਲੋੜਵੰਦ ਵਿਦਿਆਰਥੀਆਂ ਲਈ ਕੰਮ ਕਰਨ ਵਾਲੇ ਲੋੜਵੰਦ ਵਿਦਿਆਰਥੀਆਂ ਲਈ ਕੰਮ ਕਰ ਰਿਹਾ ਸੀ. ਇੰਡੋ ਅਥਲੈਟਿਕ ਸਮਾਜ ਨੇ ਕਿਹਾ ਕਿ ਅਜਿਹਾ ਪ੍ਰੋਗਰਾਮ ਹਰ ਛੇ ਮਹੀਨਿਆਂ ਬਾਅਦ ਇੰਸਟੀਚਿ .ਟ ਦੁਆਰਾ ਲਿਆ ਜਾਂਦਾ ਹੈ। ਸਾਈਕਲ ਦਾ ਤੋਹਫ਼ਿਆਂ ਨੂੰ ਅੱਜ ਫਨ ਜਾਂ ਸਕੂਲਾਂ ਨੂੰ ਦਿੱਤਾ ਗਿਆ ਸੀ, ਜਿਹੜੇ ਟ੍ਰੈਕਿੰਗ ਤੈਰਾਕੀ ਅਤੇ ਸਾਈਕਲਿੰਗ ਚਲਾਉਣ ਦੇ ਹਿੱਤ ਵਿੱਚ ਬਹੁਤ ਸਾਰੀਆਂ ਸਮਾਜਕ ਗਤੀਵਿਧੀਆਂ ਕਰ ਰਹੇ ਹਨ. ਸਾਰੇ ਸਾਈਕਲਾਂ ਵਿਚ ਬਹੁਤ ਸਾਰੇ ਫੁੱਲਾਂ ਦੇ ਹਾਰ ਸਨ. ਬੱਚਿਆਂ ਨੂੰ ਇੰਡੋ ਅਥਲੈਟਿਕ ਸਮਾਜ ਦਾ ਟਹਰਟ ਦਿੱਤਾ ਗਿਆ ਸੀ. ਇਸ ਲਈ ਸਾਡੇ ਬੱਚੇ ਇੰਡੋ ਅਥਲੈਟਿਕ ਪਰਿਵਾਰ ਵਿੱਚ ਅਸਾਨੀ ਨਾਲ ਅਨੁਕੂਲ ਹੋ ਗਏ। ਇੰਡੋ ਅਥਲੈਟਿਕ ਸਮਾਜ ਦੇ ਮੈਂਬਰਾਂ ਨੇ ਸੁਧੀਰ ਕਰਾਂਡੀ ਸਰ ਨੂੰ ਮਜ਼ੇਦਾਰ ਜਾਂ ਸਕੂਲ ਬਾਰੇ ਦੱਸਿਆ ਅਤੇ ਬੱਚਿਆਂ ਨੂੰ ਵੀ ਦਿੱਤਾ ਗਿਆ. ਬੱਚਿਆਂ ਨੂੰ ਫਿਰ ਸਾਈਕਲ ਦਿੱਤੇ ਗਏ. ਉਨ੍ਹਾਂ ਬੱਚਿਆਂ ਦੇ ਚਿਹਰਿਆਂ 'ਤੇ ਖ਼ੁਸ਼ੀ ਸਵੇਰੇ ਉੱਠ ਕੇ ਸਵੇਰੇ ਉੱਠ ਕੇ ਇਕ ਸਾਈਕਲ ਪ੍ਰਾਪਤ ਕਰਨ ਦੇ ਯੋਗ ਸਨ. ਪਿਮਪਰੀ ਚਿੰਕਵਾੜ ਦੇ ਸ਼ਹਿਰ ਵਿੱਚ ਇਹ ਮਜ਼ਦੂਰਾਂ ਦਾ ਕਾਰੋਬਾਰ ਹੱਲ ਕਰਨਾ ਹੈ ਅਤੇ ਸਾਈਕਲ ਦਾਨ ਬੱਚਿਆਂ ਨੂੰ ਸਕੂਲ ਜਾਣ ਵਿੱਚ ਸਹਾਇਤਾ ਕਰੇਗਾ, ਤਾਂ ਸਹਿਜਾਮੀ ਫਾਉਂਡੇਸ਼ਨ ਦੇ ਮੁਖੀ ਨੇ ਕਿਹਾ. ਇਸ ਮੌਕੇ ਅਸਥਾਈ ਦੇ ਸੰਗਠਨ ਮਾਰੀਤੀ ਵਿਧਾਨ ਨੂੰ ਪੰਡਾਰਪੁਰ ਸਾਈਕਲ ਵਾਰੜੀ ਵਿੱਚ 10,000 ਰੁਪਏ ਦੀ ਜਾਂਚ ਕੀਤੀ ਗਈ. ਗੈਂਟ ਪਾਟਿਲ, ਗਣੇਸ਼ ਖੁਰਪਾਲ ਦੇ ਦਿਲੋਂ, ਅੰਜਲੀ ਦੇ ਵਿਦਿਆਰਥੀਆਂ ਦੇ ਵਿਦਿਆਰਥੀਆਂ ਦਾ ਦੌਰਾ ਕਰਨ ਲਈ ਅੱਜ ਦਾ ਧੰਨਵਾਦ ਕਰਨ ਲਈ ਤੁਹਾਡਾ ਧੰਨਵਾਦ. ਕੈਲਾਸਥੀਥਪਿਰ, ਮਾਰੂਤੀ ਡਵੇਨ, ਅਨੁਸਾਰੀ ਚੌਧਰੀ, ਮਦਨ ਸ਼ਿੰਦੇ, ਕਿਰਨ ਭਵੀਸਰ ਅਤੇ ਰਮੇਸ਼ ਜੀ ਮੇਨੇ ਵੀ ਸੰਗਠਨ ਨੇ ਧੰਨਵਾਦ ਕੀਤਾ ਸੀ.

# ਅਨਿਲ ਅਗਰਵਾਲ ਫਾਉਂਡੇਸ਼ਨ ਦੀ ਪ੍ਰਮੁੱਖ ਪਹਿਲ 'ਨੰਦ ਘਰ' ਨੇ 15 ਰਾਜਾਂ ਵਿੱਚ 8,000 ਦਾ ਅੰਕੜਾ ਕੀਤਾ ਪਾਰ

## ➢ ਰਾਜਸਥਾਨ ਵਿੱਚ 20,000 ਹੋਰ ਨੰਦ ਘਰਾਂ ਦੁਆਰਾ 20 ਲੱਖ ਜ਼ਿੰਦਗੀਆਂ ਨੂੰ ਛੂਹਣ ਦਾ ਟੀਚਾ ➢ ਪੰਜਾਬ ਵਿੱਚ, ਟੀਐਸਪੀਐਲ ਨੇ 66 ਨੰਦ ਘਰ ਸਥਾਪਿਤ ਕੀਤੇ

ਬਠਿੰਡਾ, 10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਅਨਿਲ ਅਗਰਵਾਲ ਫਾਉਂਡੇਸ਼ਨ (ਏਏਐਫ) ਦੀ ਪ੍ਰਮੁੱਖ ਪਹਿਲ ਨੰਦ ਘਰ ਨੇ ਇੱਕ ਮਹੱਤਵਪੂਰਣ ਸਫ਼ਲਤਾ ਹਾਸਿਲ ਕੀਤੀ ਹੈ। ਜਿਸ ਵਿੱਚ 8,044 ਅੰਗਣਵਾੜੀਆਂ ਨੂੰ ਔਰਤਾਂ ਅਤੇ ਬੱਚਿਆਂ ਦੇ ਸਮੁੱਚੇ ਵਿਕਾਸ ਲਈ ਆਧੁਨਿਕ ਕੇਂਦਰਾਂ ਵਿੱਚ ਬਦਲਿਆ ਗਿਆ ਹੈ। ਸੰਸਥਾਂ ਦੀ ਇਹ ਪਹਿਲ ਪੂਰੇ ਭਾਰਤ ਦੇ 15 ਰਾਜਾਂ ਵਿੱਚ ਫੈਲੀ ਹੋਈ ਹੈ ਅਤੇ ਪੇਂਡੂ ਵਿਕਾਸ ਲਈ ਵੇਦਾਂਤਾ ਦੀ ਸਮਰਪਣਤਾ ਨੂੰ ਦਰਸਾਉਂਦੀ ਹੈ। ਨੰਦ ਘਰਾਂ ਦੇ ਜਰੀਏ ਹੁਣ ਤੱਕ 3 ਲੱਖ ਤੋਂ ਵੱਧ ਬੱਚਿਆਂ ਅਤੇ 2 ਲੱਖ ਮਹਿਲਾਵਾਂ ਨੂੰ ਮੁੱਢਲੀ ਬਾਲ ਸਿੱਖਿਆ, ਪੋਸ਼ਣ, ਸਿਹਤ ਸੇਵਾਵਾਂ ਅਤੇ ਕੌਸ਼ਲ ਵਿਕਾਸ ਦੀਆਂ ਸਹੂਲਤਾਂ ਦਾ ਲਾਭ ਮਿਲ ਚੁੱਕਿਆ ਹੈ।

ਨੰਦ ਘਰ ਪਹਿਲਾਂ ਦੀਆ ਬਣੀਆਂ ਅੰਗਣਵਾੜੀਆਂ ਦਾ ਨਵਾਂ ਰੂਪ ਹਨ, ਜੋ ਉੱਨਤ ਸਹੂਲਤਾਂ ਨਾਲ ਭਰਪੂਰ ਹਨ। ਬਿਹਤਰ ਢੰਗ ਨਾਲ ਬਣੀਆਂ ਸਹੂਲਤਾਂ ਦੇ ਨਾਲ ਨਾਲ ਇੱਥੇ ਸਮਾਰਟ ਸਿੱਖਿਆ ਲਈ ਪ੍ਰੋਜੈਕਟਰ, ਇੰਟਰਐਕਟਿਵ ਈ-ਲਰਨਿੰਗ ਨੀਤੀ, ਬਾਲਾ (BaLA) ਡਿਜ਼ਾਈਨ ਅਤੇ ਸਮਾਰਟ ਟੀਵੀ ਵਰਗੀਆਂ ਸਹੂਲਤਾਂ ਵੀ ਦਿੱਤੀਆਂ ਜਾਂਦੀਆਂ ਹਨ, ਤਾਂ ਜੋ 3 ਤੋਂ 6 ਸਾਲ ਦੇ ਬੱਚਿਆਂ ਲਈ ਸਿੱਖਣ ਦੀ ਪ੍ਰਕਿਰਿਆ ਨੂੰ ਵਧੀਆ ਬਣਾਇਆ ਜਾ ਸਕੇ। ਹਰ ਕੇਂਦਰ ਵਿੱਚ ਬੱਚਿਆਂ ਲਈ ਲੋੜੀਂਦਾ ਫਰਨੀਚਰ, ਬਿਜਲੀ, ਸਾਫ਼ ਪੀਣ ਪਾਣੀ ਅਤੇ ਸਾਫ਼ ਸੁਥਰੇ ਪਖ਼ਾਨੇ ਵਰਗੀਆਂ ਸਹੂਲਤਾਂ ਵੀ ਹਨ। ਇਸ ਤਰ੍ਹਾਂ, ਨੰਦ ਘਰਾਂ ਵਿੱਚ ਬੱਚਿਆਂ ਨੂੰ ਇਕ ਸੁਰੱਖਿਅਤ ਅਤੇ ਪੋਸ਼ਣ ਵਾਲਾ ਵਾਤਾਵਰਣ ਮਿਲਦਾ ਹੈ।ਸਿੱਖਿਆ ਦੇ ਨਾਲ-ਨਾਲ, ਨੰਦ ਘਰ ਕੁਪੋਸ਼ਣ ਦਾ ਮੁਕਾਬਲਾ ਵੀ ਕਰ ਰਹੇ ਹਨ। ਇੱਥੇ ਬੱਚਿਆਂ ਨੂੰ ਪੋਸ਼ਣ ਨਾਲ ਭਰਿਆ ਖਾਣ-ਪਾਣ, ਗਰਭਵਤੀ ਅਤੇ ਦੁੱਧ ਪਿਆ ਰਹੀਆਂ ਮਾਵਾਂ ਨੂੰ ਜ਼ਰੂਰੀ ਪੋਸ਼ਣ ਵਜੋਂ ਸਹਾਇਤਾ ਦਿੱਤੀ ਜਾਂਦੀ ਹੈ। ਇਸ ਦੇ ਨਾਲ ਨਾਲ, ਨਿਯਮਿਤ ਟੀਕਾਕਰਣ ਮੁਹਿੰਮ ਅਤੇ ਸਿਹਤ ਕੈਂਪ ਵਰਗੀਆਂ ਸਿਹਤ ਸੇਵਾਵਾਂ ਵੀ ਮੁਹਈਆ ਕਰਵਾਈਆਂ ਜਾਂਦੀਆਂ ਹਨ, ਜਿਸ ਨਾਲ ਆਸ ਪਾਸ ਦੇ ਸਭ ਸਮੁਦਾਇਆਂ ਦੀ ਸਿਹਤ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਨੰਦ ਘਰ ਮਹਿਲਾ ਸਸ਼ਕਤੀਕਰਣ ਨੂੰ ਵੀ ਮਜ਼ਬੂਤ ਕਰ ਰਿਹਾ ਹੈ, ਜਿਸ ਵਿੱਚ ਸਮਾਜ ਦੀਆਂ ਮਹਿਲਾਵਾਂ ਨੂੰ ਹੱਥੀਂ ਹੋਣ ਵਾਲੇ ਕੰਮ, ਫੂਡ ਪ੍ਰੋਸੈਸਿੰਗ ਅਤੇ ਰਿਟੇਲ ਵਰਗੀਆਂ ਕੌਸ਼ਲ ਵਿਕਾਸ ਗਤੀਵਿਧੀਆਂ ਨਾਲ ਜੋੜਿਆ ਜਾ ਰਿਹਾ ਹੈ। ਇਸ ਨਾਲ ਮਹਿਲਾਵਾਂ ਨੂੰ ਪ੍ਰਤੀ ਮਹੀਨਾ ?10,000 ਤੱਕ ਦੀ ਆਮਦਨ ਹੋ ਰਹੀ ਹੈ। ਨੰਦ ਘਰ ਆਪਣੀ ਪਹੁੰਚ ਨੂੰ ਲਗਾਤਾਰ ਵਧਾ ਰਿਹਾ ਹੈ। 2024-25 ਸਾਲ ਇਸ ਪਹਿਲ ਲਈ ਇਕ ਖਾਸ ਸਾਲ ਸੀ। ਕੁਪੋਸ਼ਣ ਨਾਲ ਲੜਨ ਲਈ, ਨੰਦ ਘਰ ਨੇ ਦੋ ਸਟੇਜਾਂ ਵਿੱਚ ਪ੍ਰੋਟੀਨ ਯੁਕਤ ਮਿਲੇਟ ਸ਼ੇਕ ਵੀ ਵੰਡੇ ਸਨ, ਜਿਸ ਨਾਲ ਛੇ ਰਾਜਾਂ ਦੇ ਬੱਚਿਆਂ ਨੂੰ ਲਾਭ ਮਿਲਿਆ। ਐਫ.ਐਸ.ਐਸ.ਏ.ਆਈ ਵੱਲੋਂ ਪ੍ਰਮਾਣਿਤ ਇਸ ਮਿਲੇਟ ਸ਼ੇਕ ਵਿੱਚ 23 ਜ਼ਰੂਰੀ ਵਿਟਾਮਿਨ ਅਤੇ ਖਣਿਜ ਸ਼ਾਮਲ ਹਨ, ਅਤੇ ਇਸ ਨੂੰ ਰਾਗੀ, ਬਾਜਰਾ, ਫੌਕਸਟੇਲ ਅਤੇ ਕੋਡੋ ਮਿਲੇਟਸ ਦੇ ਮਿਸ਼ਰਣ ਤੋਂ ਤਿਆਰ ਕੀਤਾ ਗਿਆ ਹੈ। ਸਰਕਾਰ ਦੁਆਰਾ ਰੋਜ਼ਾਨਾ ਖਾਣੇ ਵਿੱਚ ਮਿਲੇਟਸ ਦੀ ਵਰਤੋਂ ਨੂੰ ਵਧਾਉਣ ਦੀਆਂ ਕੋਸ਼ਿਸ਼ਾਂ ਦੇ ਤਹਿਤ, ਨੰਦ ਘਰ ਦੀ ਇਹ ਪਹਿਲ ਪੋਸ਼ਣ ਸੁਰੱਖਿਆ ਨੂੰ ਵਧਾਉਣ ਦੀ ਕੌਮੀ ਮੁਹਿੰਮ ਦੇ ਪ੍ਰਤੀ ਆਪਣਾ ਸਾਥ ਦਰਸਾਉਂਦੀ ਹੈ।ਇਸ ਸਾਲ ਮਾਰਚ ਵਿੱਚ, ਏਏਐਫ ਨੇ ਮਹਾਰਾਸ਼ਟਰ ਦੇ ਪਹਿਲੇ ਨੰਦ ਘਰਾਂ ਦਾ ਉਦਘਾਟਨ ਕਰਦਿਆਂ ਠਾਣੇ ਵਿੱਚ 25 ਨਵੇਂ ਕੇਂਦਰ ਸ਼ੁਰੂ ਕੀਤੇ। ਆਪਣੀ ਪਹੁੰਚ ਨੂੰ ਹੋਰ ਵਧਾਉਂਦੇ ਹੋਏ, ਫਾਊਂਡੇਸ਼ਨ ਆਗਾਮੀ ਦੋ ਸਾਲਾਂ ਵਿੱਚ ਰਾਜਸਥਾਨ ਵਿੱਚ 20,000 ਹੋਰ ਨੰਦ ਘਰ ਸਥਾਪਿਤ ਕਰਨ ਲਈ ਪ੍ਰਤੀਬੱਧ ਹੈ, ਜਿਸ ਨਾਲ ਗ੍ਰਾਮੀਣ ਇਲਾਕਿਆਂ ਵਿੱਚ ਵੱਡਾ ਬਦਲਾਅ ਆਵੇਗਾ।



ਵੇਦਾਂਤਾ ਪਾਵਰ ਵੀ ਨੰਦ ਘਰ ਪਹਿਲ ਦੁਆਰਾ ਮਹਿਲਾਵਾਂ, ਬੱਚਿਆਂ ਅਤੇ ਸਮਾਜ ਨੂੰ ਉੱਪਰ ਲੈ ਕੇ ਜਾਣ ਵਿੱਚ ਸਫਲਤਾਪੂਰਵਕ ਯੋਗਦਾਨ ਦੇ ਰਿਹਾ ਹੈ। ਪੰਜਾਬ ਵਿੱਚ, ਇਸ ਦੀ ਵਪਾਰਕ ਇਕਾਈ ਤਲਵੰਡੀ ਸਾਬੋ ਪਾਵਰ ਲਿਮਿਟਡ (ਟੀਐਸਪੀਐਲ) ਨੇ 66 ਨੰਦ ਘਰ ਸਥਾਪਿਤ ਕੀਤੇ ਹਨ, ਜਦੋਂ ਕਿ ਛੱਤੀਸਗੜ੍ਹ ਵਿੱਚ, ਵੇਦਾਂਤਾ ਲਿਮਿਟਡ ਛੱਤੀਸਗੜ੍ਹ ਥਰਮਲ ਪਾਵਰ ਪਲਾਂਟ (VLCTPP) ਸਕਤੀ ਜ਼ਿਲੇ ਵਿੱਚ 100 ਹੋਰ ਨੰਦ ਘਰਾਂ ਦੀ ਸਥਾਪਨਾ ਵਿੱਚ ਸਹਿਯੋਗ ਕਰ ਰਿਹਾ ਹੈ।ਇਹ ਪਹਿਲ ਭਾਰਤ ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਦੇ ਦ੍ਰਿਸ਼ਟਿਕੋਣ ਨਾਲ ਜੁੜਿਆ ਹੋਇਆ ਹੈ। ਮੰਤਰੀ ਮੰਡਲ ਵੱਖ-ਵੱਖ ਯੋਜਨਾਵਾਂ ਰਾਹੀਂ 6 ਸਾਲ ਤੱਕ ਦੇ ਬੱਚਿਆਂ ਅਤੇ ਉਨ੍ਹਾਂ ਦੀਆਂ ਮਾਵਾਂ ਨੂੰ ਸੰਪੂਰਣ ਦੇਖਭਾਲ ਅਤੇ ਪੋਸ਼ਣ ਪ੍ਰਦਾਨ ਕਰਦਾ ਹੈ। ਇੱਥੇ ਤਰਤੀਬ ਪ੍ਰਾਪਤ ਸਟਾਫ਼, ਸਿੱਖਿਆ ਸਮੱਗਰੀ, ਪੋਸ਼ਣ ਦਾ ਸਮਾਂ ਅਤੇ ਬੱਚਿਆਂ ਦੇ ਸਮੁੱਚੇ ਵਿਕਾਸ ਲਈ ਕਈ ਗਤੀਵਿਧੀਆਂ ਆਯੋਜਿਤ ਕੀਤੀਆਂ ਜਾਂਦੀਆਂ ਹਨ, ਜਿਸ ਨਾਲ ਉਨ੍ਹਾਂ ਨੂੰ ਸੁਰੱਖਿਅਤ ਮਾਹੌਲ ਵਿੱਚ ਬਿਹਤਰ ਦੇਖਭਾਲ ਮਿਲ ਸਕਦੀ ਹੈ। ਪੂਰੇ ਦੇਸ਼ ਵਿੱਚ 14 ਲੱਖ ਤੋਂ ਜ਼ਿਆਦਾ ਅੰਗਣਵਾੜੀ ਕੇਂਦਰ 7 ਕਰੋੜ ਤੋਂ ਵੱਧ ਬੱਚਿਆਂ ਨੂੰ ਸੇਵਾਵਾਂ ਮੁਹੱਈਆ ਕਰ ਰਹੇ ਹਨ। ਇਸ ਤਰ੍ਹਾਂ, ਨੰਦ ਘਰ ਦਾ ਮਾਡਲ ਮੌਜੂਦਾ ਪ੍ਰਣਾਲੀਆਂ ਨੂੰ ਹੋਰ ਮਜ਼ਬੂਤ ਕਰਦਾ ਹੈ ਅਤੇ ਪੇਂਡੂ ਭਾਰਤ ਵਿੱਚ ਮਹਿਲਾ ਅਤੇ ਬੱਚਿਆਂ ਦੇ ਵਿਕਾਸ ਲਈ ਸਰਕਾਰ ਦੇ ਯਤਨਾਂ ਨੂੰ ਹੱਲ੍ਹਾਸ਼ੇਰੀ ਦਿੰਦਾ ਹੈ।ਇਸ ਸਫ਼ਲਤਾ ਤੇ ਗੱਲ ਕਰਦੇ ਹੋਏ, ਪ੍ਰਿਯਾ ਅਗਰਵਾਲ ਹੈਬਰ, ਹਿੰਦੁਸਤਾਨ ਜ਼ਿੰਕ ਲਿਮਿਟਡ ਦੀ ਚੇਅਰਪਰਸਨ ਅਤੇ ਵੇਦਾਂਤਾ ਲਿਮਿਟਡ ਦੀ ਨਾਨ-ਏਗਜ਼ਿਕਿਊਟਿਵ ਡਾਇਰੈਕਟਰ, ਨੇ ਕਿਹਾ, ÷8,000 ਨੰਦ ਘਰਾਂ ਦੀ ਯਾਤਰਾ ਸਾਡੇ ਇਸ ਸੰਕਲਪ ਨੂੰ ਦਰਸਾਉਂਦੀ ਹੈ ਕਿ ਅਸੀਂ ਜਮੀਨੀ ਪੱਧਰ 'ਤੇ ਜ਼ਿੰਦਗੀਆਂ ਵਿੱਚ ਬਦਲਾਅ ਲਿਆਉਣ ਲਈ ਤਿਆਰ ਹਾਂ। ਇਹ ਕੇਂਦਰ ਸਿਰਫ ਆਧੁਨਿਕ ਆਂਗਣਵਾੜੀ ਨਹੀਂ ਹਨ, ਸਗੋਂ ਆਉਣ ਵਾਲਿਆਂ ਸੰਭਾਵਨਾਵਾਂ ਦੇ ਦਰਵਾਜੇ ਹਨ।ਜਿੱਥੇ ਬੱਚੇ ਸਿੱਖਦੇ ਹਨ, ਵੱਧਦੇ ਹਨ ਅਤੇ ਅੱਗੇ ਵਧਦੇ ਹਨ, ਅਤੇ ਮਹਿਲਾਵਾਂ ਆਪਣੇ ਆਪ ਨੂੰ ਆਤਮ-ਨਿਰਭਰ ਬਣਾਉਣ ਲਈ ਜਰੂਰੀ ਸਾਧਨ ਅਤੇ ਹੁਨਰ ਪ੍ਰਾਪਤ ਕਰਦੀਆਂ ਹਨ। ਨੰਦ ਘਰ ਹੁਣ ਇੱਕ ਰਾਸ਼ਟਰੀ ਅੰਦੋਲਨ ਦਾ ਰੂਪ ਲੈ ਰਿਹਾ ਹੈ ਅਤੇ ਸੱਚਾ ਬਦਲਾਅ ਲਿਆ ਰਿਹਾ ਹੈ। ਸਰਕਾਰ, ਅਤੇ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨਾਲ ਸਾਡੀ ਭਾਗੀਦਾਰੀ ਇਸ ਮਿਸ਼ਨ ਨੂੰ ਹੋਰ ਮਜ਼ਬੂਤ ਕਰ ਰਹੀ ਹੈ, ਜਿਸ ਨਾਲ ਸਾਨੂੰ ਉਦੇਸ਼ਪੂਰਵਕ ਤੌਰ 'ਤੇ ਅੱਗੇ ਵਧਣ ਅਤੇ ਪੂਰੇ ਭਾਰਤ ਦੇ ਵੱਖ-ਵੱਖ ਸਮਾਜਾਂ ਵਿੱਚ ਮਾਣਯੋਗ ਬਦਲਾਅ ਕਰਨ ਵਿੱਚ ਮਦਦ ਮਿਲ ਰਹੀ ਹੈ। ਨੰਦ ਘਰ ਦੇ ਸੀ.ਈ.ਓ ਸ਼ਸ਼ੀ ਅਰੋੜਾ ਨੇ ਕਿਹਾ, ਨੰਦ ਘਰ ਵਿੱਚ, ਸਾਡਾ ਟੀਚਾ ਸਿਰਫ ਅੰਕੜਿਆਂ ਤੱਕ ਸੀਮਿਤ ਨਹੀਂ ਹੈ, ਸਗੋਂ ਉਹਨਾਂ ਜ਼ਿੰਦਗੀਆਂ ਵਿੱਚ ਬਦਲਾਅ ਲਾਉਣਾ ਹੈ ਜੋ ਸਾਡੇ ਸੰਪਰਕ ਵਿੱਚ ਆਉਂਦੀਆਂ ਹਨ। ਅਸੀਂ ਸਮਾਰਟ ਸਿਖਲਾਈ, ਡਿਜੀਟਲ ਟੂਲ ਅਤੇ ਪੱਕੇ ਪੋਸ਼ਣ ਪ੍ਰੋਗ੍ਰਾਮਾਂ ਰਾਹੀਂ ਭਾਰਤ ਵਿੱਚ ਅੰਗਣਵਾੜੀ ਪ੍ਰਣਾਲੀ ਦੀ ਨਵੀਂ ਪਰਿਭਾਸ਼ਾ ਬਣਾ ਰਹੇ ਹਾਂ। ਪਿਛਲੇ ਇੱਕ ਸਾਲ ਵਿੱਚ ਅਸੀਂ ਅਧੁਨਿਕ ਡਿਜੀਟਲ ਸਿਖਲਾਈ ਪ੍ਰੋਗਰਾਮ ਅਤੇ ਵਧੀਕ ਪੋਸ਼ਣ ਪ੍ਰੋਗ੍ਰਾਮ ਲਾਂਚ ਕੀਤੇ ਹਨ, ਤਾਂ ਜੋ ਹਰ ਬੱਚਾ ਪੋਸ਼ਣ 2.0 ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰੋਜ਼ਾਨਾ ਸੰਤੁਲਿਤ ਖੁਰਾਕ ਪ੍ਰਾਪਤ ਕਰ ਸਕੇ

ਅਨਿਲ ਅਗਰਵਾਲ ਫਾਉਂਡੇਸ਼ਨ ਵੇਦਾਂਤਾ ਦੀ ਸਾਮੁਦਾਇਕ ਅਤੇ ਸਮਾਜਿਕ ਪਹਲਾਂ ਲਈ ਇੱਕ ਪ੍ਰਮੁੱਖ ਸੰਸਥਾ ਹੈ। ਇਹ ਸੰਸਥਾਨ ਸਿਹਤ, ਮਹਿਲਾ ਅਤੇ ਬਾਲ ਵਿਕਾਸ, ਪਸ਼ੂ ਭਲਾਈ ਅਤੇ ਖੇਡਾਂ ਦੇ ਖੇਤਰ ਵਿੱਚ ਕੰਮ ਕਰਦਾ ਹੈ। ਇਸ ਦਾ ਮਕਸਦ ਸਮਾਜ ਨੂੰ ਤਾਕਤਵਰ ਬਣਾਉਣਾ, ਜ਼ਿੰਦਗੀਆਂ ਵਿੱਚ ਸਕਾਰਾਤਮਕ ਬਦਲਾਅ ਲਿਆਉਣਾ ਅਤੇ ਸਮਾਵੇਸ਼ੀ ਵਿਕਾਸ ਰਾਹੀਂ ਕੌਮੀ ਨਿਰਮਾਣ ਵਿੱਚ ਯੋਗਦਾਨ ਦੇਣਾ ਹੈ। ਨੰਦ ਘਰ, ਅਨਿਲ ਅਗਰਵਾਲ ਫਾਊਂਡੇਸ਼ਨ ਦੀ ਇੱਕ ਪ੍ਰਮੁੱਖ ਸਮਾਜਿਕ ਪਹਿਲ ਹੈ, ਜੋ ਦੇਸ਼ ਦੀ ਅੰਗਣਵਾੜੀ ਪ੍ਰਣਾਲੀ ਨੂੰ ਸਸ਼ਕਤ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰਨ ਵਾਲਾ ਇੱਕ ਮਾਡਲ ਪ੍ਰੋਜੈਕਟ ਹੈ। ਵਰਤਮਾਨ ਵਿੱਚ 15 ਰਾਜਾਂ ਵਿੱਚ ਫੈਲਿਆ 8044 ਨੰਦ ਘਰ, 3.2 ਲੱਖ ਤੋਂ ਵੱਧ ਬੱਚਿਆਂ ਅਤੇ 2.4 ਲੱਖ ਔਰਤਾਂ ਦੀ ਜ਼ਿੰਦਗੀ ਵਿੱਚ ਬਦਲਾਅ ਲਾ ਰਹੇ ਹਨ। ਇਹ ਪਰਿਯੋਜਨਾ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ (MoWCD) ਦੇ ਸਹਿਯੋਗ ਨਾਲ ਚਲਾਈ ਜਾ ਰਹੀ ਹੈ।

ਨੰਦ ਘਰ ਇੱਕ ਆਧੁਨਿਕ ਆਂਗਣਵਾੜੀ ਮਾਡਲ ਹੈ, ਜੋ ਬੱਚਿਆਂ ਵਿੱਚ ਕੁਪੋਸ਼ਣ ਨੂੰ ਦੂਰ ਕਰਨ, ਉਨ੍ਹਾਂ ਨੂੰ ਮੁੱਢਲੀ ਸਿੱਖਿਆ ਦੇਣ, ਪ੍ਰਾਥਮਿਕ ਸਿਹਤ ਸੇਵਾਵਾਂ ਉਪਲਬਧ ਕਰਵਾਉਣ ਅਤੇ ਪੇਂਡੂ ਔਰਤਾਂ ਨੂੰ ਕੌਸ਼ਲ ਤਾਲੀਮ ਦੇ ਕੇ ਉਨ੍ਹਾਂ ਨੂੰ ਆਤਮਨਿਰਭਰ ਬਣਾਉਣ ਦਾ ਕੰਮ ਕਰ ਰਿਹਾ ਹੈ। ਇਸ ਪਹਿਲ ਦਾ ਟੀਚਾ ਪੂਰੇ ਭਾਰਤ ਵਿੱਚ 13.7 ਲੱਖ ਆਂਗਨਵਾੜੀਆ ਦੇ ਜਰੀਏ 7 ਕਰੋੜ ਬੱਚਿਆਂ ਅਤੇ 2 ਕਰੋੜ ਔਰਤਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣਾ ਹੈ।

# ਸਿਹਤ ਵਿਭਾਗ ਵੱਲੋਂ ਵਿਸ਼ਵ ਸਿਹਤ ਦਿਵਸ ਮੌਕੇ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ



ਰੂਪ ਨਗਰ, 10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਵਿਸ਼ਵ ਸਿਹਤ ਦਿਵਸ ਦੇ ਮੌਕੇ ਸਿਹਤ ਵਿਭਾਗ ਰੂਪਨਗਰ ਵੱਲੋਂ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਦਾ ਮੁੱਖ ਉਦੇਸ਼ ਆਮ ਜਨਤਾ ਨੂੰ ਸਿਹਤ ਸੰਬੰਧੀ ਮਹੱਤਵਪੂਰਨ ਜਾਣਕਾਰੀ ਦੇਣਾ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਅਪਣਾਉਣ ਲਈ ਪ੍ਰੇਰਿਤ ਕਰਨਾ ਹੈ। ਇਸ ਦਿਨ ਨੂੰ ਮਨਾਉਣ ਦਾ ਟੀਚਾ ਸਮੁੱਚੇ ਸਮਾਜ ਵਿੱਚ ਸਿਹਤ ਦੀ ਅਹਿਮੀਅਤ ਬਾਰੇ ਚੇਤਨਾ ਫੈਲਾਉਣਾ ਹੈ।

ਸਿਵਲ ਸਰਜਨ ਰੂਪਨਗਰ ਡਾ. ਤਰਸੇਮ ਸਿੰਘ ਵੱਲੋਂ ਜਾਗਰੂਕਤਾ ਸੈਮੀਨਾਰ ਦੌਰਾਨ ਸਿਹਤ ਸਬੰਧੀ ਵੱਖ-ਵੱਖ ਬਿੰਦੂਆਂ ਤੇ ਚਰਚਾ ਕੀਤੀ ਗਈ, ਜਿਸ ਵਿੱਚ ਸਿਹਤ ਸੰਬੰਧੀ ਮੁੱਖ ਚੁਣੌਤੀਆਂ- ਖਾਸ ਕਰਕੇ ਗੈਰ-ਸੰਚਾਰੀ ਰੋਗ (ਐਨ. ਸੀ. ਡੀ.) ਜਿਵੇਂ ਕਿ ਸ਼ੂਗਰ, ਦਿਲ ਦੀਆਂ ਬੀਮਾਰੀਆਂ ਅਤੇ ਕੈਂਸਰ ਬਾਰੇ ਜਾਗਰੂਕ ਕੀਤਾ ਗਿਆ। ਇਸ ਦੇ ਨਾਲ ਹੀ ਮਾਨਸਿਕ ਸਿਹਤ - ਤਣਾਅ, ਚਿੰਤਾ ਅਤੇ ਡਿਪ੍ਰੈਸ਼ਨ ਨਾਲ ਨਜਿੱਠਣ ਦੇ ਤਰੀਕੇ ਦੱਸੇ ਗਏ। ਪੋਸ਼ਣ ਅਤੇ ਸੰਤੁਲਿਤ ਖੁਰਾਕ ਸਹੀ ਖੁਰਾਕ ਦੀ ਆਦਤ ਨੂੰ ਬਣਾਉਣ ਦੀ ਲੋੜ ਤੇ ਜ਼ੋਰ ਦਿੱਤਾ ਗਿਆ। ਵੈਕਸੀਨੇਸ਼ਨ ਅਤੇ ਰੋਗਾਂ ਤੋਂ ਬਚਾਅ- ਟੀਕਾਕਰਨ ਦੀ ਮਹੱਤਤਾ ਅਤੇ ਸੰਚਾਰੀ ਰੋਗਾਂ ਤੋਂ ਸੁਰੱਖਿਆ ਬਾਰੇ ਦੱਸਿਆ ਗਿਆ। ਮਾਹਿਰਾਂ ਦੀਆਂ ਸਲਾਹਾਂ- ਮਸ਼ਹੂਰ ਡਾਕਟਰਾਂ ਅਤੇ ਸਿਹਤ ਮਾਹਿਰਾਂ ਵੱਲੋਂ ਸਿਹਤ ਸੰਭਾਲ ਬਾਰੇ ਸਿਧੇ ਸੁਝਾਅ ਦਿੱਤੇ ਗਏ।

ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਸਵਪਨਜੀਤ ਕੌਰ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਿਹਤ ਸਿਰਫ਼ ਹਸਪਤਾਲ ਜਾਂ ਦਵਾਈਆਂ ਤੱਕ ਸੀਮਤ ਨਹੀਂ, ਸਗੋਂ ਇਹ ਹਰ ਵਿਅਕਤੀ ਦੀ ਦਿਨ ਚਰਿਆ ਵਿੱਚ ਸ਼ਾਮਿਲ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿਹਤਮੰਦ ਜੀਵਨ ਲਈ ਸਹੀ ਭੋਜਨ, ਨਿਯਮਤ ਕਸਰਤ, ਯੋਗ ਅਤੇ ਤਣਾਅ ਮੁਕਤ ਜੀਵਨ ਜੀਣਾ ਬਹੁਤ ਜ਼ਰੂਰੀ ਹੈ।

ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਨਵਰੂਪ ਕੌਰ, ਐਸ.ਐਮ. ਓ.ਸਿਵਲ ਹਸਪਤਾਲ ਰੂਪਨਗਰ ਡਾ. ਉਪਿੰਦਰ ਸਿੰਘ, ਜਿਲਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਮੈਡਮ ਰਾਜ ਰਾਣੀ ਅਤੇ ਗੁਰਮੀਤ ਕੌਰ, ਡਿਪਟੀ ਮਾਸ ਮੀਡੀਆ ਅਫਸਰ ਰਵਿੰਦਰ ਸਿੰਘ ਅਤੇ ਰਿਤੂ, ਜਿਲਾ ਬੀ.ਸੀ.ਸੀ. ਕੋਆਰਡੀਨੇਟਰ ਸੁਖਜੀਤ ਕੰਬੋਜ, ਐਲ. ਐਚ. ਵੀ. ਰਾਜਿੰਦਰ ਕੌਰ, ਗੁਰਦੀਪ ਸਿੰਘ, ਭੁਪਿੰਦਰ ਕੌਰ ਅਤੇ ਹਸਪਤਾਲ ਵਿਖੇ ਆਏ ਹੋਏ ਲੋਕ ਮੌਜੂਦ ਸਨ।

# ਵਿਸ਼ਵ ਸਿਹਤ ਦਿਵਸ 'ਤੇ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਵਿਖੇ ਇੱਕ-ਰੋਜ਼ਾ ਕਨਵੈਨਸ਼ਨ

ਪਟਿਆਲਾ, 10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਦੇ ਸਕੂਲ ਫਾਰ ਸੋਸ਼ਲ ਸਾਇੰਸਜ਼ ਐਂਡ ਇੰਟਰਡਿਸਿਪਲਨਰੀ ਸਟੱਡੀਜ਼ ਨੇ ਸੰਯੁਕਤ ਰਾਸ਼ਟਰ ਦੁਆਰਾ ਮਨਾਏ ਜਾਣ ਵਾਲੇ ਵਿਸ਼ਵ ਸਿਹਤ ਦਿਵਸ 'ਤੇ ਇੱਕ-ਰੋਜ਼ਾ ਕਨਵੈਨਸ਼ਨ ਕਰਵਾਈ।



ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਮੁੱਖ ਮਹਿਮਾਨ ਅਤੇ ਬੁਲਾਰੇ ਪ੍ਰੋ. (ਡਾ.) ਰਾਜੇਸ਼ ਗਿੱਲ ਅਤੇ ਪ੍ਰੋ. (ਡਾ.) ਸੀਮਾ ਵਿਨਾਇਕ ਨੇ ਨੌਜਵਾਨ ਮਨਾਂ ਨੂੰ ਤਣਾਅ, ਡਿਪਰੈਸ਼ਨ ਅਤੇ ਕਿਸੇ ਵੀ ਸੰਬੰਧਿਤ ਸਿੰਡਰੋਮ ਜਾਂ ਵਿਕਾਰ ਨਾਲ ਨਜਿੱਠਣ ਦੀਆਂ ਰਣਨੀਤੀਆਂ ਸਿੱਖਣ ਲਈ ਪ੍ਰੇਰਿਤ ਕਰਨ ਦੇ ਨਾਲ ਨਾਲ, ਜੀਵਨ ਵਿੱਚ ਸਰੀਰਕ ਸਿਹਤ ਚੁਣੌਤੀਆਂ ਦਾ ਮੁਕਾਬਲਾ ਕਰਨ ਦੇ ਨਾਲ-ਨਾਲ ਗੁਣਵੱਤਾ ਵਾਲਾ ਜੀਵਨ ਜੀਉਣਾ ਸਿਖਾਇਆ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਮਾਜ ਸ਼ਾਸਤਰ ਵਿਭਾਗ ਦੇ ਸਾਬਕਾ ਮੁਖੀ ਅਤੇ ਪ੍ਰੋਫੈਸਰ ਪ੍ਰੋਫੈਸਰ ਗਿੱਲ ਨੇ 'ਸਿਹਤਮੰਦ ਅਤੇ ਖੁਸ਼ਹਾਲ ਜੀਵਨ ਕਿਵੇਂ ਜੀਣਾ ਹੈ' ਸੰਬੰਧੀ 'ਟੈਅਵੇਅ' ਦੀ ਇੱਕ ਵਿਸਤ੍ਰਿਤ ਸੂਚੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਇੱਕ ਸਕਾਰਾਤਮਕ ਅਤੇ ਮਨੁੱਖੀ ਮਨ ਹਰ ਕਿਸੇ ਨੂੰ ਆਪਣੇ ਲਈ ਅਤੇ ਦੂਜਿਆਂ ਲਈ ਇੱਕ ਬਿਹਤਰ ਸਮਾਜ ਬਣਾਉਣ ਵਿੱਚ ਮਦਦ ਕਰਦਾ ਹੈ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਮਨੋਵਿਗਿਆਨ ਵਿਭਾਗ ਦੇ ਮੁਖੀ ਅਤੇ ਪ੍ਰੋਫੈਸਰ ਪ੍ਰੋਫੈਸਰ ਵਿਨਾਇਕ ਨੇ ਕਿਹਾ ਕਿ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਸਿਹਤ ਵਿਚਕਾਰ ਇੱਕ ਮਜ਼ਬੂਤ ਸਬੰਧ ਹੈ; ਅਤੇ ਮਨ ਅਤੇ ਸਰੀਰ ਦੀ ਹਰ ਪ੍ਰਤੀਕਿਰਿਆ ਨੂੰ ਸਮਝਦਾਰੀ ਨਾਲ ਸਮਝਣਾ ਅਤੇ ਪ੍ਰਤੀਕਿਰਿਆ ਕਰਨੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ , ਸਾਨੂੰ ਸਰੀਰ ਦੇ ਅੰਦਰ ਹੋ ਰਹੇ ਕਿਸੇ ਵੀ ਵਿਗਾੜ ਬਾਰੇ ਕਿਸੇ ਵੀ ਸੰਦੇਸ਼ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਆਪਣੀ ਸਰੀਰਕ ਸਿਹਤ ਪ੍ਰਤੀ ਸੁਚੇਤ ਰਹਿਣ ਨਾਲ ਸਾਨੂੰ ਇੱਕ ਚੰਗੀ ਮਾਨਸਿਕ ਅਤੇ ਭਾਵਨਾਤਮਕ ਸਿਹਤ ਬਣਾਈ ਰੱਖਣ ਵਿੱਚ ਮਦਦ ਮਿਲ ਸਕਦੀ ਹੈ।

ਰਜਿਸਟਰਾਰ (ਕਾਰਜਕਾਰੀ) ਡਾ. ਇਵਨੀਤ ਵਾਲੀਆ ਨੇ ਸਵਾਗਤ ਦੇ ਸ਼ਬਦਾਂ ਨਾਲ ਸਮਾਗਮ ਦੀ ਸ਼ੋਭਾ ਵਧਾਈ ਅਤੇ ਸਾਂਝਾ ਕੀਤਾ ਕਿ ਪਰਮਾਤਮਾ ਵੀ ਚਾਹੁੰਦਾ ਹੈ ਕਿ ਅਸੀਂ ਸਾਰੇ ਪੂਰੀ ਦੁਨੀਆ ਦੀ ਭਲਾਈ ਦੀ ਉਮੀਦ ਕਰੀਏ ਅਤੇ ਪ੍ਰਾਰਥਨਾ ਕਰੀਏ, ਜਿਸ ਤੋਂ ਬਿਨਾਂ ਮਨੁੱਖੀ ਕਦਰਾਂ-ਕੀਮਤਾਂ ਮਨੁੱਖੀ ਸੰਸਾਰ ਵਿੱਚ ਇੱਕ ਸੱਚਾ ਸਿੱਟਾ ਨਹੀਂ ਕੱਢਦੀਆਂ।

ਸਕੂਲ ਆਫ਼ ਸੋਸ਼ਲ ਸਾਇੰਸਜ਼ ਐਂਡ ਇੰਟਰਡਿਸਿਪਲਿਨਰੀ ਸਟੱਡੀਜ਼ ਦੇ ਕਨਵੀਨਰ ਡਾ. ਜਸਲੀਨ ਕੇਵਲਾਨੀ ਨੇ ਕਿਹਾ ਕਿ ਅੱਜ ਮੌਤ ਅਤੇ ਬਿਮਾਰੀਆਂ ਦੀ ਕੋਈ ਉਮਰ ਨਹੀਂ ਹੁੰਦੀ ਅਤੇ ਕਈ ਵਾਰ ਬਿਮਾਰੀਆਂ ਬਿਨਾਂ ਕਿਸੇ ਲੱਛਣ ਦੇ ਚੁੱਪ ਕਾਤਲ ਹੁੰਦੀਆਂ ਹਨ। ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਸਾਰੇ ਆਪਣੇ ਸਰੀਰ ਅਤੇ ਮਨ ਵਿੱਚ ਹੋਣ ਵਾਲੀਆਂ ਛੋਟੀਆਂ ਤੋਂ ਵੱਡੀਆਂ ਤਬਦੀਲੀਆਂ ਤੋਂ ਵੀ ਸਾਵਧਾਨ ਰਹੀਏ।

# ਪੰਜਾਬ ਸਰਕਾਰ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਕਰ ਹੈ ਵਿਸ਼ੇਸ਼ ਉਪਰਾਲੇ : ਜਤਿੰਦਰ ਸਿੰਘ ਭੱਲਾ



ਰਾਏਕੇ ਕਲਾਂ, 8 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਪੰਜਾਬ . ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਸਿੱਖਿਆ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਇਨ੍ਹਾਂ ਗੱਲਾ ਦਾ ਪ੍ਰਗਟਾਵਾਂ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸ ਜਤਿੰਦਰ ਸਿੰਘ ਭੱਲਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਆਧੁਨਿਕ ਕਲਾਸ ਰੂਮ ਦਾ ਉਦਘਾਟਨ ਕਰ ਮੌਕੇ ਕੀਤਾ।

ਇਸ ਮੌਕੇ ਚੇਅਰਮੈਨ ਸ. ਜਤਿੰਦਰ ਸਿੰਘ ਭੱਲਾ ਨੇ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਰੋਜਗਾਰ ਦੇਣ ਤੇ ਉਨ੍ਹਾਂ ਨੂੰ ਸਵੈ ਰੋਜ਼ਗਾਰ ਦੇ ਕਾਬਿਲ ਬਣਾਉਣ ਲਈ ਯਤਨਸ਼ੀਲ ਅਤੇ ਵਚਨਵੱਧ ਹੈ। ਉਨ੍ਹਾਂ ਕਿਹਾ ਕਿ ਜੇਕਰ ਰੋਜ਼ਗਾਰ ਦੀ ਗੱਲ ਕਰੀਏ ਤਾਂ ਪੰਜਾਬ ਸਰਕਾਰ ਨੇ ਹੁਣ ਤੱਕ ਨੌਜਵਾਨ ਲੜਕੇ ਤੇ ਲੜਕੀਆਂ ਨੂੰ 56 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਬਿਨਾਂ ਕਿਸੇ ਰਿਸ਼ਵਤ ਦੇ ਦਿੱਤੀਆਂ ਜਾ ਚੁੱਕੀਆਂ ਹਨ। ਇਸ ਦੌਰਾਨ ਚੇਅਰਮੈਨ ਆਬਕਾਰੀ ਤੇ ਕਰ ਵਿਭਾਗ ਸ਼੍ਰੀ ਅਨਿਲ ਠਾਕੁਰ ਨੇ ਕਿਹਾ ਕਿ ਸੂਬਾ ਸਰਕਾਰ 'ਜ਼ੀਰੋ ਟਾਲਰੈਂਸ' ਨੀਤੀ ਤਹਿਤ ਪੂਰਨ ਕੰਮ ਕਰ ਰਹੀ ਹੈ ਅਤੇ ਰਿਸ਼ਵਤਖੋਰਾਂ ਨੂੰ ਕਰੜੇ ਹੱਥੀਂ ਲੈ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਸੂਬੇ 'ਚ ਕਾਨੂੰਨ ਦੀ ਵਿਵਸਥਾ ਵਿੱਚ ਸੁਧਾਰ ਲਈ ਵਿਸ਼ੇਸ਼ ਪਹਿਲਕਦਮੀਆਂ ਵੀ ਕਰ ਰਹੀ ਹੈ।

ਇਸ ਦੌਰਾਨ ਚੇਅਰਮੈਨ ਸ਼੍ਰੀ ਅਨਿੱਲ ਠਾਕੁਰ ਨੇ ਕਿਹਾ ਕਿ ਸੂਬਾ ਸਰਕਾਰ ਆਮ ਲੋਕਾਂ ਨੂੰ ਉਨ੍ਹਾਂ ਦੇ ਦਰਾਂ ਨੇੜੇ ਵਧੀਆਂ ਸਿਹਤ ਸਹੂਲਤਾਂ ਦੇਣ ਲਈ ਵਚਨਵੱਧ ਹੈ। ਉਨ੍ਹਾਂ ਕਿਹਾ ਕਿ ਰਾਜ ਅੰਦਰ ਮੁਹੱਲਾ ਕਲੀਨਿਕ ਚਾਲੂ ਹੋਣ ਨਾਲ 3 ਕਰੋੜ ਤੋਂ ਵੀ ਵੱਧ ਲੋਕਾਂ ਨੇ ਇਸ ਸਹੂਲਤ ਦਾ ਫਾਇਦਾ ਲਿਆ। ਇਨ੍ਹਾਂ ਕਲੀਨਿਕਾਂ ਵਿੱਚ ਮੁਫਤ ਇਲਾਜ, ਦਵਾਈਆਂ ਅਤੇ ਟੈਸਟ ਕੀਤੇ ਜਾ ਰਹੇ ਹਨ।

# ਪੁਲਿਸ ਟੀਮਾਂ ਨੇ ਛੇ ਜ਼ਿਲ੍ਹਿਆਂ ਦੀਆਂ ਜੇਲ੍ਹਾਂ ਦੀ ਤਲਾਸ਼ੀ ਲਈ: ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ

ਚੰਡੀਗੜ੍ਹ, 10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ 38ਵੇਂ ਦਿਨ, ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਦੇ 225 ਬੱਸ ਅੱਡਿਆਂ 'ਤੇ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਚਲਾਈ।ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਵਿਸ਼ੇਸ਼ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ, ਜੋ ਇਸ ਰਾਜ ਪੱਧਰੀ ਕਾਰਵਾਈ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਸਨ, ਵੱਲੋਂ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਇਸ ਕਾਰਵਾਈ ਨੂੰ ਸਫਲ ਬਣਾਉਣ ਲਈ ਸੁਪਰਡੈਂਟ ਆਫ਼ ਪੁਲਿਸ (ਐਸਪੀ) ਰੈਂਕ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਭਾਰੀ ਪੁਲਿਸ ਫੋਰਸ ਤਾਇਨਾਤ ਕਰਨ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਆਪ੍ਰੇਸ਼ਨ ਦੌਰਾਨ ਸੂਬੇ ਦੇ ਲਗਭਗ 225 ਬੱਸ ਅੱਡਿਆਂ 'ਤੇ ਤਕਰੀਬਨ 2947 ਲੋਕਾਂ ਦੀ ਤਲਾਸ਼ੀ ਲਈ ਗਈ।



ਇਸ ਤੋਂ ਇਲਾਵਾ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ ਜਾਰੀ ਰੱਖਦਿਆਂ ਅੱਜ 466 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਸੂਬੇ ਭਰ ਵਿੱਚ 31 ਐਫਆਈਆਰ ਦਰਜ ਕਰਨ ਤੋਂ ਬਾਅਦ 38 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਨਾਲ 38 ਦਿਨਾਂ ਦੇ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 5239 ਹੋ ਗਈ ਹੈ। ਸਪੈਸ਼ਲ ਡੀਜੀਪੀ ਨੇ ਕਿਹਾ ਕਿ ਛਾਪੇਮਾਰੀ ਉਪਰੰਤ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 2.2 ਕਿਲੋ ਹੈਰੋਇਨ, 1.8 ਕਿਲੋ ਅਫੀਮ ਅਤੇ 17,600 ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ, ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 87 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1200 ਤੋਂ ਵੱਧ ਪੁਲਿਸ ਮੁਲਾਜ਼ਮਾਂ ਦੀ ਨਫ਼ਰੀ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 481 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਇੱਕ ਵਿਆਪਕ ਰਣਨੀਤੀ ਤਿਆਰ ਕੀਤੀ ਹੈ ਅਤੇ ਅਜਿਹੇ ਆਪ੍ਰੇਸ਼ਨ ਸੂਬੇ ਵਿੱਚੋਂ ਨਸ਼ੇ ਦੀ ਲਾਹਣਤ ਦੇ ਮੁਕੰਮਲ ਖਾਤਮੇ ਤੱਕ ਜਾਰੀ ਰਹਿਣਗੇ। ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਤਿੰਨ-ਨੁਕਾਤੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਐਂਡ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ, ਜਿਸ ਨਾਲ ਪੰਜਾਬ ਪੁਲਿਸ ਨੇ 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ ਇੱਕ ਵਿਅਕਤੀ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਲਈ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ। ਦੱਸਣਯੋਗ ਹੈ ਕਿ ਪੰਜਾਬ ਪੁਲਿਸ ਨੇ ਜੇਲ੍ਹ ਵਿੱਚ ਕਿਸੇ ਵੀ ਤਰ੍ਹਾਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਛੇ ਜ਼ਿਲ੍ਹਿਆਂ ਕਮਿਸ਼ਨਰੇਟ ਅੰਮ੍ਰਿਤਸਰ, ਪਠਾਨਕੋਟ, ਗੁਰਦਾਸਪੁਰ, ਬਟਾਲਾ, ਅੰਮ੍ਰਿਤਸਰ ਦਿਹਾਤੀ ਅਤੇ ਤਰਨਤਾਰਨ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਵੀ ਤਲਾਸ਼ੀ ਮੁਹਿੰਮ ਚਲਾਈ। ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਕਿਹਾ ਕਿ ਸਾਡੀਆਂ ਪੁਲਿਸ ਟੀਮਾਂ ਨੇ ਜੇਲ੍ਹ ਕੰਪਲੈਕਸ ਵਿੱਚ ਬੈਰਕਾਂ, ਰਸੋਈ ਘਰਾਂ ਅਤੇ ਪਖਾਨਿਆਂ ਸਮੇਤ ਹਰੇਕ ਕੋਨੇ ਦੀ ਚੰਗੀ ਤਰ੍ਹਾਂ ਤਲਾਸ਼ੀ ਲਈ।

# ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਕੇਂਦਰੀ ਮੰਤਰੀ ਜੇ.ਪੀ.ਨੱਢਾ ਨਾਲ ਮੁਲਾਕਾਤ

ਨਵੀਂ ਦਿੱਲੀ, 10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਅੱਜ ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਜੇ.ਪੀ.ਨੱਢਾ ਨੂੰ ਅਪੀਲ ਕੀਤੀ ਗਈ ਕਿ ਈ-ਫਾਰਮੇਸੀਆਂ ਨੂੰ ਨਿਯਮਿਤ ਕਰਨ ਲਈ ਸਖਤ ਨਿਯਮ ਅਮਲ ਵਿਚ ਲਿਆਂਦੇ ਜਾਣ ਖਾਸ ਕਰ ਤਾਂ ਜੋ ਇਹਨਾਂ ਨੂੰ ਮਨੋਵਿਗਿਆਨਕ ਬੀਮਾਰੀਆਂ ਦੇ ਇਲਾਜ ਨਾਲ ਸਬੰਧਤ ਦਵਾਈਆ (ਸਾਈਕੋਟ੍ਰਾਪਿਕ ਦਵਾਈਆ )ਬਿਨਾਂ ਡਾਕਟਰੀ ਪਰਚੀ ਦੇ ਵੇਚਣ ਤੋਂ ਰੋਕਿਆ ਜਾ ਸਕੇ। ਪੰਜਾਬ ਦੇ ਕੈਬਨਿਟ ਮੰਤਰੀ ਵੱਲੋਂ ਕੀਤੀ ਗਈ ਇਹ ਅਪੀਲ ਪੰਜਾਬ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਗਈ ਮੁਹਿੰਮ ਨਾਲ ਹੀ ਮਿਲਵੀ ਹੈ ਅਤੇ ਡਰੱਗਜ਼ ਅਤੇ ਕਾਸਮੈਟਿਕ ਐਕਟ 1940 ਅਤੇ ਨਾਰਕੌਟਿਕ ਡਰੱਗਜ਼ ਅਤੇ ਸਾਈਕੋਟ੍ਰਾਪਿਕ ਸਬਸਟਾਂਸੈਂਸ ਐਕਟ 1985, ਜੋ ਅਜਿਹੀਆਂ ਦਵਾਈਆਂ ਦੇ ਸੇਲ ਨੂੰ ਨਿਯਮਿਤ ਕਰਦੇ ਹਨ, ਦੇ ਨਿਯਮਾਂ ਦੀ ਰੌਸ਼ਨੀ ਵਿਚ ਹੀ ਹੈ। ਡਾ. ਬਲਬੀਰ ਸਿੰਘ ਵੱਲੋਂ ਇਥੋਂ ਦੇ ਨਿਰਮਾਣ ਭਵਨ ਵਿਖੇ ਕੇਂਦਰੀ ਸਿਹਤ ਮੰਤਰੀ ਨਾਲ ਮੀਟਿੰਗ ਦੌਰਾਨ ਇਹ ਮੁੱਦਾ ਚੁੱਕਿਆ ਗਿਆ।

ਪੰਜਾਬ ਦੇ ਸਿਹਤ ਮੰਤਰੀ ਵੱਲੋਂ ਕੀਤੀ ਗਈ ਇਹ ਅਪੀਲ ਆਨ-ਲਾਈਨ ਪਲੇਟਫਾਰਮਾਂ ਦੀ ਦੁਰਵਰਤੋਂ ਦੇ ਸਰੋਕਾਰਾਂ ਨਾਲ ਜੁੜੀ ਹੋਈ ਹੈ। ਉਨਾਂ ਇਸ ਲੋੜ ਤੇ ਜੋਰ ਦਿੱਤਾ ਕਿ ਸਖਤ ਨਿਯਮ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਇਹ ਦਵਾਈਆਂ ਸਿਰਫ ਮੈਡੀਕਲ ਨਿਗਰਾਨੀ ਹੇਠ ਹੀ ਉਪਲਬਧ ਹੋਣ। ਉਨਾਂ ਕਿਹਾ ਕਿ ਇਸ ਨਾਲ ਪੰਜਾਬ ਅੰਦਰ ਨਸ਼ਿਆ ਖਿਲਾਫ ਚਲਾਈ ਜਾ ਰਹੀ ਵੱਡੇ ਪੈਮਾਨੇ ਦੀ ਮੁਹਿੰਮ ਨੂੰ ਹੋਰ ਮਜ਼ਬੂਤੀ ਮਿਲੇਗੀ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਕੇਂਦਰੀ ਸਿਹਤ ਮੰਤਰੀ ਦੁਆਰਾ ਇਸ ਨਾਲ ਸਹਿਮਤੀ ਪ੍ਰਗਟਾਈ ਗਈ।

ਆਯੁਸ਼ਮਾਨ ਬੀਮਾ ਯੋਜਨਾ ਤਹਿਤ ਪੰਜਾਬ ਦੀ ਸਿਹਤ ਏਜੰਸੀ ਦੇ ਕੇਂਦਰ ਵੱਲ ਬਕਾਇਆ ਫੰਡਾਂ ਦੇ ਮੁੱਦੇ ਬਾਰੇ ਭਾਰਤ ਦੇ ਸਿਹਤ ਮੰਤਰਾਲੇ ਵੱਲੋਂ ਯੋਜਨਾ ਨੂੰ ਕਾਮਯਾਬੀ ਨਾਲ ਚਲਾਉਣ ਲਈ ਕਰੀਬ 54 ਕਰੋੜ ਰੁਪਏ ਜਾਰੀ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਸ੍ਰੀ ਨੱਢਾ ਨੇ ਸੂਬੇ ਦੇ ਸਿਹਤ ਮੰਤਰੀ ਨੂੰ ਭਰੋਸਾ ਦਿਵਾਇਆ ਕਿ ਕਰੀਬ 50 ਕਰੋੜ ਰੁਪਏ ਆਉਂਦੇ ਹਫਤਿਆਂ/ਮਹੀਨਿਆਂ ਵਿਚ ਕੁਝ ਉਪਚਾਰਕ ਕਦਮ ਉਠਾਏ ਜਾਣ ਤੋਂ ਬਾਅਦ ਜਾਰੀ ਕਰ ਦਿੱਤੇ ਜਾਣਗੇ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਵਿਚ ਦਵਾਈਆਂ ਦੀ ਦੁਰਵਰਤੋ ਨੂੰ ਰੋਕਣ ਲਈ ਚਲਾਈ ਜਾ ਰਹੀ ਮੁਹਿੰਮ ਨੂੰ ਇਸ ਨਾਲ ਮਜ਼ਬੂਤੀ ਮਿਲੇਗੀ ਕਿ ਕੇਂਦਰੀ ਸਿਹਤ ਮੰਤਰੀ ਵੱਲੋਂ ਪੰਜਾਬ ਦੁਆਰਾ ਪ੍ਰੈਗਾਬਲਿਨ ਅਤੇ ਟੈਪਨਟਾਡੋਲ ਨੂੰ ਡਰੱਗ ਰੂਲ 1945 ਦੀ ਸੂਚੀ ਐਚ-1 ਵਿਚ ਸ਼ਾਮਲ ਕਰਨ ਦੇ ਪ੍ਰਸਤਾਵ ਤੇ ਸਹਿਮਤੀ ਪ੍ਰਗਟਾਈ ਗਈ ਹੈ।

ਪੰਜਾਬ ਦੇ ਕੈਬਨਿਟ ਮੰਤਰੀ ਨੇ ਵੱਲੋਂ ਸ੍ਰੀ ਨੱਢਾ ਨੂੰ ਸੂਚਿਤ ਕੀਤਾ ਗਿਆ ਕਿ ਪ੍ਰੈਗਾਬਲਿਨ, ਜਿਸਦੀ ਵਿਸ਼ੇਸ਼ ਵਰਤੋ ਦਿਮਾਗੀ ਦਰਦ ਅਤੇ ਐਪੀਲੈਪਸੀ, ਅਤੇ ਟੈਪਨਟਾਡੋਲ ਬਾਰੇ ਚਿੰਤਾਮਈ ਸਰੋਕਾਰ ਬਣਦੇ ਹਨ ਕਿਉਂਜੋ ਇਸਦੀ ਪੰਜਾਬ ਤੇ ਹੋਰਨਾਂ ਥਾਵਾਂ ਤੇ ਦੁਰਵਰਤੋ ਵਧ ਹੈ। ਸਖਤ ਕਦਮ ਉਠਾਏ ਜਾਣ ਤੇ ਜੋਰ ਦਿੰਦਿਆਂ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ ਇਹਨਾਂ ਦੀ ਵੱਡੇ ਪੈਮਾਨੇ ਤੇ ਜਬਤੀ ਕੀਤੀ ਹੈ, ਜਿਸ ਵਿਚ 2024 ਵਿਚ ਪ੍ਰੈਗਾਬਲਿਨ ਦੀ 5 ਕਰੋੜ ਤੋਂ ਜਿਆਦਾ ਦੀ ਜਬਤੀ ਕੀਤੀ ਗਈ ਹੈ।

*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।*

## ਸੋਨ ਸੁਨਹਿਰੀ ਕਲਮਾਂ

# ਸਮਾਜਿਕ ਕਦਰਾਂ ਕੀਮਤਾਂ ਦੀ ਗੱਲ ਕਰਨ ਵਾਲਾ ਲੇਖਕ


ਜਿੰਮੀ ਅਹਿਮਦਗੜ੍ਹ

ਸਾਹਿਤਕ ਖੇਤਰ ਵਿਚ ਆਪਣੇ ਗੀਤਾਂ, ਗ਼ਜ਼ਲਾਂ ਰਾਹੀਂ ਸਮਾਜਿਕ ਬੁਰਾਈਆਂ, ਪਖੰਡੀ ਸਾਧਾਂ ਤੇ ਆਪਣੀ ਕਲਮ ਰਾਹੀਂ ਵਿਅੰਗਮਈ ਢੰਗ ਨਾਲ ਚੋਟ ਲਾਉਣ ਵਾਲੇ ਨੌਜਵਾਨ ਲੇਖਕ ਜਿੰਮੀ ਅਹਿਮਦਗੜ੍ਹ ਦਾ ਜਨਮ 15 ਸਤੰਬਰ ਨੂੰ ਝੰਮਟ ਪਿੰਡ, ਜ਼ਿਲ੍ਹਾ ਮੋਗਾ ਵਿਖੇ ਪਿਤਾ ਜਸਵੰਤ ਸਿੰਘ ਅਤੇ ਮਾਤਾ ਸੁਰਿੰਦਰ ਕੌਰ ਦੇ ਘਰ ਹੋਇਆ। ਜਿੰਮੀ ਨੂੰ ਸਕੂਲ ਟਾਇਮ ਤੋਂ ਹੀ ਲਿਖਣ ਦਾ ਸ਼ੌਕ ਪਿਆ। ਜਿੰਮੀ ਦਾ ਅਸਲ ਨਾਂ ਗੁਰਪ੍ਰੀਤ ਸਿੰਘ ਉੱਭੀ ਹੈ ਅਤੇ ਅੱਜ-ਕੱਲ੍ਹ ਉਹ ਜ਼ਿਲ੍ਹਾ ਸੰਗਰੂਰ ਦੇ ਕਸਬਾ ਮੰਡੀ ਅਹਿਮਦਗੜ੍ਹ ਵਿਖੇ ਰਹਿ ਰਿਹਾ ਹੈ। ਜਿੰਮੀ ਇਲਾਕੇ ਦੀਆਂ ਵੱਖ-ਵੱਖ ਸਾਹਿਤਕ ਸਭਾਵਾਂ ਨਾਲ ਜੁੜਿਆ ਹੋਇਆ ਹੈ। ਉਸ ਨੂੰ ਲਿਖਣ ਦੇ ਨਾਲ-ਨਾਲ ਕਿਤਾਬਾਂ ਪੜ੍ਹਨ ਦਾ ਵੀ ਸ਼ੌਕ ਹੈ। ਪੇਸ਼ ਹੈ ਜਿੰਮੀ ਅਹਿਮਦਗੜ੍ਹ ਦੀ ਕਵਿਤਾ।

• ਹਰਮਨ ਸੂਫ਼ੀ
70098-00465

### ਕਵਿਤਾ

ਰੱਬਾ ਸਾਨੂੰ ਸਮਝ ਨੀਂ ਆਈ।
ਤੇਰੀ ਕੋਈ ਖੇਡ ਰਚਾਈ।

ਜੀਵਨ ਦੇਣਾ ਦੇ ਕੇ ਲੈਣਾ,
ਇਸ ਤੋਂ ਤੈਨੂੰ ਕੀ ਕਮਾਈ।

ਇਕ ਪਾਸੇ ਤੂੰ ਭਾਂਬੜ ਬਾਲੇ,
ਇਕ ਪਾਸੇ ਤੂੰ ਕਲੀ ਬਣਾਈ।

ਜੋ ਤੂੰ ਚਹੁੰਣਾ ਓਹੀ ਹੋਣਾ,
ਫਿਰ ਕਿਉਂ ਭੱਜੀ ਫਿਰੇ ਲੁਕਾਈ।

ਰਾਹੀ ਵੀ ਤੂੰ ਰਹਿਬਰ ਵੀ ਤੂੰ,
ਖ਼ੁਦ ਨੂੰ ਜਾਵੇਂ ਰਾਹੇ ਪਾਈ।

ਤੂੰ ਬਣਵਾਏ ਜਾਂ ਫਿਰ ਬਣਗੇ,
ਹਿੰਦੂ ਮੁਸਲਿਮ ਸਿੱਖ ਇਸਾਈ।

ਕੰਨ-ਕੰਨ ਦੇ ਨਾਲ ਜੋੜ ਕੇ ਤਾਰਾਂ,
ਕਿੱਥੇ ਬੈਠਾਂ ਡੇਰਾ ਲਾਈ।



ਸਾਡਾ ਪਤਾ ਹੈ–
ਸੰਪਾਦਕ, ਪੰਜਾਬੀ ਜਾਗਰਣ, ਸੀ–120, ਫੋਕਲ ਪੁਆਇੰਟ ਐਕਸਟੈਂਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

# ਮਿਹਨਤ ਨਾਲ ਕਮਾਇਆ ਸੁਖ

ਕੋਈ ਵੀ ਦੇਸ਼ ਹੋਵੇ ਉਸ ਦੇ ਲੋਕ ਵੱਖ-ਵੱਖ ਢੰਗਾਂ ਨਾਲ ਜਿਊਣਾ ਪਸੰਦ ਕਰਦੇ ਹਨ। ਸਭ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਆਪਣਾ ਜੀਵਨ ਵਧੀਆ ਤੇ ਸੁੱਖੀ ਜੀਅ ਸਕੇ। ਜਿਹੜੇ ਲੋਕੀ ਮਿਹਨਤ ਤੇ ਲਗਨ ਨਾਲ ਕੋਸ਼ਿਸ਼ ਕਰਦੇ ਹਨ ਉਨ੍ਹਾਂ ਦੀ ਕੋਸ਼ਿਸ਼ ਇਕ ਨਾ ਇਕ ਦਿਨ ਰੰਗ ਲਿਆਉਂਦੀ ਹੈ। ਸੁੱਖੀ ਜੀਵਨ ਜੀਣ ਲਈ ਜ਼ਿੰਦਗੀ ਵਿਚ ਬਹੁਤ ਧੱਕੇ ਖਾਣੇ ਪੈਂਦੇ ਹਨ, ਜਿਵੇਂ ਸਿਆਣੇ ਕਹਿੰਦੇ ਹਨ, 'ਰੋਟੀ ਖਾਣ ਦੇ ਲਈ ਸੌ ਪਾਪੜ ਵੇਲਣੇ ਪੈਂਦੇ।' ਤਾਂ ਜਾ ਕੇ ਰੋਟੀ ਪ੍ਰਾਪਤ ਹੁੰਦੀ ਹੈ। ਜੇ ਗੱਲ ਕਰੀਏ ਉਸ ਮਨੁੱਖ ਦੀ ਜੋ ਕੰਮ ਕਰਨ ਵਿਚ ਖ਼ੁਸ਼ੀ ਮਹਿਸੂਸ ਨਹੀ ਕਰਦਾ, ਜਿਹੜਾ ਵਿਹਲੇ ਰਹਿਣਾ ਪਸੰਦ ਕਰਦਾ ਇਸ ਕਰਕੇ ਹੀ ਉਸ ਨੂੰ ਮਿਲਣ ਵਾਲਾ ਸੁੱਖ ਕਿੱਤੇ ਦੂਰ ਰਹਿ ਜਾਂਦਾ ਹੈ। ਜੋ ਮਿਹਨਤ ਦੇ ਰਸਤੇ 'ਤੇ ਹੈ ਉਸ ਨੂੰ ਮਿਹਨਤ ਨਾਲ ਮਿਲਿਆ ਸੁੱਖ ਸਾਰੀ ਜ਼ਿੰਦਗੀ ਉਸ ਦੇ ਨਾਲ ਰਹਿੰਦਾ ਹੈ। ਇਸ ਲਈ ਸਾਰਿਆਂ ਨੂੰ ਸੁੱਖੀ ਜੀਵਨ ਜੀਣ ਲਈ ਸਭ ਤੋਂ ਪਹਿਲਾਂ ਸਖ਼ਤ ਮਿਹਨਤ ਕਰਨ ਦੀ ਲੋੜ ਹੈ ਜਿਸ ਨਾਲ ਇਮਸਾਨ ਆਪਣੀ ਤੇ ਪਰਿਵਾਰ ਦੀ ਜ਼ਿੰਦਗੀ 'ਚ ਸੁਖਾਂ ਨਾਲ ਭਰ ਲਵੇਗਾ।

• ਅੰਮ੍ਰਿਤਾ



# ਰਿਸ਼ਤਿਆਂ ਨੂੰ ਖਾ ਰਹੀ ਹੈ ਬੇਇਤਫ਼ਾਕੀ ਦੀ ਸਿਉਂਕ

ਜੀਵਨ ਨੂੰ ਜਿਊਣਯੋਗ, ਖ਼ੁਸ਼ਗਵਾਰ ਤੇ ਰਵਾਨੀ ਭਰਪੂਰ ਬਣਾਉਣ ਲਈ ਕੁਦਰਤ ਨੇ ਮਨੁੱਖ ਨੂੰ ਰਿਸ਼ਤਿਆਂ ਦੇ ਵੱਖ-ਵੱਖ ਰੰਗਾਂ ਦੇ ਖ਼ੂਬਸੂਰਤ ਫੁੱਲਾਂ ਰੂਪੀ ਗੁਲਦਸਤੇ ਦੀ ਦਾਤ ਬਖ਼ਸ਼ੀ ਹੈ। ਰਿਸ਼ਤਿਆਂ ਦੀ ਇਸ ਫੁੱਲਵਾੜੀ ਸੰਗ ਵਿਚਰਦਿਆਂ ਹੀ ਮਨੁੱਖ ਨੂੰ ਇਹ ਧਰਤੀ ਬਹੁਤ ਸੁਹਾਵਣੀ ਲੱਗਦੀ ਹੈ। ਅਸਲ ਵਿਚ ਮਨੁੱਖ ਦਾ ਇਸ ਧਰਤੀ ਨਾਲ ਸਬੰਧ ਹੀ ਰਿਸ਼ਤਿਆਂ ਦੇ ਵਿਲੱਖਣ ਵਰਤਾਰੇ ਕਾਰਨ ਜੁੜਦਾ ਹੈ। ਮਨੁੱਖ ਲੱਖ ਕਹੀ ਜਾਵੇ ਕਿ ਮੇਰਾ ਕਿਸੇ ਨਾਲ ਕੋਈ ਰਿਸ਼ਤਾ ਨਹੀਂ ਪਰ ਰਿਸ਼ਤਿਆਂ ਦੀਆਂ ਮੋਹ ਭਰੀਆਂ ਤੰਦਾਂ ਕਾਰਨ ਹੀ ਉਹ ਇਸ ਧਰਤ-ਰੂਪੀ ਬਾਗ਼ ਦਾ ਹਿੱਸਾ ਬਣਦਾ ਹੈ। ਮਨੁੱਖ ਦੀਆਂ ਸਾਰੀਆਂ ਗਤੀ-ਵਿਧੀਆਂ, ਖ਼ੁਸ਼ੀਆਂ, ਉਦਾਸੀਆਂ ਤੇ ਲਾਲਸਾਵਾਂ ਰਿਸ਼ਤਿਆਂ ਦਾ ਸਬੱਬ ਹੀ ਹੈ। ਮਨੁੱਖ ਨੂੰ ਸਮਾਜਿਕ ਪ੍ਰਾਣੀ ਵੀ ਇਸ ਕਾਰਨ ਹੀ ਕਿਹਾ ਜਾਂਦਾ ਹੈ ਕਿ ਉਸ ਦੀਆਂ ਬਹੁਤ ਸਾਰੀਆਂ ਲੋੜਾਂ ਦੀ ਪੂਰਤੀ ਲਈ ਉਹ ਸਮਾਜ ਵਿਚ ਵਿਚਰਦਾ ਹੈ। ਕੁਦਰਤੀ ਰੂਪ ਵਿਚ ਮਿਲੇ ਖ਼ੂਨ ਅਤੇ ਹੋਰ ਸੱਭਿਆਚਾਰਕ ਰਿਸ਼ਤਿਆਂ ਸੰਗ ਵਿਚਰਨ ਕਰਕੇ ਹੀ ਮਨੁੱਖ ਨੂੰ ਇਹ ਜੀਵਨ ਬਹੁਤ ਸੁਹਾਵਣਾ ਜਾਪਦਾ ਹੈ ਤੇ ਉਹ ਇਸ ਦੀਆਂ ਦੁਸ਼ਵਾਰੀਆਂ ਨੂੰ ਵੀ ਝੱਲ ਲੈਂਦਾ ਹੈ।

### ਜੀਵਨ ਦੀ ਸੁੰਦਰਤਾ

ਰਿਸ਼ਤਿਆਂ ਵਿਚ ਕੋਈ ਵਿਗਾੜ ਪੈ ਜਾਵੇ ਤਾਂ ਜੀਵਨ ਦੀ ਸੁੰਦਰਤਾ ਦੇ ਸਾਰੇ ਰੰਗ ਫਿੱਕੇ ਪੈ ਜਾਂਦੇ ਹਨ। ਖ਼ੁਸ਼ੀਆਂ ਭਰੀ ਜ਼ਿੰਦਗੀ ਵੀ ਨਰਕ ਲੱਗਣ ਲੱਗਦੀ ਹੈ। ਮਨੁੱਖ, ਜੀਵਨ ਦੇ ਦਿਨ ਤਾਂ ਕੱਟੀ ਜਾਂਦਾ ਹੈ ਪਰ ਇਸ ਬੇ-ਰਸ ਜ਼ਿੰਦਗੀ ਵਿਚ ਕੋਈ ਹੁਲਾਸ ਨਾਂ ਹੋਣ ਕਾਰਨ ਮਨੁੱਖ ਦਾ ਮਨ ਉਚਾਟ ਹੋਇਆ ਰਹਿੰਦਾ ਹੈ। ਬੇਇਤਫ਼ਾਕੀ ਦਾ ਨਾਗ ਜਿਹੜੇ ਘਰ ਪਰਿਵਾਰ ਜਾਂ ਰਿਸ਼ਤਿਆਂ ਨੂੰ ਡੱਸ ਜਾਵੇ ਉੱਥੇ ਫੈਲਿਆ ਇਹ ਜ਼ਹਿਰ ਆਪਸੀ ਸਾਂਝਾਂ ਨੂੰ ਇਸ ਕਦਰ ਤਾਰ-ਤਾਰ ਕਰ ਦਿੰਦਾ ਹੈ ਕਿ ਜਿਊਣਾ ਹੀ ਦੁੱਭਰ ਹੋ ਜਾਂਦਾ ਹੈ। ਸਿਉਂਕ ਰੂਪੀ ਕੀੜਾ ਜੇ ਘਰ ਦੇ ਦਰਵਾਜ਼ੇ ਖਿੜਕੀਆਂ ਨੂੰ ਲੱਗ ਜਾਵੇ ਤਾਂ ਇਨ੍ਹਾਂ ਨੂੰ ਅੰਦਰੋਂ ਖੋਖਲੇ ਕਰ ਦਿੰਦਾ ਹੈ। ਜਦੋਂ ਤਕ ਮਨੁੱਖ ਨੂੰ ਪਤਾ ਲੱਗਦਾ ਹੈ ਉਦੋਂ ਤਕ ਸਭ ਕੁਝ ਬਰਬਾਦ ਹੋਣ ਦੇ ਕੰਢੇ ਪੁੱਜ ਚੁੱਕਾ ਹੁੰਦਾ ਹੈ। ਬਿਲਕੁਲ ਇਸ ਤਰ੍ਹਾਂ ਹੀ ਜੇ ਕਿਸੇ ਗ਼ਲਤ-ਫਹਿਮੀ ਕਾਰਨ ਰਿਸ਼ਤਿਆਂ ਨੂੰ ਵੀ ਬੇਇਤਫ਼ਾਕੀ ਰੂਪੀ ਸਿਉਂਕ ਲੱਗ ਜਾਵੇ ਤਾਂ ਬਾਹਰੋਂ ਤਾਂ ਜਾਪਦਾ ਹੈ ਕਿ ਰਿਸ਼ਤਾ ਨਿਭ ਰਿਹਾ ਹੈ ਪਰ ਰਿਸ਼ਤਿਆਂ ਦੀਆਂ ਅੰਦਰੂਨੀ ਤੰਦਾਂ ਬਹੁਤ ਕਮਜ਼ੋਰ ਹੋ ਜਾਂਦੀਆਂ ਹਨ ਤੇ ਜੇ ਕੋਈ ਨਾ ਸੰਭਲੇ ਤਾਂ ਇਹ ਇਕ ਦਿਨ ਟੁੱਟ ਜਾਂਦੀਆਂ ਹਨ। ਜੀਵਨ-ਰੂਪੀ ਗੱਡੀ, ਪਤੀ-ਪਤਨੀ ਦੀ ਆਪਸੀ ਸਮਝ, ਇਕ ਦੂਜੇ ਦੇ ਵਿਚਾਰਾਂ ਦੀ ਕਦਰ, ਆਪਸੀ ਸੁਹਿਰਦਤਾ ਨਾਲ ਹੀ ਸੰਤੁਲਿਤ ਰੂਪ ਵਿਚ ਚਲਾਈ ਜਾ ਸਕਦੀ ਹੈ। ਜੇ ਇਨ੍ਹਾਂ ਪਹੀਆਂ ਵਿਚ ਆਪਸੀ ਸੰਤੁਲਿਨ ਉੱਚਾ ਨੀਵਾਂ ਹੋ ਜਾਵੇ ਤਾਂ ਇਸ ਗੱਡੀ ਦਾ ਚਲਣਾ ਹੀ ਦੁਸ਼ਵਾਰ ਹੋ ਜਾਂਦਾ ਹੈ। ਬੇਇਤਫ਼ਾਕੀ ਕਾਰਨ ਕਈ ਵਾਰ ਇਹ ਗੱਡੀ ਦੁਸ਼ਵਾਰੀਆਂ ਦੇ ਚਿੱਕੜ ਵਿਚ ਇੰਨੀ ਖੁੱਭ ਜਾਂਦੀ ਹੈ ਕਿ ਜਿਊਣਾ ਹੀ ਮੁਹਾਲ ਹੋ ਜਾਂਦਾ ਹੈ।

### ਬੇਇਤਫ਼ਾਕੀ

ਇਸ ਤਰ੍ਹਾਂ ਹੀ ਤਿੜਕਦਿਆਂ-ਤਿੜਕਦਿਆਂ ਜਦੋਂ ਰਿਸ਼ਤਿਆਂ ਵਿਚ ਗੰਢ ਪੈ ਜਾਂਦੀ ਹੈ ਤਾਂ ਸਭ ਕੁਝ ਤਹਿਸ-ਨਹਿਸ ਹੋ ਜਾਂਦਾ ਹੈ। ਅਜਿਹਾ ਬੇਚੈਨੀ ਭਰਿਆ, ਤਿੜਕੇ ਵਿਸ਼ਵਾਸ ਤੇ ਬੇਇਤਫ਼ਾਕੀ ਦੇ ਕੀੜੇ ਨਾਲ ਗ੍ਰਸਿਆ ਜੀਵਨ ਵੀ ਭਲਾ ਕੋਈ ਜੀਵਨ ਹੈ। ਰਿਸ਼ਤਿਆਂ ਵਿਚਕਾਰ ਉਸਰੀ ਬੇਇਤਫ਼ਾਕੀ ਦੀ ਦੀਵਾਰ ਜਦੋਂ ਹੋਰ ਉੱਚੀ ਹੋਈ ਜਾਵੇ, ਮੋਹ ਦੇ ਠੰਢੇ ਬੁੱਲ੍ਹੇ ਆਉਣ ਦੇ ਜਦੋਂ ਸਾਰੇ ਝਰੋਖੇ ਬੰਦ ਹੋ ਜਾਣ ਤਾਂ ਅਜਿਹੀ ਸਥਿਤੀ ਵਿਚ ਸਾਹ ਘੁੱਟਦਾ ਹੈ ਤੇ ਮਨ ਬੇਚੈਨੀ ਦੇ ਆਲਮ ਵਿਚ ਨਿਰਾਸ਼ਜਨਕ ਵਿਚਾਰਾਂ ਵਿਚ ਉਲਝਿਆ ਕੁਝ ਵੀ ਸਾਰਥਿਕ ਸੋਚਣ ਤੋਂ ਅਸਮਰਥ ਹੋ ਜਾਂਦਾ ਹੈ। ਨੀਰਸਤਾ ਭਰੇ ਇਸ ਸਮੇਂ ਵਿੱਚੋਂ ਗੁਜ਼ਰਨ ਦੀ ਚੀਸ ਨੂੰ ਸ਼ਾਇਦ ਸ਼ਬਦਾਂ ਵਿਚ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਇਸ ਦਾ ਅਨੁਭਵ ਉਸ ਨੂੰ ਹੀ ਹੁੰਦਾ ਹੈ ਜਿਹੜਾ ਇਸ ਵਿੱਚੋਂ ਗੁਜ਼ਰਦਾ ਹੈ। ਚੰਗੀ ਭਲੀ ਚਲਦੀ ਜ਼ਿੰਦਗੀ ਦੀ ਤੋਰ ਵਿਚ ਕਈ ਵਾਰ ਬੇਇਤਫ਼ਾਕੀ ਅਜਿਹਾ ਵਿਘਨ ਪਾਉਂਦੀ ਹੈ ਕਿ ਪਿਆਰ ਨਾਲ ਇਕ ਦੂਜੇ 'ਤੇ ਜਾਨ ਦੇਣ ਵਾਲੇ ਵੀ ਪਲਾਂ ਛਿਣਾਂ ਵਿਚ ਇਕ ਦੂਜੇ ਵੱਲ ਪਿੱਠ ਕਰ ਲੈਂਦੇ ਹਨ।

### ਸ਼ੀਸ਼ਿਆਂ 'ਤੇ ਜੰਮੀ ਧੂੜ

*ਸਮੇਂ-ਸਮੇਂ ਤੇ ਸ਼ੀਸ਼ਿਆਂ 'ਤੇ ਜੰਮੀ ਧੂੜ ਝਾੜਦੇ ਰਹਿਣਾ ਚਾਹੀਦਾ ਹੈ ਤਾਂ ਕਿ ਆਰ-ਪਾਰ ਸਪੱਸ਼ਟ ਦਿਖਾਈ ਦਿੰਦਾ ਰਹੇ। ਰਿਸ਼ਤਿਆਂ ਪ੍ਰਤੀ ਅਵੇਸਲਾਪਣ, ਜ਼ਿੱਦੀ ਸੁਭਾਅ, ਵਿਚਾਰ-ਵਟਾਂਦਰੇ ਦੀ ਅਣਹੋਂਦ, ਅੰਦਰਲੀ ਹਉਮੈ ਦਾ ਪ੍ਰਗਟਾਵਾ, ਮਨ ਦੀ ਸੰਕੀਰਨਤਾ, ਇਕ ਦੂਜੇ ਦੀ ਪ੍ਰਵਾਹ ਨਾ ਕਰਨੀ, ਗੱਲ-ਗੱਲ ਤੇ ਗੁੱਸੇ ਦੀ ਪ੍ਰਵਿਰਤੀ ਆਦਿ ਕਾਰਨ ਰਿਸ਼ਤਿਆਂ ਵਿਚ ਬੇਗਾਨਗੀ ਦੀ ਭਾਵਨਾ ਪੈਦਾ ਕਰਨ ਵਿਚ ਆਪਣੀ ਭੂਮਿਕਾ ਨਿਭਾਉਂਦੇ ਹਨ। ਜੇ ਬੇਇਤਫ਼ਾਕੀ ਦੀ ਦਰਾੜ ਲਗਾਤਾਰ ਵਧੀ ਜਾਂਦੀ ਹੈ ਤੇ ਇਕ ਦਿਨ ਅਜਿਹਾ ਆਉਂਦਾ ਹੈ ਜਦੋਂ ਰਿਸ਼ਤਿਆਂ ਦੇ ਪਾਂਧੀ ਸਮਾਨਅੰਤਰ ਚਲਦੀਆਂ ਰੇਲ ਲਾਇਨਾਂ ਵਾਂਗ ਜਾਪਦੇ ਤਾਂ ਇਕ ਦੂਜੇ ਦੇ ਨੇੜੇ ਹਨ ਪਰ ਅਸਲੀਅਤ ਵਿਚ ਉਹ ਇਕ ਦੂਜੇ ਤੋਂ ਬਹੁਤ ਦੂਰ ਹੋ ਚੁੱਕੇ ਹੁੰਦੇ ਹਨ।*

### ਮੁਹੱਬਤ ਦੀ ਮਲ੍ਹਮ

ਜੀਵਨ ਵਿਚ ਜਦੋਂ ਅਵਿਸ਼ਵਾਸ ਦੀ ਸਿਖ਼ਰ ਹੋ ਜਾਵੇ ਤਾਂ ਮਨ ਦੇ ਸਾਰੇ ਗੁੱਸੇ-ਗਿਲੇ ਭੁਲਾ ਕੇ ਨਵੇਂ ਸਿਰੇ ਤੋਂ ਬਾਬੇ ਨਾਨਕ ਦੀ ਸਿੱਖਿਆ 'ਕਿਛ ਸੁਣੀਏ ਕਿਛ ਕਹੀਏ' ਦੇ ਰਾਹ ਤੁਰਦਿਆਂ ਗੱਲਬਾਤ ਦਾ ਸਿਲਸਿਲਾ ਕਦੇ ਟੁੱਟਣ ਨਹੀਂ ਦੇਣਾ ਚਾਹੀਦਾ। ਕਿਸੇ ਪਰਿਵਾਰ ਦੇ ਜੀਆਂ ਜਾਂ ਹੋਰ ਰਿਸ਼ਤਿਆਂ ਵਿਚ ਪੈਦਾ ਹੋਈ ਬੇਇਤਫ਼ਾਕੀ ਦੀ ਗੁੰਝਲ ਨੂੰ ਆਪ ਹੀ ਮਿਲ ਬੈਠ ਕੇ ਸੁਲਝਾਉਣ ਲਈ ਇਤਫ਼ਾਕ ਤੇ ਮੁਹੱਬਤ ਦੀ ਮਲ੍ਹਮ ਨਾਲ ਪਲੋਸਣ ਦੀ ਕੋਸ਼ਿਸ਼ ਕਰਨੀ ਬਹੁਤ ਵੱਡੀ ਗੱਲ ਹੈ। ਕਿਸੇ ਹੋਰ ਵੱਲੋਂ ਨਿਭਾਈ ਵਿਚੋਲਗੀ ਕਿਸੇ ਵਿਸ਼ੇਸ਼ ਸੰਕਟ ਸਮੇਂ ਤਾਂ ਸਹਾਈ ਹੋ ਸਕਦੀ ਹੈ ਪਰ ਗ਼ਲਤ-ਫਹਿਮੀਆਂ ਤਾਂ ਆਪਸੀ ਮੈਂ ਤਿਆਗ ਕੇ ਹੀ ਦੂਰ ਹੁੰਦੀਆਂ ਹਨ। ਕਈ ਵਾਰ ਬੇਇਤਫ਼ਾਕੀ ਦਾ ਸਬੱਬ, ਕਿਸੇ ਹੋਰ ਵੱਲੋਂ ਕਹੀ ਕੋਈ ਗੱਲ ਹੁੰਦੀ ਹੈ ਜੋ ਆਪਸੀ ਤਕਰਾਰ ਦਾ ਕਾਰਨ ਬਣ ਜਾਂਦੀ ਹੈ। ਸੂਝ ਨਾਲ ਸੋਚਣ ਵਿਚਾਰਨ ਦੀ ਥਾਂ ਕਿਸੇ ਹੋਰ ਦੀ ਕਹੀ ਸੱਚੀ ਝੂਠੀ ਗੱਲ ਨੂੰ ਆਧਾਰ ਬਣਾ ਕੇ ਲੜਾਈ ਝਗੜਾ ਸਹੇੜ ਲੈਣਾ 'ਆ ਬੈਲ ਮੁਝੇ ਮਾਰ' ਵਾਲੀ ਗੱਲ ਹੈ। ਹਰ ਰਿਸ਼ਤਾ ਵਿਸ਼ਵਾਸ ਤੇ ਉਸਰਿਆ ਹੁੰਦਾ ਹੈ ਤੇ ਕਿਸੇ ਤੀਜੇ ਦੀ ਗੱਲ ਦਾ ਯਕੀਨ ਕਰਨ ਤੋਂ ਪਹਿਲਾਂ,ਬਿਨਾਂ ਉਤੇਜਿਤ ਹੋਇਆਂ ਠੰਢੇ ਮਨ ਨਾਲ ਇਹ ਵਿਚਾਰ ਕਰ ਲੈਣ ਵਿਚ ਹੀ ਸਿਆਣਪ ਹੈ ਕਿ ਸ਼ਾਇਦ ਇਹ ਕੋਈ ਗ਼ਲਤ-ਫਹਿਮੀ ਹੀ ਹੋਵੇ। ਇੰਜ ਵਿਚਾਰਾਂ ਦੀ ਸਾਂਝ ਪਾ ਕੇ ਕਿਸੇ ਵੀ ਗੁੰਝਲ ਨੂੰ ਸੁਲਝਾ ਕੇ ਮਾਹੌਲ ਨੂੰ ਖ਼ੁਸ਼ਗਵਾਰ ਕੀਤਾ ਜਾ ਸਕਦਾ ਹੈ।

### ਪਰੇਸ਼ਾਨੀਆਂ

*ਮਨੁੱਖ ਜ਼ਿੰਦਗੀ ਗੁਜ਼ਾਰਦਿਆਂ ਅਨੇਕਾਂ ਪਰੇਸ਼ਾਨੀਆਂ, ਸੰਕਟਾਂ, ਬਿਮਾਰੀਆਂ, ਉਤਰਾਵਾਂ ਚੜਾਵਾਂ ਸੰਗ ਜੂਝਦਾ ਹੈ। ਜੇ ਆਪਸੀ ਰਿਸ਼ਤਿਆਂ ਜਾਂ ਘਰ ਪਰਿਵਾਰਾਂ ਵਿਚ ਇਤਫ਼ਾਕ ਤੇ ਸੂਝ ਭਰੀ ਸਾਂਝ ਹੋਵੇ ਤਾਂ ਸਭ ਦੁਸ਼ਵਾਰੀਆਂ ਤੇ ਸੰਕਟਾਂ ਵਾਲਾ ਸਮਾਂ ਲੰਘ ਜਾਂਦਾ ਹੈ। ਇਸ ਦੇ ਉਲਟ ਜੇ ਬੇਇਤਫ਼ਾਕੀ ਦਾ ਕਾਲਾ ਨਾਗ ਸਾਂਝਾਂ ਨੂੰ ਡੱਸ ਜਾਵੇ ਤਾਂ ਪਰੇਸ਼ਾਨੀਆਂ ਦੇ ਬੱਦਲ ਹੋਰ ਗੂੜ੍ਹੇ ਹੋ ਕੇ ਮਨੁੱਖ ਨੂੰ ਡਰਾਉਣ ਲੱਗਦੇ ਹਨ। ਸੰਕਟਾਂ ਵਿਚ ਘਿਰਿਆ ਮਨੁੱਖ ਬੇਬਸੀ ਤੇ ਲਾਚਾਰੀ ਦੇ ਆਲਮ ਵਿਚ ਵਿਚਰਦਾ ਹੈ। ਉਸ ਦਾ ਜ਼ਿੰਦਗੀ ਜਿਊਣ ਦਾ ਮਜ਼ਾ ਕਿਰਕਿਰਾ ਹੋ ਜਾਂਦਾ ਹੈ। ਬੇਇਤਫ਼ਾਕੀ ਦੀ ਸਿਉਂਕ ਦਾ ਕੀੜਾ ਓਦੋਂ ਲੱਗਦਾ ਹੈ ਜਦੋਂ ਕੋਈ ਰਿਸ਼ਤਿਆਂ ਦੀ ਪਰਵਾਹ ਨਾ ਕਰੇ। ਜਿਵੇਂ ਮਨੁੱਖ ਨੂੰ ਜਿਊਂਦੇ ਰਹਿਣ ਲਈ ਆਕਸੀਜਨ ਤੇ ਭੋਜਨ ਦੀ ਲੋੜ ਹੁੰਦੀ ਹੈ। ਇਨ੍ਹਾਂ ਦੀ ਅਣਹੋਂਦ ਵਿਚ ਮਨੁੱਖ ਦਾ ਜਿਉਂਦੇ ਰਹਿਣਾ ਸੰਭਵ ਨਹੀਂ। ਬਿਲਕੁਲ ਇਸੇ ਤਰ੍ਹਾਂ ਹੀ ਰਿਸ਼ਤਿਆਂ ਨੂੰ ਸਦਾ ਬਹਾਰ ਤੇ ਖ਼ੁਸ਼ਗਵਾਰ ਰੱਖਣ ਲਈ ਪਿਆਰ, ਦੁਲਾਰ, ਸਨੇਹ ਤੇ ਸਤਿਕਾਰ ਰੂਪੀ ਅਹਿਸਾਸਾਂ ਦੀ ਸਾਫ਼-ਸਫਾਟ ਤੇ ਨਿਰਮਲ ਹਵਾ ਦੀ ਭਰਵੀਂ ਲੋੜ ਹੁੰਦੀ ਹੈ।*

### ਉਮਰਾਂ ਦੀ ਸਾਂਝ

ਰਿਸ਼ਤਿਆਂ ਵਿਚ ਬੇਇਤਫ਼ਾਕੀ ਦਾ ਜ਼ਹਿਰ ਘੁਲ ਜਾਂਦਾ ਹੈ ਤਾਂ ਕਈ ਵਾਰ ਉਮਰਾਂ ਦੀ ਸਾਂਝ ਵੀ ਖੇਰੂੰ-ਖੇਰੂੰ ਹੋਣ ਨੂੰ ਵਕਤ ਨਹੀਂ ਲਗਦਾ। ਮਨ ਵਿਚ ਨਿਰਾਰਥਿਕ ਵਿਚਾਰ ਇਸ ਤਰ੍ਹਾਂ ਘਰ ਕਰ ਲੈਂਦੇ ਹਨ ਕਿ ਦੋਵੇਂ ਪਾਸੇ ਇਕ ਦੂਜੇ ਪ੍ਰਤੀ ਨਫ਼ਰਤ ਤੇ ਸਾੜੇ ਦੀ ਭਾਵਨਾ ਰੱਖਣ ਨਾਲ ਦੂਰੀਆਂ ਵਧਦੀਆਂ ਹੀ ਜਾਂਦੀਆਂ ਹਨ। ਹਰ ਧਿਰ ਆਪਣੇ ਆਪ ਨੂੰ ਦੂਜੇ ਨਾਲੋਂ ਵਧ ਸਿਆਣਾ ਸਮਝਣ ਲੱਗਦੀ ਹੈ। ਇਕ ਦੂਜੇ ਪ੍ਰਤੀ ਨਗੂਣੇ ਗਿਲੇ ਸ਼ਿਕਵੇ ਵੀ ਬਹੁਤ ਵੱਡੀ ਗੱਲ ਜਾਪਣ ਲੱਗਦੇ ਹਨ। ਜੇ ਕਿਸੇ ਕਪੜੇ ਦੇ ਆਏ ਲੰਗਾਰ ਨੂੰ ਸੀਤਾ ਨਾ ਜਾਵੇ ਤਾਂ ਲੰਗਾਰ ਹੋਰ ਵਧ ਜਾਂਦਾ ਹੈ। ਬਿਲਕੁਲ ਇਸੇ ਤਰ੍ਹਾਂ ਹੀ ਜੇ ਰਿਸ਼ਤਿਆਂ ਵਿਚ ਪਏ ਪਾੜ ਨੂੰ ਜੇ ਪੂਰਨ ਲਈ ਫੌਰੀ ਕੋਸ਼ਿਸ਼ ਨਾਂ ਕੀਤੀ ਜਾਵੇ ਤਾਂ ਪਾੜ ਇੰਨਾ ਵਧ ਜਾਂਦਾ ਹੈ ਕਿ ਪੂਰਨਾ ਸੰਭਵ ਨਹੀਂ ਹੁੰਦਾ। ਜ਼ਿੰਦਗੀ ਵਿਚ ਸਾਰਥਿਕ ਨਜ਼ਰੀਆ ਅਪਣਾ ਕੇ ਹੀ ਜੀਵਨ ਨੂੰ ਸੁਹਜਮਈ ਬਣਾਇਆ ਜਾ ਸਕਦਾ ਹੈ। ਸਹਿਣਸ਼ੀਲਤਾ, ਨਿਮਰਤਾ ਤੇ ਸੋਚਾਂ ਦੀ ਸੰਕੀਰਣਤਾ ਤੋਂ ਉੱਪਰ ਉੱਠ ਕੇ ਜ਼ਿੰਦਗੀ ਦੇ ਅਣਮੁੱਲੇ ਪਲਾਂ ਨੂੰ ਜਿਊਣਯੋਗ ਬਣਾਉਣ ਦਾ ਸਲੀਕਾ ਹੀ ਜੀਵਨ ਦੀ ਸਮਝ ਦਾ ਪ੍ਰਮਾਣ ਹੈ। ਬੇਸਮਝੀ ਵਿਚ ਜ਼ਿੰਦਗੀ ਦੇ ਖ਼ੂਬਸੂਰਤ ਪਲਾਂ ਨੂੰ ਗੁਆ ਲੈਣਾ ਜ਼ਿੰਦਗੀ ਦੀ ਸਾਰਥਿਕਤਾ ਪ੍ਰਤੀ ਨਾਂਹਵਾਚੀ ਰਵਈਆ ਹੈ।

• ਗੁਰਬਿੰਦਰ ਸਿੰਘ ਮਾਣਕ
9815356086

## ਪੱਤਰ ਹਰੇ ਕਚੂਰ

# ਰਿਸ਼ਤਿਆਂ ਨੂੰ ਗੀਤਾਂ 'ਚ ਚਿਤਰਨ ਵਾਲਾ ਸ਼ਾਇਰ


ਚਾਨਣਦੀਪ ਸਿੰਘ ਔਲਖ
98786-83177

ਚਾਨਣਦੀਪ ਸਿੰਘ ਔਲਖ ਮਾਨਸਾ ਜ਼ਿਲ੍ਹੇ ਦੇ ਪਿੰਡ ਗੁਰਨੇ ਖ਼ੁਰਦ ਦਾ ਜੰਮਪਲ ਹੈ। ਉਸ ਦਾ ਸਮੁੱਚਾ ਜੀਵਨ ਸਾਹਿਤ ਤੇ ਸਿਹਤ ਦੇ ਖੇਤਰ ਨਾਲ ਜੁੜਿਆ ਹੋਇਆ ਹੈ। ਉਹ ਕਿੱਤੇ ਵਜੋਂ ਸਿਹਤ ਵਿਭਾਗ ਵਿਚ ਸੇਵਾ ਨਿਭਾ ਰਿਹਾ ਹੈ। ਸਾਹਿਤ ਨਾਲ ਉਸ ਦੀ ਬਚਪਨ ਤੋਂ ਹੀ ਬੜੀ ਡੂੰਘੀ ਸਾਂਝ ਬਣੀ ਹੋਈ ਹੈ। ਪ੍ਰਾਇਮਰੀ ਅਧਿਆਪਕ ਦਲੀਪ ਸਿੰਘ ਵਿਰਦੀ ਦੀ ਲਾਈ ਸਾਹਿਤਕ ਚੇਟਕ ਦਿਨੋ ਦਿਨ ਆਪਣਾ ਰੰਗ ਵਿਖਾ ਰਹੀ ਹੈ। ਉਸ ਦਾ ਮੰਨਣਾ ਹੈ ਕਿ ਕਵਿਤਾ ਅੰਦਰੂਨੀ ਮਨੋਭਾਵਾਂ ਦਾ ਐਸਾ ਪ੍ਰਗਟਾਵਾ ਹੈ ਜਿਸ ਨਾਲ ਸਾਡਾ ਚੁਗਿਰਦਾ ਮਹਿਕ ਉੱਠਦਾ ਹੈ। ਸਾਡਾ ਸਮਾਜਿਕ , ਸਦਾਚਾਰਿਕ ਅਤੇ ਸੱਭਿਅਕ ਲਗਾਓ ਹੋਰ ਵਧਦਾ ਹੈ। ਉਸ ਦੀਆਂ ਰਚਨਾਵਾਂ ਦੇ ਵਿਸ਼ੇ ਵੀ ਸਮਾਜ ਨੂੰ ਸੇਧ ਦੇਣ ਵਾਲੇ, ਹਾਂ ਪੱਖੀ ਹੁੰਦੇ ਹਨ। ਉਸ ਕੋਲ ਜਿੱਥੇ ਨਿਵੇਕਲੇ ਅਤੇ ਵਧੀਆ ਢੰਗ ਨਾਲ ਆਪਣੀ ਗੱਲ ਕਹਿਣ ਲਈ ਸ਼ਬਦਾਂ ਦਾ ਵਡਮੁੱਲਾ ਖ਼ਜ਼ਾਨਾ ਹੈ ਉੱਥੇ ਉਸ ਕੋਲ ਸ਼ਬਦਾਂ ਨੂੰ ਵਰਤਣ ਦਾ ਹੁਨਰ ਵੀ ਕਮਾਲ ਹੈ। ਉਹ ਆਪਣੀਆਂ ਰਚਨਾਵਾਂ ਦੇ ਜ਼ਰੀਏ ਟੀਵੀ, ਅਖ਼ਬਾਰਾਂ, ਮੈਗਜ਼ੀਨਾਂ ਵਿਚ ਭਰਵੀਂ ਹਾਜ਼ਰੀ ਲਵਾ ਚੁੱਕਾ ਹੈ। ਚਾਨਣਦੀਪ ਦੀ ਕਿਤਾਬ 'ਕੁੜੀਆਂ ਅਤੇ ਚਿੜੀਆਂ' ਵੀ ਚਰਚਾ ਵਿਚ ਹੈ। ਮਾਣਦੇ ਹਾਂ ਉਸ ਦੀ ਇਕ ਰਚਨਾ ਦਾ ਅਨੰਦ।

• ਕੁਲਦੀਪ ਸਿੰਘ ਬੰਗੀ
94174-07778

### ਕਵਿਤਾ

## ਧੀਆਂ

ਗੁੱਟ ਰੱਖੜੀ ਤੋਂ ਸੁੰਨੇ
ਸੁੰਨੀਆਂ ਤੀਆਂ ਰਹਿਣਗੀਆਂ
ਕਿੱਥੋਂ ਪੁੱਤ ਜੰਮਣਗੇ
ਜਦ ਨਾ ਧੀਆਂ ਰਹਿਣਗੀਆਂ।

ਕੱਢਣੇ ਕਿਹਨੇ ਕਸੀਦੇ
ਲਾਉਣੇ ਗੋਟੇ ਫੁਲਕਾਰੀਆਂ ਨੂੰ
ਕਿਹਨੇ ਹੱਥੀਂ ਸਜਾਉਣਾ
ਘਰ ਦੀਆਂ ਚੀਜ਼ਾਂ ਸਾਰੀਆਂ ਨੂੰ
ਜੁੜਨੀਆਂ ਨਹੀਂ ਤ੍ਰਿੰਞਣਾ
ਚੁੱਪ ਚਰਖੜੀਆਂ ਰਹਿਣਗੀਆਂ
ਕਿੱਥੋਂ ਪੁੱਤ ਜੰਮਣਗੇ
ਜਦ ਨਾ ਧੀਆਂ ਰਹਿਣਗੀਆਂ।

ਕਿਹਨੇ ਫਿਰ ਰੱਬ ਤੋਂ ਮੰਗਣਾ
ਵੀਰਾਂ ਦੀਆਂ ਸੁੱਖਾਂ ਨੂੰ
ਜਦ ਭੈਣਾਂ ਲਈ ਲਾ ਦਿੱਤੇ
ਅਸੀ ਜਿੰਦਰੇ ਕੁੱਖਾਂ ਨੂੰ
ਕਿਹਨੇ ਸਿਰ ਸਜਾਉਣਾ ਸਿਹਰਾ
ਕਿਹੜੀਆਂ ਡੋਲੀ ਬਹਿਣਗੀਆਂ
ਕਿੱਥੋਂ ਪੁੱਤ ਜੰਮਣਗੇ
ਜਦ ਨਾ ਧੀਆਂ ਰਹਿਣਗੀਆਂ।

ਉਸ ਨੂੰ ਕਿਉਂ ਮੰਦਾ ਆਖੀਏ
ਜਿਸ ਜਗ ਨੂੰ ਜਣਨਾ ਏ
ਇਕੱਲੇ ਮਰਦਾਂ ਨਾਲ ਨਾ
ਜਗ ਦਾ ਬੇੜਾ ਚੱਲਣਾ ਏ
ਕਿੱਥੇ ਮਹਿਲ ਉਸਰਨੇ
ਜਦ ਨਾ ਨੀਂਆਂ ਰਹਿਣਗੀਆਂ
ਕਿੱਥੋਂ ਪੁੱਤ ਜੰਮਣਗੇ
ਜਦ ਨਾ ਧੀਆਂ ਰਹਿਣਗੀਆਂ।

'ਔਲਖ' ਪਊ ਬਦਲਣਾ
ਹੋਈਆਂ ਖ਼ੂੰਖਾਰ ਇਹ ਨੀਤਾਂ ਨੂੰ
ਮਾਰਨਾ ਏ ਤਾਂ ਮਾਰੋ
ਜਗ ਦੀਆਂ ਭੈੜੀਆਂ ਰੀਤਾਂ ਨੂੰ
ਖ਼ਮਿਆਜ਼ਾ ਇਸ ਗ਼ਲਤੀ ਦਾ
ਪੀੜ੍ਹੀਆਂ ਸਹਿਣਗੀਆਂ
ਕਿੱਥੋਂ ਪੁੱਤ ਜੰਮਣਗੇ
ਜਦ ਨਾ ਧੀਆਂ ਰਹਿਣਗੀਆਂ •

# ਜੀਵਨ ਦਾ ਮੂਲ ਆਧਾਰ ਹੈ ਖ਼ੁਸ਼ਹਾਲੀ



ਕੱਲਾ-ਕਹਿਰਾ ਮਨੁੱਖ ਸੁਖਾਵੀਂ ਜ਼ਿੰਦਗੀ ਜਿਊਣ ਦੀ ਸਮਰੱਥਾ ਨਹੀਂ ਰੱਖਦਾ ਸਕਦਾ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਦੂਜਿਆਂ ਦਾ ਸਾਥ ਜ਼ਰੂਰੀ ਹੈ। ਜ਼ਿੰਦਗੀ ਵਿਚ ਬਹੁਤ ਲੋਕਾਂ ਨਾਲ ਮੇਲ ਮਿਲਾਪ ਹੁੰਦਾ ਹੈ ਪਰ ਉਨ੍ਹਾਂ ਸਾਰਿਆਂ ਨੂੰ ਤੁਸੀਂ ਆਪਣੇ ਨਹੀਂ ਕਹਿ ਸਕਦੇ। ਜਿਹੜੇ ਦਿਲ ਦੇ ਕਰੀਬ ਹੋ ਜਾਣ ਉਹ ਆਪਣੇ ਹੁੰਦੇ ਹਨ। ਉਹ ਤੁਹਾਡੇ ਦੁੱਖ-ਸੁੱਖ ਦੇ ਸਾਂਝੀ ਬਣਦੇ ਹਨ। ਮੁਸੀਬਤ ਮੌਕੇ ਤੁਹਾਡੇ ਨਾਲ ਆ ਖੜ੍ਹਦੇ ਹਨ। ਤੁਹਾਨੂੰ ਮੁਸ਼ਕਿਲ ਵਿੱਚੋਂ ਨਿਕਲਣ ਲਈ ਹੱਲਸ਼ੇਰੀ ਦਿੰਦੇ ਹਨ। ਉਹ ਦੱਸਦੇ ਹਨ ਕਿ ਰਾਤ ਮਗਰੋਂ ਦਿਨ ਜ਼ਰੂਰ ਚੜ੍ਹਦਾ ਹੈ। ਕਾਲੇ ਬੱਦਲਾਂ ਦੀ ਕੋਈ ਨਾ ਕੋਈ ਸੁਨਹਿਰੀ ਕੰਨੀਂ ਵੀ ਹੁੰਦੀ ਹੈ। ਮੁਸ਼ਕਿਲਾਂ ਸਦੀਵੀ ਨਹੀਂ ਹੁੰਦੀਆਂ। ਤੁਹਾਡੀ ਹਨੇਰੀ ਜ਼ਿੰਦਗੀ ਵਿਚ ਉਹ ਜੁਗਨੂੰ ਦਾ ਕੰਮ ਕਰਦੇ ਹਨ। ਉਨ੍ਹਾਂ ਦਾ ਸਾਥ ਹਮੇਸ਼ਾ ਨਿੱਘ ਦਿੰਦਾ ਹੈ। ਉਹ ਤੁਹਾਡੀ ਊਰਜਾ ਨੂੰ ਬਲ ਬਖ਼ਸ਼ਦੇ ਹਨ। ਉਨ੍ਹਾਂ ਦੇ ਨਿੱਕੇ-ਨਿੱਕੇ ਬੋਲ ਵੀ ਤੁਹਾਡੇ ਅੰਦਰ ਉਤਸ਼ਾਹ ਭਰ ਦਿੰਦੇ ਹਨ। ਉਹ ਤੁਹਾਡੀ ਦੂਰ ਦ੍ਰਿਸ਼ਟੀ ਨੂੰ ਵਧਾ ਦਿੰਦੇ ਹਨ। ਤਹਾਡੀ ਸੋਚ ਦੀ ਉਡਾਰੀ ਨੂੰ ਖੰਭ ਲਾਉਂਦੇ ਹਨ। ਜ਼ਿੰਦਗੀ ਵਿਚ ਸਫਲਤਾ ਦੇ ਦਰਵਾਜ਼ੇ ਖੋਲ੍ਹਣ ਲਈ ਉਹ ਰਾਹ ਦਸੇਰਾ ਬਣਦੇ ਹਨ।

ਜ਼ਿੰਦਗੀ ਵਿਚ ਨਿੱਕੀ ਮੋਟੀ ਗੱਲ ਤੋਂ ਹੀ ਆਪਣਿਆਂ ਦਾ ਰੁੱਸਣਾ ਤੁਹਾਨੂੰ ਝੰਜੋੜ ਸੁੱਟਦਾ ਹੈ। ਤੁਹਾਡੇ ਸੁਪਨਿਆਂ ਨੂੰ ਤਿੜਕਾ ਦਿੰਦਾ ਹੈ। ਤੁਹਾਡੀ ਸੋਚ ਦੀ ਦਿਸ਼ਾ ਬਦਲ ਦਿੰਦਾ ਹੈ। ਤੁਹਾਡੇ ਵਿਚਾਰ ਨਕਾਰਾਤਮਿਕ ਹੋ ਜਾਂਦੇ ਹਨ। ਸਫਲਤਾ ਦੇ ਬੂਹੇ ਬੰਦ ਹੋਣ ਲੱਗਦੇ ਹਨ। ਫਾਹੂ ਵਿਚਾਰ ਭਾਰੂ ਹੁੰਦੇ ਹਨ। ਤੁਹਾਡੀ ਸਮਰੱਥਾ ਨੂੰ ਖੋਰਾ ਲੱਗਦਾ ਹੈ। ਤੁਸੀਂ ਢਹਿੰਦੀ ਕਲਾ ਵਿਚ ਜਾਣ ਲੱਗਦੇ ਹੋ। ਜ਼ਿੰਦਗੀ ਨੀਰਸ ਲੱਗਣ ਲੱਗਦੀ ਹੈ। ਚਾਰ-ਚੁਫੇਰੇ ਹਨੇਰਾ ਵਿਖਾਈ ਦਿੰਦਾ ਹੈ। ਦੁੱਖ-ਤਕਲੀਫ਼ਾਂ ਦੀ ਖਾਈ ਹੋਰ ਡੂੰਘੀ ਦਿਸਣ ਲੱਗਦੀ ਹੈ। ਦੁਨੀਆ ਵਿਚ ਤੁਸੀਂ ਇਕੱਲੇ ਮਹਿਸੂਸ ਕਰਦੇ ਹੋ। ਜਿੱਥੇ ਪਿਆਰ ਹੁੰਦਾ ਹੈ ਉੱਥੇ ਮਾੜੇ-ਮੋਟੇ ਵਖਰੇਵੇਂ ਵੀ ਹੁੰਦੇ ਹਨ। ਇਨ੍ਹਾਂ ਵਖਰੇਵਿਆਂ ਨੂੰ ਆਪਣੇ ਤੇ ਕਾਬਜ਼ ਨਾ ਹੋਣ ਦਿਉ। ਇਨ੍ਹਾਂ ਨੂੰ ਅੱਗੇ ਵਧਣ ਤੇ ਰੋਕ ਲਗਾਓ। ਜ਼ਿੰਦਗੀ ਵਾਰ-ਵਾਰ ਨਹੀਂ ਮਿਲਦੀ। ਇਸ ਨੂੰ ਰੋਸਿਆਂ ਵਿਚ ਨਾ ਲੰਘਣ ਦਿਉ। ਆਪਣਿਆਂ ਦਾ ਰੋਸਾ ਸਭ ਤੋਂ ਵੱਧ ਦੁੱਖਦਾਈ ਹੁੰਦਾ ਹੈ। ਕਈ ਵਾਰੀ ਜਾਣੇ-ਅਣਜਾਣੇ ਕੋਈ ਅਜਿਹਾ ਸ਼ਬਦ ਬੋਲਿਆ ਜਾਂਦਾ ਹੈ ਜਿਹੜਾ ਆਪਣਿਆਂ ਦੇ ਮਨ ਨੂੰ ਠੇਸ ਪਹੁੰਚਾ ਦਿੰਦਾ ਹੈ। ਅਜਿਹੇ ਸ਼ਬਦਾਂ 'ਤੇ ਖ਼ਿਮਾ ਜਾਚਨਾ ਮੰਗ ਲਓ। ਪਿਆਰਾ ਕਿਸੇ ਦਾ ਵੀ ਹੋਵੇ, ਕਦੇ ਵੀ ਰੁੱਸੇ ਨਾ। ਰੁੱਸ ਜਾਵੇ ਤਾਂ ਛੇਤੀ ਮੰਨ ਜਾਵੇ। ਇਸ ਦੁਨੀਆ ਵਿਚ ਪਿਆਰ ਹੀ ਤਾਂ ਹੈ ਜੋ ਜ਼ਿੰਦਗੀ ਨੂੰ ਰੰਗੀਨੀ ਬਖ਼ਸ਼ਦਾ ਹੈ। ਪਿਆਰ ਆਪਣਿਆਂ ਤੋਂ ਹੀ ਮਿਲਦਾ ਹੈ। ਆਪਣੇ ਹੀ ਦੁਨੀਆ ਹੁੰਦੇ ਹਨ। ਜ਼ਿੰਦਗੀ ਨੂੰ ਮਾਨਣਾ ਸਿੱਖੋ। ਇਸ ਨੂੰ ਖ਼ੁਸ਼ੀ-ਖ਼ੁਸ਼ੀ ਜੀਵੋ। ਖ਼ੁਸ਼ੀ ਹੀ ਜ਼ਿੰਦਗੀ ਨੂੰ ਲੰਮੇਰਾ ਬਣਾਉਂਦੀ ਹੈ। ਆਪਣਿਆਂ ਦਾ ਸਾਥ ਮਾਣੋ। ਆਪਣਿਆਂ ਦਾ ਪਿਆਰ ਲਵੋ। ਆਪਣਿਆਂ ਨੂੰ ਦਿਲ ਵਿਚ ਸੁਰੱਖਿਅਤ ਥਾਂ ਦੇਵੋ। ਆਪਣਿਆਂ ਦੇ ਆਪਣੇ ਹੋ ਕੇ ਜੀਵਨ ਬਸਰ ਕਰੋ। ਸਮਝੋ, ਫਿਰ ਖ਼ੁਸ਼ਹਾਲੀ ਹੀ ਖ਼ੁਸ਼ਹਾਲੀ ਹੈ। ਖ਼ੁਸ਼ਹਾਲੀ ਹੀ ਜੀਵਨ ਦਾ ਮੂਲ ਆਧਾਰ ਹੈ। ਰੋਸਿਆਂ ਨੂੰ ਜ਼ਿੰਦਗੀ ਦਾ ਹਿੱਸਾ ਨਾ ਬਣਨ ਦਿਉ। ਕੱਢ ਦਿਉ ਦਿਲਾਂ 'ਚੋਂ ਕੁੜੱਤਣ। ਰੁੱਸੇ ਹੋ ਤਾਂ ਮੁੜ ਲੱਗ ਜਾਓ ਆਪਣਿਆਂ ਦੇ ਗਲ਼ੇ।

• ਜਸਪਾਲ ਸਿੰਘ ਨਾਗਰਾ
001-360-448-1989



# ਮਾਂ ਦੀ ਛੁੱਟੀ ਦਾ ਦਿਨ ਕਿਹੜਾ ?

ਇਨਸਾਨ ਦੀ ਜ਼ਿੰਦਗੀ ਵਿਚ ਛੁੱਟੀ ਬਹੁਤ ਮਹੱਤਵਪੂਰਨ ਸਥਾਨ ਰੱਖਦੀ ਹੈ। ਹਰ ਇਕ ਨੇ ਛੁੱਟੀ ਵਾਲੇ ਦਿਨ ਹੀ ਕਈ ਅਹਿਮ ਕੰਮ ਕਰਨ ਲਈ ਸੋਚਿਆ ਹੁੰਦਾ ਹੈ ਜਾਂ ਫਿਰ ਸਾਰੀ ਥਕਾਵਟ ਛੁੱਟੀ ਵਾਲੇ ਦਿਨ ਲਾਹੁਣ ਦਾ ਹੀ ਫ਼ੈਸਲਾ ਕੀਤਾ ਹੁੰਦਾ ਹੈ। ਮੈਂ ਵੀ ਕੁਝ ਇਸ ਤਰ੍ਹਾਂ ਦੇ ਹੀ ਖ਼ਿਆਲ ਨਾਲ ਛੁੱਟੀ ਦੀ ਉਡੀਕ ਕਰਦੀ। ਐਤਵਾਰ ਦੇ ਦਿਨ ਮੈਂ ਕੁਝ ਇਸ ਤਰ੍ਹਾਂ ਹੀ ਸੋਚ ਕ ਦੇਰ ਤੱਕ ਸੁੱਤੀ ਰਹੀ। ਅਚਾਨਕ ਕੰਨਾਂ ਵਿਚ ਮਾਂ ਦੇ ਬੋਲ ਪਏ। ਦਵਿੰਦਰ... ਓ ਦਵਿੰਦਰ...! ਉੱਠ ਪੁੱਤ ! ਦਿਨ ਚੜ੍ਹ ਗਿਆ! ਵੇਖ ਕਿੰਨਾ ਟਾਈਮ ਹੋ ਗਿਆ, ਉੱਠ ਜਾ ਹੁਣ! ਐਤਵਾਰ ਦੀ ਸਵੇਰ ਮਾਂ ਦੇ ਬੋਲ ਮੇਰੇ ਕੰਨਾਂ ਵਿਚ ਪਏ ਤਾਂ ਮੈਂ ਪਈ-ਪਈ ਨੇ ਰਜਾਈ ਮੂੰਹ 'ਤੇ ਲੈਂਦਿਆਂ ਕਿਹਾ, ਮੰਮੀ ! ਸੌਂ ਲੈਣ ਦਿਉ, ਛੁੱਟੀ ਐ ਅੱਜ ਤਾਂ! ਮਾਂ। ਜੋ ਰੋਜ਼ ਸਵੇਰੇ ਉੱਠਦੀ ਹੈ। ਕੌਣ ਉਠਾਉਂਦਾ ਹੈ ਮਾਂ ਨੂੰ? ਸ਼ਾਇਦ ਕੋਈ ਨਹੀਂ। ਉਹ ਸਿਰਫ਼ ਆਪ ਹੀ ਉੱਠਦੀ ਹੈ, ਆਪਣੇ ਫ਼ਿਕਰ ਨਾਲ। ਇਹ ਸੋਚ ਕੇ ਸਾਰਾ ਦਿਨ ਕੀ-ਕੀ ਤੇ ਕਿਵੇਂ-ਕਿਵੇਂ ਕਰਨਾ ਹੈ। ਮਾਂ ਚਾਹੇ ਘਰੇਲੂ ਹੋਵੇ ਜਾਂ ਨੌਕਰੀ ਪੇਸ਼ਾ ਉਸ ਦੇ ਕੰਮਾਂ ਵਿਚ ਕਦੀ ਕਮੀ ਨਹੀਂ ਆਉਂਦੀ। ਘਰੇਲੂ ਮਾਂ ਨੇ ਕੋਹਲੂ ਦੇ ਬੈਲ ਵਾਂਗ ਘਰ 'ਚ ਹੀ ਪੰਜਾਹ ਕੋਹ ਪੈਂਡਾ ਤੈਅ ਕਰਨਾ ਹੁੰਦਾ ਹੈ। ਨੌਕਰੀ ਪੇਸ਼ਾ ਹੋਵੇ ਤਾਂ ਉਸ ਦੇ ਕੰਮ ਘਟਦੇ ਨਹੀਂ ਸਗੋਂ ਦੁਗਣੇ ਹੋ ਜਾਂਦੇ ਹਨ। ਬਾਪ ਜਾਂ ਬੱਚੇ ਬਾਹਰ ਕੰਮ 'ਤੇ ਜਾਣ ਜਾਂ ਪੜ੍ਹਨ ਉਨ੍ਹਾਂ ਨੂੰ ਇਹ ਬੋਝ ਨਹੀਂ ਹੁੰਦਾ ਕਿ ਸਭ ਦਾ ਕੰਮ ਕਰ ਕੇ ਜਾਣਾ ਹੈ। ਸਭ ਦਾ ਖਾਣਾ ਤਿਆਰ ਕਰਨਾ, ਬੱਚੇ ਤਿਆਰ ਕਰਨੇ ਜਾਂ ਖ਼ੁਦ ਸਾਰਾ ਘਰ ਸੰਭਾਲ ਕੇ ਫਿਰ ਆਪ ਤਿਆਰ ਹੋ ਕੇ ਜਾਣਾ ਹੈ ਅਤੇ ਆਉਂਦਿਆਂ ਨੂੰ ਫਿਰ ਸਾਰਾ ਕੰਮ-ਕਾਜ। ਸਾਰਾ ਕੰਮ ਕੀਤਾ-ਕਰਾਇਆ ਕੌਣ ਸਾਡੇ ਅੱਗੇ ਪੇਸ਼ ਕਰਦਾ ਹੈ? ਸਿਰਫ਼ ਮਾਂ। ਵਿਹਲੀ ਹੋਵੇ ਜਾਂ ਮਸ਼ਰੂਫ਼ ਘਰੋਂ ਜਾਣ ਲੱਗੀ ਨੇ 100 ਝੰਜਟ ਨਿਪਟਾ ਕੇ ਜਾਣੇ ਹਨ ਤੇ 100 ਕੰਮ ਘਰ ਆ ਕੇ ਸਿਰੇ ਲਾਉਣੇ ਹਨ। ਸਭ ਤੋਂ ਪਹਿਲਾਂ ਉੱਠਣਾ ਤੇ ਸਭ ਨੂੰ ਸਵਾ ਕੇ ਆਪ ਸਭ ਤੋਂ ਲੇਟ ਸੌਣਾ, ਕਿਸ ਦਾ ਕੰਮ ਹੈ? ਸਿਰਫ਼ ਮਾਂ ਦਾ। ਕਿਸੇ ਨੇ ਇਹ ਨਹੀਂ ਪੁੱਛਿਆ ਕਿ ਉਹ ਥੱਕ ਤਾਂ ਨਹੀਂ ਗਈ, ਨੀਂਦ ਤਾਂ ਨਹੀਂ ਆਈ, ਆਰਾਮ ਕਰ ਲਿਆ ਕਿ ਨਹੀ? ਸਾਡਾ ਖ਼ਿਆਲ ਆਪਣੇ ਕੰਮਾਂ ਵੱਲ ਹੁੰਦਾ ਹੈ। ਸਾਰਾ ਜਹਾਨ ਹਫ਼ਤਾ ਭਰ ਕਿੰਨਾ ਵੀ ਕੰਮ ਕਰੇ ਪਰ ਛੁੱਟੀ ਵਾਲੇ ਦਿਨ ਤਾਂ 'ਰੈਸਟ' ਕਰਦਾ ਹੀ ਹੈ ਪਰ ਮਾਂ ਕਦ ਰੈਸਟ ਕਰੇਗੀ, ਮਾਂ ਦਾ ਕੰਮ ਤਾਂ ਹੋਰ ਵੀ ਵਧ ਜਾਂਦਾ ਹੈ। ਮਾਂ ਦੀ ਨੀਂਦ ਕਦ ਪੂਰੀ ਹੋਵੇਗੀ। ਮਾਂ ਕਦ ਚੈਨ ਪਾਵੇਗੀ। ਸ਼ਾਇਦ ਕਦੀ ਨਹੀਂ। ਉਹ ਤਾਂ ਆਪਣੇ ਬੱਚਿਆਂ ਲਈ ਰਾਤਾਂ ਜਾਗੇਗੀ। ਰੱਬ ਨੇ ਸਾਰੀ ਹਿੰਮਤ, ਸਾਰਾ ਸਬਰ, ਸਭ ਕੁਰਬਾਨੀਆਂ, ਸਾਰੇ ਫ਼ਰਜ਼ ਮਾਂ ਵਿਚ ਹੀ ਭਰ ਦਿੱਤੇ ਹਨ। ਮਾਂ ਨੇ ਕਦੇ ਕੋਈ ਇੱਛਾ, ਲਾਲਸਾ, ਉਮੀਦ, ਮੰਗ ਕਿਸੇ ਪਾਸੋਂ ਨਹੀਂ ਰੱਖੀ ਕਿ ਉਸ ਨੂੰ ਵੀ ਕਦੀ ਵਿਹਲ ਦੇ ਕੁਝ ਪਲ ਚਾਹੀਦੇ ਹਨ।12 ਮਹੀਨੇ, 30 ਦਿਨ, 24 ਘੰਟੇ ਸਿਰਫ਼ ਮਿਹਨਤ, ਲਗਨ, ਸੇਵਾ ਕੌਣ ਕਰਦਾ ਹੈ? ਸਿਰਫ਼ ਮਾਂ। ਨਾ ਅੱਕਣਾ, ਨਾ ਥੱਕਣਾ, ਨਾ ਗਿਲਾ, ਨਾ ਸ਼ਿਕਵਾ। ਬਸ ਹਮੇਸ਼ਾ ਆਪਣੇ ਫ਼ਰਜ਼ ਨਿਭਾਉਂਦੀ ਹੈ।

• ਦਵਿੰਦਰ ਕੌਰ
82838-32839

# ਨਿਰਾਸ਼ਾ ਭਜਾਉਣ 'ਚ ਸਹਾਈ ਹੁੰਦੈ ਸੰਗੀਤ

ਟਿਕੀ ਹੋਈ ਰਾਤ ਵਿਚ ਕਿਧਰੇ ਕਿਸੇ ਮਧੁਰ ਗੀਤ ਦੀ ਆਵਾਜ਼ ਸੁਣਾਈ ਦੇਵੇ ਤਾਂ ਇਕ ਹੁਲਾਰੇ ਤੇ ਸਕੂਨ ਜਿਹੇ ਨਾਲ ਅੱਖਾਂ ਬੰਦ ਹੋਣ ਲੱਗਦੀਆਂ ਹਨ। ਸੁਰ ਰਾਗ ਦਾ ਸੁਮੇਲ ਕਾਇਨਾਤ ਨੂੰ ਸੰਗੀਤਕ ਬਣਾ ਦਿੰਦਾ ਹੈ। ਜਿੱਥੇ ਸੰਗੀਤ ਪਿੱਛੇ ਸੁਪਨਿਆ ਦਾ ਸੋਮਾ ਹੈ ਉੱਥੇ ਇਹ ਰਾਗ ਤੇ ਸੁਰ ਰੂਹ ਦੀ ਖ਼ੁਰਾਕ ਹੈ। ਇਹ ਦਰਦਾਂ ਦੀ ਦਵਾ ਹੈ। ਦਿਲੇ ਦੇ ਅੱਲੇ ਜ਼ਖ਼ਮਾਂ ਲਈ ਮਲ੍ਹਮ ਹੈ। ਜਦੋਂ ਮਨ ਨਿਰਾਸ਼ ਹੁੰਦਾ ਹੈ, ਬ੍ਰਿਹਾ ਆ ਸਤਾਉਂਦਾ ਹੈ ਤਾਂ ਇਹ ਸੁਰਾਂ ਹੀ ਰਾਹਤ ਦਿੰਦੀਆਂ ਹਨ, ਹਿਜਰਾਂ ਦੀ ਪੀੜਾ ਨੂੰ ਘੱਟ ਕਰਦੀਆਂ ਹਨ। ਸ਼ਿਵ ਨੇ ਬ੍ਰਿਹਾ ਲਿਖਿਆ ਤੇ ਗਾਇਆ। ਸਾਡਾ ਬਹੁਤ ਸਾਰਾ ਸਾਹਿਤ ਬ੍ਰਿਹੋ ਦੇ ਵਿਛੋੜੇ ਤੇ ਵਸਲਾਂ ਦੀ ਬਾਤ ਪਾਉਂਦਾ ਹੈ। ਪ੍ਰੀਤਮ ਪਿਆਰੇ ਪ੍ਰਭੂ ਨੂੰ ਪਾਉਣ ਲਈ ਵੀ ਤਾਰਾਂ ਨੂੰ ਛੇੜ ਕੇ ਉਸ ਦੇ ਮਿਲਾਪ ਲਈ ਗਾਇਆ ਜਾਂਦਾ ਹੈ ਜੋ ਰੂਹ ਨੂੰ ਸਕੂਨ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਾਰੀ ਬਾਣੀ ਰਾਗਾਂ ਵਿਚ ਲਿਖੀ ਹੋਈ ਹੈ ਤੇ ਰਸੀਲਾ ਕੀਰਤਨ ਫਿਜ਼ਾ ਵਿਚ ਰੂਹਾਨੀਅਤ ਘੋਲ ਦਿੰਦਾ ਹੈ। ਮਰਦਾਨੇ ਨੇ ਰਬਾਬ ਵਜਾਈ ਤੇ ਬਾਬੇ ਨੇ ਗੁਰਬਾਣੀ ਗਾਈ। ਨਾਨਕ ਨੇ ਗਾ ਕੇ ਉਸ ਪਰਮਾਤਮਾ ਨਾਲ ਸੁਮੇਲ ਕੀਤਾ।

ਸੰਗੀਤ ਦਾ ਰਸ ਬੱਚੇ ਦੇ ਜਨਮ ਤੋਂ ਹੀ ਉਸ ਦੇ ਕੰਨਾਂ ਵਿਚ ਰਸ ਘੋਲਣ ਲੱਗਦਾ। ਜਦੋਂ ਬੱਚਾ ਰੋ ਰਿਹਾ ਹੁੰਦਾ ਹੈ ਤਾਂ ਮਾਂ ਮੋਢੇ ਨਾਲ ਬੱਚੇ ਨੂੰ ਲਾ ਕੇ ਪੋਲੇ-ਪੋਲੇ ਥਾਪੜ ਰਹੀ ਹੁੰਦੀ ਹੈ ਤਾਂ ਉਸ ਥਪਕ ਵਿੱਚੋਂ ਜੋ ਸੰਗੀਤ ਪੈਦਾ ਹੋ ਰਿਹਾ ਹੁੰਦਾ ਉਹ ਬੱਚੇ ਨੂੰ ਹੌਲੀ-ਹੌਲੀ ਮਿੱਠੀ-ਮਿੱਠੀ ਨੀਂਦ ਵਿਚ ਲੈ ਜਾਂਦਾ ਹੈ। ਬੱਚਾ ਜਦੋਂ ਥੋੜ੍ਹਾ ਜਿਹਾ ਵੱਡਾ ਹੁੰਦਾ ਤਾਂ ਮਾਂ ਲੋਰੀ ਗਾਉਂਦੀ ਤੇ ਬੱਚਾ ਸੌਂ ਜਾਂਦਾ। ਇਹ ਲੋਰੀਆਂ ਵੀ ਸੰਗੀਤ ਦੀ ਇਕ ਵਿਧਾ ਹੀ ਹੈ।

ਮਾਨਸਿਕ ਰੋਗਾਂ ਲਈ ਵੀ ਸੰਗੀਤ ਦੀ ਥੈਰੇਪੀ ਬਹੁਤ ਸਾਰਥਿਕ ਹੈ। ਗੁਰਬਾਣੀ ਸੁਣਨ ਨਾਲ ਵੀ ਮਾਨਸਿਕ ਤੌਰ 'ਤੇ ਮਜ਼ਬੂਤੀ ਮਿਲਦੀ ਤੇ ਜ਼ਿੰਦਗੀ ਵਿਚ ਨਵਾਂ ਚਾਅ ਤੇ ਉਤਸਾਹ ਭਰਿਆ ਜਾਂਦਾ ਹੈ। ਇਹ ਮਾਨਸਿਕਤਾ ਹਰ ਇਕ ਬੱਚੇ ਵਿਚ ਵੱਖ-ਵੱਖ ਹੁੰਦੀ। ਅਮਰੀਕਾ, ਯੂਨਾਨ ਦੇ ਹਸਪਤਾਲਾਂ ਵਿਚ ਇਹ ਵਿਧੀ ਪਿਛਲੇ ਕਈ ਸਾਲਾਂ ਤੋਂ ਵਰਤੀ ਜਾ ਰਹੀ ਹੈ। ਕਈ ਮਨੋਰੋਗੀਆਂ ਨੂੰ ਸੰਗੀਤ ਥੈਰੇਪੀ ਨਾਲ ਹੀ ਠੀਕ ਕਰ ਲਿਆ ਜਾਂਦਾ ਹੈ। ਸਰੀਰਕ ਬਿਮਾਰੀਆਂ ਵਿਚ ਦਵਾ ਦੇ ਨਾਲ ਰੋਗੀ ਨੂੰ ਮਨਭਾਉਂਦਾ ਸੰਗੀਤ ਵੀ ਲਗਾਇਆ ਜਾਂਦਾ ਹੈ। ਆਲੇ-ਦੁਆਲੇ ਦਾ ਮਾਹੌਲ ਸੰਗੀਤਮਈ ਹੋ ਜਾਂਦਾ। ਇਸ ਨਾਲ ਮਰੀਜ਼ ਨੂੰ ਆਪਣੇ ਅੰਦਰਲਾ ਸ਼ੋਰ



ਘੱਟ ਲੱਗਦਾ ਹੈ ਤੇ ਉਸ ਦੇ ਮਨ ਦੀ ਅਵਸਥਾ ਬਦਲਣ ਲੱਗਦੀ ਹੈ। ਉਹ ਸੈਲਫ਼ ਹੀਲਿੰਗ ਨਾਲ ਜਲਦੀ ਠੀਕ ਹੋ ਜਾਂਦਾ।

ਸਾਡੇ ਦੇਸ਼ ਵਿਚ ਭਾਵੇਂ ਸੰਗੀਤ ਥੈਰੇਪੀ ਨਹੀਂ ਹੈ ਪਰ ਸਾਡਾ ਵਿਰਸਾ ਸੰਗੀਤ ਥੈਰੇਪੀ ਨਾਲ ਹੀ ਭਰਿਆ ਪਿਆ। ਸਾਡਾ ਹਰ ਤਿੱਥ ਤਿਉਹਾਰ, ਮਰਨ, ਜੀਵਣ, ਵਿਆਹ-ਸ਼ਾਦੀਆਂ 'ਤੇ ਢੁੱਕਵਾਂ ਸੰਗੀਤ ਵੱਖ-ਵੱਖ ਰੂਪਾਂ ਵਿਚ ਗਾਇਆ ਜਾਂਦਾ। ਬੱਚੇ ਦੀ ਲੋਰੀ ਤੋਂ ਲੈ ਕੇ ਹਰ ਰਸਮ ਲਈ ਗੀਤ ਹਨ। ਜਵਾਨੀ ਵੇਲੇ ਢੋਲੇ ਗਾਏ ਜਾਂਦੇ। ਖ਼ੁਸ਼ੀ ਵਿਚ ਭੰਗੜੇ, ਗਿੱਧਾ ਸਭ ਸੰਗੀਤਮਈ ਹਨ। ਸੰਗੀਤ ਤੇ ਢੋਲ ਦੀ ਥਾਪ ਤੇ ਪੈਰ ਨੱਚ ਉੱਠਦੇ ਹਨ। ਮਨ ਖਿੜਦਾ, ਚਿੰਤਾਵਾਂ ਦੂਰ ਭੱਜਦੀਆਂ ਹਨ। ਨਵਾਂ ਹੁਲਾਸ ਪੈਦਾ ਹੁੰਦਾ ਸਰੀਰ ਵਿਚ। ਵਿਆਹ ਦੇ ਗੀਤ, ਮਾਹੀਏ, ਟੱਪੇ ਗਾ-ਗਾ ਦਿਲ ਦਾ ਦਰਦ ਬਿਆਨ ਕੀਤਾ ਜਾਂਦਾ ਹੈ। ਦਰਦਾਂ ਨੂੰ ਵੀ ਗਾ ਕੇ ਘੱਟ ਕਰ ਲਿਆ ਜਾਂਦਾ। ਲੰਮੇ-ਲੰਮੇ ਵੈਣ ਪਾ ਕੇ ਦਰਦ ਨੂੰ ਘਟਾਉਣ ਦਾ ਹੀ ਤਰੀਕਾ ਹੈ। ਸੰਗੀਤ ਰੋਂਦੇ ਦਿਲਾਂ ਨੂੰ ਹਸਾ ਦਿੰਦਾ ਹੈ। ਬਿਮਾਰਾਂ ਨੂੰ ਠੀਕ ਕਰ ਦਿੰਦਾ ਹੈ। ਕਹਿੰਦੇ ਹਨ ਮਸ਼ਹੂਰ ਗਜ਼ਲਗੋ ਬੇਗਮ ਅੀਤਰ ਨੂੰ ਗਾਉਣ ਦਾ ਸ਼ੌਕ ਸੀ। ਇਹ ਦਾਤ ਉਸ ਨੂੰ ਪੈਦਾਇਸ਼ੀ ਹੀ ਪਰਮਾਤਮਾ ਵੱਲੋਂ ਮਿਲੀ ਸੀ। ਉਹ ਬਹੁਤ ਸੋਹਣੀਆਂ ਗ਼ਜ਼ਲ ਗਾਉਂਦੀ ਸੀ ਪਰ ਜਦੋਂ ਉਸ ਦਾ ਵਿਆਹ ਹੋਇਆ ਤਾਂ ਉਸ ਦੇ ਸਹੁਰੇ ਪਰਿਵਾਰ ਨੇ ਉਸ ਨੂੰ ਗਾਉਣ ਦੀ ਇਜ਼ਾਜਤ ਨਾ ਦਿੱਤੀ। ਉਹ ਬਿਮਾਰ ਰਹਿਣ ਲੱਗੀ। ਉਸ ਨੂੰ ਵੈਦ ਕੋਲ ਲੈ ਗਏ। ਇਲਾਜ ਚੱਲਿਆ ਪਰ ਉਹ ਠੀਕ ਹੀ ਨਹੀਂ ਹੋ ਰਹੀ ਸੀ। ਫਿਰ ਵੈਦ ਨੇ ਕਿਹਾ ਕਿ ਇਹ ਸਿਰਫ਼ ਗਾਉਣ ਨਾਲ ਹੀ ਠੀਕ ਹੋਵੇਗੀ।

ਸਾਰੀ ਕਾਇਨਾਤ ਕੁਦਰਤ ਸੰਗੀਤ ਨਾਲ ਭਰੀ ਪਈ ਹੈ। ਮਧੁਰ ਸੰਗੀਤ। ਪੰਛੀਆਂ ਦੀ ਚੈਂ-ਚੈਂ, ਕੋਇਲ ਦੀ ਕੂਹ-ਕੂਹ, ਹਵਾਵਾਂ ਦਾ ਸੰਗੀਤ, ਕਲ-ਕਲ ਵਹਿੰਦੇ ਪਾਣੀ ਦਾ ਸੰਗੀਤ ਮਧੁਰ-ਮਿੱਠਾ ਤੇ ਮਨ ਨੂੰ ਸਕੂਨ ਦੇਣ ਵਾਲਾ ਹੈ। ਮੀਂਹ ਦੀਆਂ ਕਣੀਆਂ ਜਦੋਂ ਧਰਤੀ ਤੇ ਡਿਗਦੀਆਂ ਹਨ ਤਾਂ ਉਹ ਵੀ ਸੰਗੀਤ ਪੈਦਾ ਕਰਦੀਆਂ। ਘਰ ਵਿਚ ਮੁਟਿਆਰ ਝਾਂਜਰ ਪਾ ਇੱਧਰ-ਉੱਧਰ ਜਾਂਦੀ ਹੋਈ ਨਿੰਮਾ-ਨਿੰਮਾ ਸੰਗੀਤ ਬਖੇਰਦੀ ਰਹਿੰਦੀ। ਫਿਜ਼ਾ ਵਿਚ ਬੱਦਲਾਂ ਦੀ ਗੜਗੜਾਹਟ ਵੀ ਇਕ ਸੰਗੀਤ ਹੀ ਹੈ। ਕੁਝ ਸਾਲ ਪਹਿਲਾਂ ਦੀ ਗੱਲ ਹੈ ਕਿ ਨਾਸਾ ਦਾ ਇਕ ਵਿਗਿਆਨੀ ਜੋ ਕਿ ਕੰਨਾਂ ਦੇ ਕੈਂਸਰ ਤੋਂ ਪੀੜਤ ਸੀ, ਹਰਿਮੰਦਰ ਸਾਹਿਬ ਕੀਰਤਨ ਸੁਣ ਕੇ ਰਾਜ਼ੀ ਹੁੰਦਾ ਗਿਆ ਤੇ ਕੁਝ ਮਹੀਨਿਆਂ ਦਾ ਪ੍ਰਾਹੁਣਾ ਰਾਗ ਥੈਰੇਪੀ ਨਾਲ ਛੇ ਸਾਲ ਜੀਵਿਆ। ਸੋ ਸੰਗੀਤ ਵਿਚ ਬਹੁਤ ਤਾਕਤ ਹੈ। ਇਹ ਤਾਂ ਜਦੋਂ ਤਾਨਸੈਨ ਗਾਉਂਦਾ ਸੀ ਤਾਂ ਮੇਘਲਾ ਛੰਮ-ਛੰਮ ਵਰਦਾ। ਦੀਵੇ ਜਗਣ ਲੱਗਦੇ। ਸੰਗੀਤ ਸਕੂਨ, ਰੂਹ ਦੀ ਖ਼ੁਰਾਕ, ਦੁਖਦੇ ਮਨਾਂ 'ਤੇ ਮਾਂ ਦੀ ਲੋਰੀ ਵਰਗਾ ਪਿਆਰੀ ਜਿਹੀ ਛੋਹ, ਸੰਗੀ-ਸਾਥੀ ਦਵਾ-ਦਾਰੂ ਦਾ ਕੰਮ ਕਰਦੇ ਹਨ।

• ਸਤਨਾਮ ਕੌਰ ਚੌਹਾਨ
98886-15531

## ਸੰਪਾਦਕੀ

# ਭਾਰਤ ਦੀਆਂ ਬਾਸਮਤੀ ਦਰਾਮਦਾਂ 'ਤੇ 26 ਫੀਸਦ ਟੈਰਿਫ

ਡੋਨਲਡ ਟਰੰਪ ਪ੍ਰਸ਼ਾਸਨ ਵਲੋਂ ਭਾਰਤ ਦੀਆਂ ਬਾਸਮਤੀ ਦਰਾਮਦਾਂ 'ਤੇ 26 ਫੀਸਦ ਟੈਰਿਫ ਲਾਉਣ ਨਾਲ ਜਿੱਥੇ ਭਾਰਤੀ ਬਰਾਮਦਾਂ ਉਪਰ ਬੁਰਾ ਅਸਰ ਪੈਣ ਦੀਆਂ ਰਿਪੋਰਟਾਂ ਆ ਰਹੀਆਂ ਹਨ, ਉੱਥੇ ਅਮਰੀਕਾ ਦੇ ਇਸ ਕਦਮ ਨਾਲ ਪੰਜਾਬ, ਹਰਿਆਣਾ ਤੇ ਉਤਰਾਖੰਡ ਜਿਹੇ ਬਾਸਮਤੀ ਉਤਪਾਦਕ ਕਿਸਾਨਾਂ ਲਈ ਫ਼ੌਰੀ ਚੁਣੌਤੀ ਪੈਦਾ ਹੋ ਗਈ ਹੈ। ਅਮਰੀਕਾ ਭਾਰਤੀ ਬਾਸਮਤੀ ਦਾ ਪ੍ਰਮੁੱਖ ਟਿਕਾਣਾ ਹੈ। ਸਾਲ 2023-24 ਵਿਚ ਭਾਰਤ ਨੇ ਅਮਰੀਕੀ ਮੰਡੀ ਵਿਚ 3.08 ਲੱਖ ਟਨ ਬਾਸਮਤੀ ਚੌਲ ਬਰਾਮਦ ਕੀਤੇ ਸਨ ਜਿਨ੍ਹਾਂ ਦੀ ਕੀਮਤ ਕਰੀਬ ਸਾਢੇ ਤੀਹ ਕਰੋੜ ਡਾਲਰ ਬਣਦੀ ਸੀ। ਟੈਰਿਫ ਲਾਗੂ ਹੋਣ ਤੋਂ ਬਾਅਦ ਅਮਰੀਕੀ ਮੰਡੀ ਵਿਚ ਖਾਸਕਰ ਕੀਮਤ ਸੰਵੇਦੀ ਖਪਤਕਾਰਾਂ ਵਿਚ ਭਾਰਤੀ ਬਾਸਮਤੀ ਦੀ ਮੰਗ 'ਤੇ ਅਸਰ ਪੈ ਸਕਦਾ ਹੈ ਅਤੇ ਇਸ ਨਾਲ ਬਰਾਮਦਕਾਰਾਂ ਦੇ ਮੁਨਾਫ਼ੇ ਵੀ ਘਟ ਸਕਦੇ ਹਨ ਅਤੇ ਕੁੱਲ ਮਿਲਾ ਕੇ ਅਮਰੀਕੀ ਮੰਡੀ ਵਿਚ ਭਾਰਤ ਦੀ ਹਿੱਸੇਦਾਰੀ ਸੁੰਗੜ ਸਕਦੀ ਹੈ। ਜੇ ਕੇਂਦਰ ਅਤੇ ਸਬੰਧਤ ਰਾਜ ਸਰਕਾਰਾਂ ਇਸ ਘਟਨਾਕ੍ਰਮ ਨਾਲ ਸਿੱਝਣ ਲਈ ਕੋਈ ਕਾਰਗਰ ਯੋਜਨਾ ਬਣਾਉਣ ਵਿਚ ਸਫ਼ਲ ਨਾ ਹੋ ਸਕੀਆਂ ਤਾਂ ਇਸ ਦਾ ਸਿੱਧੇ ਤੌਰ 'ਤੇ ਪੰਜਾਬ, ਹਰਿਆਣਾ ਅਤੇ ਉਤਰਾਖੰਡ ਦੇ ਕਿਸਾਨਾਂ ਦੀ ਕਮਾਈ ਉਪਰ ਅਸਰ ਪੈ ਸਕਦਾ ਹੈ। ਬਾਸਮਤੀ ਬਰਾਮਦਕਾਰਾਂ ਨੂੰ ਡਰ ਹੈ ਕਿ ਅਮਰੀਕੀ ਟੈਰਿਫ ਕਰ ਕੇ ਖੇਤ ਤੋਂ ਬੰਦਰਗਾਹ ਤੱਕ ਸਮੁੱਚੀ ਵੈਲਿਊ ਚੇਨ ਸੁੰਗੜ ਸਕਦੀ ਹੈ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕੀ ਮੰਡੀ ਰਾਤੋਰਾਤ ਹੋਏ ਇਸ ਵਾਧੇ ਨੂੰ ਬਰਦਾਸ਼ਤ ਨਹੀਂ ਕਰ ਸਕੇਗੀ। ਇਸ ਦਾ ਦੂਜਾ ਪਹਿਲੂ ਇਹ ਹੈ ਕਿ ਭਾਰਤ ਦੇ ਮੁਕਾਬਲੇ ਅਮਰੀਕਾ ਨੂੰ ਚੌਲ ਬਰਾਮਦ ਕਰਨ ਵਾਲੇ ਕੁਝ ਹੋਰ ਦੇਸ਼ਾਂ ਜਿਵੇਂ ਚੀਨ (34% ਟੈਕਸ), ਵੀਅਤਨਾਮ (46%) ਅਤੇ ਥਾਈਲੈਂਡ (37%) ਨੂੰ ਜ਼ਿਆਦਾ ਪ੍ਰੇਸ਼ਾਨੀ ਹੋ ਸਕਦੀ ਹੈ ਜਿਨ੍ਹਾਂ ਦੇ ਮੁਕਾਬਲੇ ਭਾਰਤ ਉਪਰ 26-27 ਫ਼ੀਸਦ ਟੈਕਸ ਘੱਟ ਹੈ। ਇਸ ਕਰ ਕੇ ਭਾਰਤ ਨੂੰ ਅਮਰੀਕੀ ਮੰਡੀ ਵਿਚ ਆਪਣੀ ਹਿੱਸੇਦਾਰੀ ਬਰਕਰਾਰ ਰੱਖਣ ਜਾਂ ਇਸ 'ਚ ਵਾਧਾ ਕਰਨ ਵਿਚ ਮਦਦ ਮਿਲ ਸਕਦੀ ਹੈ। ਉਂਝ, ਇਸ ਦਾ ਬਹੁਤਾ ਲਾਭ ਪਾਕਿਸਤਾਨ ਨੂੰ ਹੋਣ ਦੀ ਸੰਭਾਵਨਾ ਹੈ ਜਿਸ ਦੀਆਂ ਡਾਲਰ ਦੇ ਮੁਕਾਬਲੇ ਚਲੰਤ ਕਰੰਸੀ ਦਰਾਂ ਟੈਰਿਫ ਦੇ ਅਸਰ ਨੂੰ ਸਮੋਣ ਦੀ ਸਥਿਤੀ ਵਿਚ ਹਨ ਅਤੇ ਅਮਰੀਕੀ ਦਰਾਮਦਕਾਰਾਂ ਵਲੋਂ ਪਾਕਿਸਤਾਨ ਦਾ ਰੁਖ਼ ਕੀਤਾ ਜਾ ਸਕਦਾ ਹੈ। ਇਸ ਸਥਿਤੀ 'ਚ ਭਾਰਤੀ ਬਰਾਮਦਕਾਰਾਂ ਨੂੰ ਖਾਸਕਰ ਪਰਵਾਸੀ ਭਾਈਚਾਰੇ 'ਚ ਆਪਣੀ ਗੁਣਵੱਤਾ ਅਤੇ ਮਾਰਕੇ 'ਚ ਭਰੋਸਾ ਦ੍ਰਿੜ੍ਹਾਉਣਾ ਪਵੇਗਾ। ਭਾਰਤ ਸਰਕਾਰ ਵਲੋਂ ਟਰੰਪ ਪ੍ਰਸ਼ਾਸਨ ਵਲੋਂ ਲਾਗੂ ਕੀਤੇ ਗਏ ਟੈਰਿਫ਼ ਦੇ ਅਸਰ ਦਾ ਅਧਿਐਨ ਕੀਤਾ ਜਾ ਰਿਹਾ ਹੈ ਅਤੇ ਦੁਵੱਲੇ ਵਪਾਰ ਸਮਝੌਤੇ ਲਈ ਅਮਰੀਕਾ ਨਾਲ ਵਾਰਤਾ ਵਿਚ ਤੇਜ਼ੀ ਲਿਆਂਦੀ ਜਾ ਰਹੀ ਹੈ। ਚੀਨ ਅਤੇ ਕਈ ਯੂਰਪੀ ਦੇਸ਼ਾਂ ਨੇ ਅਮਰੀਕੀ ਦਰਾਮਦਾਂ ਉਪਰ ਟੈਰਿਫ ਲਾਗੂ ਕਰ ਕੇ ਟਰੰਪ ਨੂੰ ਤਿੱਖਾ ਜਵਾਬ ਦਿੱਤਾ ਹੈ ਪਰ ਭਾਰਤ ਸਰਕਾਰ ਅਜਿਹਾ ਰੁਖ਼ ਅਪਣਾਉਣ ਦੇ ਰੌਅ ਵਿਚ ਨਹੀਂ ਜਾਪਦੀ। ਅਮਰੀਕੀ ਰਾਸ਼ਟਰਪਤੀ ਟਰੰਪ ਦੇ ਰਵੱਈਏ ਨੂੰ ਗੱਲਬਾਤ ਤੋਂ ਬਹੁਤੀ ਉਮੀਦ ਰੱਖਣੀ ਸਮਝਦਾਰੀ ਨਹੀਂ ਹੋਵੇਗੀ ਜਿਸ ਕਰ ਕੇ ਭਾਰਤ ਨੂੰ ਬਾਸਮਤੀ ਲਈ ਮੱਧ ਪੂਰਬ, ਯੂਰਪ ਜਾਂ ਦੱਖਣ ਪੂਰਬੀ ਏਸ਼ੀਆ ਦੀਆਂ ਬਦਲਵੀਆਂ ਮੰਡੀਆਂ ਦੀ ਤਲਾਸ਼ ਕਰਨ ਦੀ ਲੋੜ ਹੈ ਜਿੱਥੇ ਹਾਲੇ ਵੀ ਮੰਗ ਮਜ਼ਬੂਤ ਬਣੀ ਹੋਈ ਹੈ। ਭਾਰਤ ਨੇ ਸਾਲ 2023-24 ਵਿਚ ਕੁੱਲ 5.24 ਮਿਲੀਅਨ ਟਨ ਬਾਸਮਤੀ ਬਰਾਮਦ ਕੀਤੀ ਸੀ ਜੋ ਸਾਲ 2024-25 ਵਿਚ ਵਧ ਕੇ 5.94 ਮਿਲੀਅਨ ਟਨ 'ਤੇ ਪਹੁੰਚ ਗਈ ਸੀ ਜਿਸ ਤੋਂ ਸਾਫ਼ ਹੈ ਕਿ ਬਾਸਮਤੀ ਦੀ ਆਲਮੀ ਮੰਗ ਵਿਚ ਭਰਵਾਂ ਵਾਧਾ ਹੋ ਰਿਹਾ ਹੈ।

### ਧਿਆਪਕਾਂ ਦੀ ਕਮੀ ਤੇ ਮਾੜੇ ਵਿੱਦਿਅਕ ਨਤੀਜੇ

ਕਮਜ਼ੋਰ ਬੁਨਿਆਦੀ ਢਾਂਚੇ, ਅਧਿਆਪਕਾਂ ਦੀ ਕਮੀ ਤੇ ਮਾੜੇ ਵਿੱਦਿਅਕ ਨਤੀਜਿਆਂ ਨਾਲ ਜੂਝ ਰਹੇ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਅਰਥਪੂਰਨ ਕਾਇਆਕਲਪ ਦੀ ਫੌਰੀ ਲੋੜ ਹੈ। 'ਆਪ' ਨੇਤਾ ਮਨੀਸ਼ ਸਿਸੋਦੀਆ, ਜੋ ਦਿੱਲੀ ਦੀ ਸਿੱਖਿਆ ਪ੍ਰਣਾਲੀ ਨੂੰ ਨਵੀਂ ਦਿੱਖ ਦੇਣ ਲਈ ਜਾਣੇ ਜਾਂਦੇ ਹਨ, ਨੂੰ ਇਹ ਕਾਰਜ ਸੌਂਪਿਆ ਗਿਆ ਹੈ। ਦਿੱਲੀ ਦੀ ਕਾਰਗੁਜ਼ਾਰੀ ਨੂੰ ਦੇਖਦਿਆਂ ਇੱਥੇ ਵੀ ਠੋਸ ਬਦਲਾਅ ਆਉਣ ਦੀਆਂ ਉਮੀਦਾਂ ਤਾਂ ਜਾਗੀਆਂ ਹਨ, ਪਰ ਮੁੱਢਲੇ ਸੰਕੇਤ ਬਹੁਤੇ ਉਤਸ਼ਾਹਜਨਕ ਨਹੀਂ ਹਨ। ਸਕੂਲਾਂ ਦੀਆਂ ਤਖ਼ਤੀਆਂ ਦਾ ਉਦਘਾਟਨ ਪੂਰੀ ਤਰ੍ਹਾਂ ਇਸ਼ਤਿਹਾਰੀ ਢੰਗ ਨਾਲ ਕਰਨ ਦਾ ਨਵਾਂ ਤੌਰ-ਤਰੀਕਾ ਡੂੰਘੀਆਂ ਸਮੱਸਿਆਵਾਂ ਦਾ ਹੱਲ ਲੱਭਣ 'ਚ ਕੋਈ ਮਦਦ ਨਹੀਂ ਕਰੇਗਾ। ਨਵੇਂ ਐਲਾਨੇ 'ਸਕੂਲਜ਼ ਆਫ਼ ਐਮੀਨੈਂਸ' ਲਈ ਨਾਵਾਂ ਦੀਆਂ ਤਖ਼ਤੀਆਂ ਜਾਂ ਸਜਾਵਟੀ ਚਮਕ-ਦਮਕ 'ਤੇ ਸਰਕਾਰੀ ਪੈਸਾ ਖ਼ਰਚਣਾ ਕਲਾਸਰੂਮ ਸਿੱਖਿਆ ਜਾਂ ਬੁਨਿਆਦੀ ਜ਼ਰੂਰਤਾਂ 'ਚ ਅਸਲੀ ਬਿਹਤਰੀ ਨੂੰ ਨਹੀਂ ਦਰਸਾ ਸਕਦਾ। ਇਸ ਤੋਂ ਇਲਾਵਾ ਨੌਕਰਸ਼ਾਹਾਂ ਵੱਲੋਂ ਮਾਰਗਦਰਸ਼ਨ ਕੀਤੇ ਜਾਣ ਲਈ ਲਿਆਂਦੀ ਸਕੀਮ ਵੀ ਧੁੰਦਲੀ ਤੇ ਰਣਨੀਤੀ ਤੇ ਸਪੱਸ਼ਟ ਉਦੇਸ਼ਾਂ ਤੋਂ ਰਹਿਤ ਹੈ। ਢੁਕਵੇਂ ਦ੍ਰਿਸ਼ਟੀਕੋਣ ਜਾਂ ਕਾਰਜਯੋਜਨਾ ਤੋਂ ਬਿਨਾਂ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਦੇ ਮਹਿਜ਼ ਰਾਜਨੀਤਕ ਪ੍ਰਦਰਸ਼ਨੀ ਬਣਨ ਦਾ ਖ਼ਦਸ਼ਾ ਖੜ੍ਹਾ ਹੋ ਜਾਂਦਾ ਹੈ।

ਪੰਜਾਬ ਦੇ ਸਿੱਖਿਆ ਢਾਂਚੇ ਨੂੰ ਬੁਨਿਆਦੀ ਪੱਧਰ 'ਤੇ ਸੁਧਾਰਾਂ ਦੀ ਲੋੜ ਹੈ। ਦਿਹਾਤੀ ਭਾਰਤ ਦੀ ਸਿੱਖਿਆ ਦੀ ਸਥਿਤੀ ਬਾਰੇ ਸਾਲਾਨਾ ਰਿਪੋਰਟ (ਏਐੱਸਈਆਰ) 2024 ਮੁਤਾਬਿਕ, ਪੇਂਡੂ ਸਰਕਾਰੀ ਸਕੂਲਾਂ ਵਿੱਚ ਤੀਜੀ ਜਮਾਤ ਦੇ ਸਿਰਫ਼ 34 ਫ਼ੀਸਦੀ ਵਿਦਿਆਰਥੀ ਹੀ ਦੂਜੀ ਜਮਾਤ ਦੇ ਪੱਧਰ ਦਾ ਪਾਠ ਪੜ੍ਹ ਸਕਦੇ ਹਨ। ਗਣਿਤ ਦੇ ਮਾਮਲੇ ਵਿੱਚ, ਸਿਰਫ਼ 51 ਪ੍ਰਤੀਸ਼ਤ ਹੀ ਮੁੱਢਲਾ ਘਟਾਉ ਕਰਨ ਯੋਗ ਹਨ। ਇਹ ਅੰਕੜੇ ਚਿੰਤਾਜਨਕ ਤਸਵੀਰ ਪੇਸ਼ ਕਰਦੇ ਹਨ। ਜਦੋਂ ਤੱਕ ਇਹ ਮੂਲ ਕਮੀਆਂ ਦੂਰ ਨਹੀਂ ਕੀਤੀਆਂ ਜਾਂਦੀਆਂ, ਕਿਸੇ ਵੀ ਤਰ੍ਹਾਂ ਦਾ ਨਵੀਨੀਕਰਨ ਓਪਰਾ ਹੀ ਜਾਪੇਗਾ। ਦਿੱਲੀ 'ਚ ਆਈ ਤਬਦੀਲੀ ਨਾਅਰਿਆਂ 'ਤੇ ਉੱਸਰੀ ਹੋਈ ਨਹੀਂ ਸੀ, ਬਲਕਿ ਲਗਾਤਾਰ ਮਿਲਦੇ ਰਹੇ ਬਜਟ, ਚੰਗੀ ਅਧਿਆਪਕ ਸਿਖਲਾਈ ਤੇ ਲੋਕ ਸਰੋਕਾਰ ਉੱਤੇ ਕੇਂਦਰਿਤ ਸੀ। ਪੰਜਾਬ ਨੂੰ ਇਹੀ ਰਾਹ ਫੜਨ ਦੀ ਲੋੜ ਹੈ- ਮੁੱਢਲੀਆਂ ਸਹੂਲਤਾਂ ਜਿਵੇਂ ਪਖਾਨਿਆਂ, ਸਾਫ਼ ਪੀਣ ਯੋਗ ਪਾਣੀ, ਡਿਜੀਟਲ ਉਪਕਰਨਾਂ ਅਤੇ ਸਕੂਲ ਲਾਇਬਰੇਰੀਆਂ ਉੱਤੇ ਨਿਵੇਸ਼ ਜ਼ਰੂਰੀ ਹੈ। ਯੋਗ ਅਧਿਆਪਕਾਂ ਦੀ ਭਰਤੀ ਤੇ ਚੰਗੇ ਅਧਿਆਪਕਾਂ ਨੂੰ ਸਕੂਲਾਂ ਨਾਲ ਜੋੜੀ ਰੱਖਣਾ ਵੀ ਓਨਾ ਹੀ ਮਹੱਤਵਪੂਰਨ ਹੈ।

ਟੀਚਾ ਸਿੱਖਿਆ ਦੇ ਨਤੀਜਿਆਂ ਨੂੰ ਬਿਹਤਰ ਕਰਨਾ ਹੋਣਾ ਚਾਹੀਦਾ ਹੈ, ਨਾ ਕਿ ਸਕੂਲਾਂ ਦੀ ਦਿੱਖ ਨੂੰ। ਮਸ਼ਹੂਰੀ ਨਾਲ ਭਾਵੇਂ ਲੋਕਾਂ ਨੂੰ ਪ੍ਰਭਾਵਿਤ ਤਾਂ ਕੀਤਾ ਜਾ ਸਕਦਾ ਹੈ, ਪਰ ਦਹਾਕਿਆਂ ਤੋਂ ਨਜ਼ਰਅੰਦਾਜ਼ ਪੰਜਾਬ ਦੇ ਸਿੱਖਿਆ ਢਾਂਚੇ ਦਾ ਬਚਾਅ ਸਿਰਫ਼ ਤੇ ਸਿਰਫ਼ ਪੁਖ਼ਤਾ ਯੋਜਨਾਬੰਦੀ, ਅੰਕੜਿਆਂ 'ਤੇ ਆਧਾਰਿਤ ਦਖ਼ਲਾਂ ਨਾਲ ਸੰਭਵ ਹੋਵੇਗਾ। ਜੇਕਰ ਮਨੀਸ਼ ਸਿਸੋਦੀਆ ਵਾਕਈ ਦਿੱਲੀ ਦੇ ਮਾਡਲ ਨੂੰ ਇੱਥੇ ਲਾਗੂ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਪਹਿਲਾਂ ਅਧਿਆਪਕਾਂ ਨੂੰ ਸਮਰੱਥ ਬਣਾਉਣਾ ਪਏਗਾ, ਸਥਾਨਕ ਭਾਈਚਾਰੇ ਨਾਲ ਤਾਲਮੇਲ ਕਰ ਕੇ ਸਭ ਤੋਂ ਮਹੱਤਵਪੂਰਨ ਕੜੀ- ਸਕੂਲੀ ਬੱਚਿਆਂ 'ਤੇ ਧਿਆਨ ਕੇਂਦਰਿਤ ਕਰਨਾ ਪਏਗਾ।

-ਪੀਤਾਂਬਰ ਸ਼ਰਮਾ

Press Ki Taquat Printed, published and owned by Shiv Narayan Jangra, printed at Daffodil Printers, Factory Area, Patiala and published at Office Press Ki Taquat Press Complex, Near Arna Barna Chowk Patiala.
Editor : Pitamber Sharma

ਨੋਟ : ਸੰਪਾਦਕ ਸਿਰਫ ਪੀ ਆਰ ਬੀ ਐਕਟ ਅਧੀਨ ਖਬਰਾਂ ਲਈ ਜਿੰਮੇਵਾਰ। ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ ਪਟਿਆਲਾ ਅਦਾਲਤ 'ਚ ਹੀ ਹੋਵੇਗਾ।

Press Ki Taquat, Daily Punjabi Newspaper, Patiala
Editor in Chief : Shiv Narayan Jangra
Editor : Pitamber Sharma
Contact : 9041568800, 93170-88800,98140-76224
Email : presskitaquatpunjabi@gmail.com
www.presskitaquat.com
For Advertisement : 9041568800, 93170-88800

# ਸੀਟੀ ਯੂਨੀਵਰਸਿਟੀ ਦੀ ਚੌਥੀ ਡਾ. ਬੀ. ਆਰ. ਅੰਬੇਡਕਰ ਰਾਸ਼ਟਰੀ ਮੂਟ ਕੋਰਟ ਮੁਕਾਬਲਾ ਸਫਲਤਾ ਨਾਲ ਸੰਪੰਨ



**ਲੁਧਿਆਣਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਿਤ ਸੀਟੀ ਯੂਨੀਵਰਸਿਟੀ ਵਿਖੇ ਆਯੋਜਿਤ ਚੌਥੀ ਡਾ. ਬੀ. ਆਰ. ਅੰਬੇਡਕਰ ਰਾਸ਼ਟਰੀ ਮੂਟ ਕੋਰਟ ਮੁਕਾਬਲੇ ਦਾ ਸਫਲ ਆਯੋਜਨ ਹੋਇਆ, ਜਿਸ ਵਿੱਚ ਨੌਜਵਾਨ ਕਾਨੂੰਨੀ ਵਿਦਿਆਰਥੀਆਂ ਨੇ ਆਪਣੀ ਕਾਬਿਲੀਅਤ ਅਤੇ ਵਕਾਲਤੀ ਹੁਨਰ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਹ ਤਿੰਨ ਦਿਨਾਂ ਮੁਕਾਬਲਾ ਭਾਰਤ ਭਰ ਤੋਂ ਆਈਆਂ 50 ਤੋਂ ਵੱਧ ਟੀਮਾਂ ਦੀ ਹਿਸੇਦਾਰੀ ਨਾਲ ਹੋਇਆ ਜੋ ਕਿ ਦੇਸ਼ ਦੇ ਸਭ ਤੋਂ ਮੁਕਾਬਲਾਤਮਕ ਅਤੇ ਮਾਣਯੋਗ ਮੂਟ ਕੋਰਟ ਮੁਕਾਬਲਿਆਂ @ਚੋਂ ਇੱਕ ਬਣ ਗਿਆ।

ਮੁਕਾਬਲੇ ਦੇ ਉਦਘਾਟਨ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ੍ਰੀ ਮਨਜਿੰਦਰ ਸਿੰਘ, ਸਚਿਵ, ਪੰਜਾਬ ਸਟੇਟ ਲੀਗਲ ਸਰਵਿਸਿਜ਼ ਅਥਾਰਟੀ ਅਤੇ ਵਿਸ਼ੇਸ਼ ਮਹਿਮਾਨ ਸ੍ਰੀ ਹਰਵਿੰਦਰ ਸਿੰਘ, ਸਚਿਵ, ਡੀਐਲਐੱਸਏ ਸ਼ਾਮਲ ਹੋਏ।

ਹੋਰ ਮਹੱਤਵਪੂਰਨ ਮਹਿਮਾਨਾਂ ਵਿੱਚ ਚਾਂਸਲਰ ਸ. ਚਰਨਜੀਤ ਸਿੰਘ ਚੰਨੀ, ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਵਾਈਸ ਚਾਂਸਲਰ ਡਾ. ਅਭਿਸ਼ੇਕ ਤ੍ਰਿਪਾਠੀ, ਪ੍ਰੋ ਵਾਈਸ ਚਾਂਸਲਰ ਡਾ. ਨਿਤਿਨ ਟੰਡਨ, ਰਜਿਸਟਰਾਰ ਸੰਜੇ ਖੰਡੂਰੀ, ਡੀਨ ਅਕੈਡਮਿਕਸ ਡਾ. ਸਿਮਰਨਜੀਤ ਕੌਰ ਗਿੱਲ ਅਤੇ ਡਾਇਰੈਕਟਰ ਸਟੂਡੈਂਟ ਵੇਲਫੇਅਰ ਇੰਜੀਨੀਅਰ ਦਵਿੰਦਰ ਸਿੰਘ ਸ਼ਾਮਲ ਰਹੇ।

ਮੁਕਾਬਲੇ ਵਿੱਚ ਲੁਧਿਆਣਾ, ਜਗਰਾਓਂ, ਮੋਗਾ ਅਤੇ ਜਲੰਧਰ ਦੀਆਂ ਜ਼ਿਲ੍ਹਾ ਅਦਾਲਤਾਂ ਤੋਂ ਆਏ 40 ਤੋਂ ਵੱਧ ਜੱਜਾਂ ਨੇ ਵਿਦਿਆਰਥੀਆਂ ਦੀ ਕਾਨੂੰਨੀ ਸਮਝ, ਤਰਕਸ਼ਕਤੀ ਅਤੇ ਅਦਾਲਤੀ ਵਿਹਾਰ ਦਾ ਮੁਲਾਂਕਣ ਕੀਤਾ।

ਮੁਕਾਬਲੇ ਦੇ ਦੂਜੇ ਦਿਨ ਭਾਰਤ ਦੇ ਮਾਣਯੋਗ ਸੁਪਰੀਮ ਕੋਰਟ ਤੋਂ ਆਏ ਸੀਨੀਅਰ ਐਡਵੋਕੇਟਸ ਨੇ ਟੀਮਾਂ ਦੇ ਪ੍ਰਦਰਸ਼ਨ ਦਾ ਮੁਲਾਂਕਣ ਕੀਤਾ। ਗ੍ਰੈਂਡ ਫਿਨਾਲੇ ਵਿੱਚ ਮੁੱਖ ਮਹਿਮਾਨ ਵਜੋਂ ਮਾਣਯੋਗ ਨਿਆਂਮੂਰਤੀ ਕੁਲਦੀਪ ਸਿੰਘ (ਸੇਵਾਮੁਕਤ), ਪੰਜਾਬ ਅਤੇ ਹਰਿਆਣਾ ਹਾਈਕੋਰਟ, ਵਿਸ਼ੇਸ਼ ਮਹਿਮਾਨ ਸ਼੍ਰੀਮਤੀ ਅਰਚਨਾ ਪਾਠਕ ਡੇਵ, ਐਡੀਸ਼ਨਲ ਸੋਲਿਸੀਟਰ ਜਨਰਲ ਆਫ਼ ਇੰਡੀਆ, ਅਤੇ ਸੀਨੀਅਰ ਐਡਵੋਕੇਟ ਐਡਵੋਕੇਟ ਸੰਜੀਵ ਸਾਗਰ ਅਤੇ ਐਡਵੋਕੇਟ ਬਬੀਤਾ ਸ਼ਰਮਾ (ਸੁਪਰੀਮ ਕੋਰਟ ਆਫ ਇੰਡੀਆ) ਮੌਜੂਦ ਰਹੇ।

ਕੱਠੀ ਟੱਕਰ ਤੋਂ ਬਾਅਦ ਚੰਡੀਗੜ੍ਹ ਯੂਨੀਵਰਸਿਟੀ, ਮੋਹਾਲੀ ਦੀ ਟੀਮ ਜੇਤੂ ਰਹੀ ਜਦਕਿ ਕੁਰੁਕਸ਼ੇਤਰ ਯੂਨੀਵਰਸਿਟੀ, ਕੁਰੁਕਸ਼ੇਤਰ (ਹਰਿਆਣਾ) ਦੀ ਟੀਮ ਦੂਜੇ ਸਥਾਨ @ਤੇ ਰਹੀ।ਮੈਨਰੂਪ ਕੌਰ ਨੂੰ ਬੈਸਟ ਮੂਟਰ, ਮਿਮਾਸ਼ਕ ਖੋਸਲਾ ਨੂੰ ਬੈਸਟ ਰੀਸਰਚਰ ਅਤੇ ਟੀਸੀ-04 ਪੀਯੂਆਰਸੀ, ਲੁਧਿਆਣਾ ਨੂੰ ਬੈਸਟ ਮੈਮੋਰੀਅਲ ਇਨਾਮ ਨਾਲ ਨਵਾਜਿਆ ਗਿਆ।

ਸਮਾਪਨ ਸਮਾਰੋਹ ਵਿੱਚ ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ ਨੇ ਧੰਨਵਾਦ ਪ੍ਰਸਤਾਵ ਅਤੇ ਸਮਾਪਨ ਭਾਸ਼ਣ ਪੇਸ਼ ਕੀਤਾ।ਮੁੱਖ ਮਹਿਮਾਨ ਸ੍ਰੀ ਮਨਜਿੰਦਰ ਸਿੰਘ ਨੇ ਵਿਦਿਆਰਥੀਆਂ ਦੀ ਵਕਾਲਤ ਕਾਬਲੀਅਤ ਦੀ ਭੂਰੀ-ਭੂਰੀ ਸਿਫ਼ਤ ਕੀਤੀ।ਚਾਂਸਲਰ ਸ. ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਕਾਨੂੰਨੀ ਸਿੱਖਿਆ ਅਤੇ ਰਿਸਰਚ ਲਈ ਬਹੁਤ ਹੀ ਲਾਭਕਾਰੀ ਹਨ।

# ਮੌਸਮ 'ਚ ਵੱਧ ਰਹੇ ਤਾਪਮਾਨ ਦੇ ਮੱਦੇਨਜ਼ਰ ਚੌਕਸ ਰਹਿਣ ਲੋਕ : ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹੇ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਮੌਸਮ ਵਿਚ ਵੱਧ ਰਹੀ ਗਰਮੀ ਤੇ ਤਾਪਮਾਨ ਦੇ ਮੱਦੇਨਜ਼ਰ ਲੂ ਤੋਂ ਬਚਣ ਲਈ ਲੋੜੀਂਦੀਆਂ ਸਾਵਧਾਨੀਆਂ ਵਰਤਦਿਆਂ ਪੂਰੀ ਤਰ੍ਹਾਂ ਚੌਕਸ ਰਿਹਾ ਜਾਵੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੌਸਮ ਬਾਰੇ ਲੋੜੀਂਦੀ ਜਾਣਕਾਰੀ ਰੱਖਣ ਦੇ ਨਾਲ-ਨਾਲ ਆਵਾਜਾਈ ਵੇਲੇ ਲੂ ਤੋਂ ਬਚਣ ਲਈ ਖਾਸ ਧਿਆਨ



ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਸਬੰਧਤ ਅਧਿਕਾਰੀਆਂ ਨੂੰ ਲੋਕਾਂ ਨੂੰ ਲੂ ਤੋਂ ਬਚਣ ਲਈ ਜਾਗਰੂਕਤਾ ਨੂੰ ਫੈਲਾਉਣ ਬਾਰੇ ਨਿਰਦੇਸ਼ ਦਿੱਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵਲੋਂ ਜਾਰੀ ਸਲਾਹਕਾਰੀ ਅਨੁਸਾਰ ਨਵਜੰਮੇ ਅਤੇ ਛੋਟੇ ਬੱਚਿਆਂ, ਗਰਭਵਤੀ ਔਰਤਾਂ, ਬਜ਼ੁਰਗਾਂ, ਮੋਟੇ ਵਿਅਕਤੀਆਂ, ਦਿਲ ਦੇ ਮਰੀਜ਼ ਆਦਿ ਲੂ ਤੋਂ ਬਚਣ ਦਾ ਖਾਸ ਧਿਆਨ ਰੱਖਣ। ਉਨ੍ਹਾਂ ਕਿਹਾ ਕਿ ਜ਼ਿਆਦਾ ਗਰਮੀ ਵਾਲੇ ਮੌਸਮ ਦੌਰਾਨ ਹਲਕੇ ਕੱਪੜੇ ਪਾਉਣ ਨੂੰ ਤਰਜ਼ੀਹ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪਸ਼ੂਆਂ ਅਤੇ ਪਾਲਤੂ ਜਾਨਵਰਾਂ ਦਾ ਵੀ ਧਿਆਨ ਰੱਖਿਆ ਜਾਵੇ।

# ਭਾਜਪਾ ਆਗੂਆਂ ਵੱਲੋਂ ਹੈਦਰਾਬਾਦ ਵਿੱਖੇ ਜੰਗਲਾਂ ਤੇ ਜੰਗਲੀ ਜੀਵਾਂ ਦੀ ਬਰਬਾਦੀ ਖਿਲਾਫ਼ ਰਾਸ਼ਟਰਪਤੀ ਨੂੰ ਮੰਗ ਪੱਤਰ ਦਿੱਤਾ



**ਸ੍ਰੀ ਆਨੰਦਪੁਰ ਸਾਹਿਬ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਆਨੰਦਪੁਰ ਸਾਹਿਬ 07 ਅਪ੍ਰੈਲ (ਸਚਿਨ ਸੋਨੀ, ਰਾਜੂ ਧੀਮਾਨ) ਤੇਲੰਗਾਨਾ ਸਰਕਾਰ ਵੱਲੋਂ ਵਿਕਾਸ ਦੇ ਨਾਂਅ ਹੇਠ ਹੈਦਰਾਬਾਦ ਵਿਖ਼ੇ ਜੰਗਲਾਂ ਤੇ ਜੰਗਲੀ ਜੀਵਾਂ ਦੀ ਹੋ ਰਹੀ ਅੰਧਾਧੁੰਦ ਬਰਬਾਦੀ ਤੇ ਕਟਾਈ ਦੇ ਖਿਲਾਫ਼ ਜਿਲ੍ਹਾ ਭਾਜਪਾ ਦੇ ਸੀਨੀਅਰ ਆਗੂ ਕੇ.ਕੇ.ਬੇਦੀ, ਦੀ ਅਗਵਾਈ ਹੇਠ ਚੀਫ਼ ਸਪੋਕਸਪਰਸਨ ਨੌਜਵਾਨ ਆਗੂ ਬਲਰਾਮ ਪਰਾਸ਼ਰ, ਜਿਲ੍ਹਾ ਮੀਤ ਪ੍ਰਧਾਨ ਰਾਮ ਕੁਮਾਰ ਸ਼ਰਮਾਂ, ਦਵਿੰਦਰ ਸ਼ਰਮਾ ਤੇ ਅਕਸ਼ੇ ਕੁਮਾਰ,ਵੱਲੋਂ ਭਾਰਤ ਗਣਰਾਜ ਦੇ ਰਾਸ਼ਟਰਪਤੀ ਸਾਹਿਬ ਦੇ ਨਾਮ ਇੱਕ ਮੰਗ ਪੱਤਰ ਤਹਿਸੀਲਦਾਰ ਕਰਨਬੀਰ ਸਿੰਘ ਮਾਨ ਰਾਹੀਂ ਭੇਜਿਆ ਗਿਆ।

ਜਿਲ੍ਹਾ ਭਾਜਪਾ ਦੇ ਸੀਨੀਅਰ ਆਗੂਆਂ ਕੇ.ਕੇ. ਬੇਦੀ ਤੇ ਸਰਗਰਮ ਨੌਜਵਾਨ ਭਾਜਪਾ ਆਗੂ ਚੀਫ ਸਪੋਕਸਪਰਸਨ ਬਲਰਾਮ ਪਰਾਸ਼ਰ ਤੇ ਰਾਮ ਕੁਮਾਰ ਸ਼ਰਮਾਂ ਕਿਹਾ ਗਿਆ ਕਿ ਪਹਿਲਾਂ ਹੀ ਵਾਤਾਵਰਣ ਤੇ ਮੌਸਮ ਵਿੱਚ ਹੋ ਰਹੀ ਗੈਰ - ਜ਼ਰੂਰੀ ਤਬਦੀਲੀ ਜਿੱਥੇ ਮਨੁੱਖਤਾ ਤੇ ਜੀਵ ਜੰਤੂਆਂ ਦੇ ਜੀਵਨ ਨੂੰ ਲੈ ਕੇ ਸੰਕਟ ਖੜ੍ਹੇ ਹੋ ਰਹੇ ਹਨ ਤੇ ਹੁਣ ਤੇਲੰਗਾਨਾ ਸਰਕਾਰ ਵੱਲੋਂ ਹੈਦਰਾਬਾਦ ਵਿੱਖੇ ਹੈਦਰਾਬਾਦ ਦੀ ਜ਼ਿੰਦਗੀ ਦਾ ਧੁਰਾ ਮੰਨੇ ਜਾਂਦੇ ਸੰਘਣੇ ਤੇ 2300 ਸਾਲ ਪੁਰਾਣੇ ਜੰਗਲਾਂ ਦੀ ਅੰਧਾ ਧੁੰਦ ਕਟਾਈ ਕੀਤੀ ਜਾ ਰਹੀ ਹੈ ਹ ਤੇ ਇਹਨਾਂ ਜੰਗਲਾਂ ਵਿੱਚ ਵੱਸਦੇ ਜੰਗਲੀ ਜੀਵ ਜੰਤੂਆਂ ਜਿਵੇਂ ਕਿ ਰਾਸ਼ਟਰੀ ਪਕਸ਼ੀ ਮੋਰ, ਹਾਥੀ, ਹਿਰਨ, ਬਾਰਾਸਿੰਗੇ, ਤੇ ਹੋਰ ਵੀ ਜਿਹੜੀਆਂ ਜੀਵ ਜੰਤਵਾ ਦੀਆਂ ਬਿਲਪਤ ਹੋ ਰਹੀਆਂ ਜਾਤੀਆਂ ਨੇ ਉਹਨਾਂ ਨੂੰ ਬਿਨਾਂ ਕਿਸੇ ਰੋਗ ਟੋਕ ਤੇ ਬਿਨਾਂ ਕਿਸੀ ਇਜਾਜ਼ਤ ਦੇ ਬੇਰਹਿਮੀ ਨਾਲ ਕਤਲੋਗਾਰਦ ਕੀਤਾ ਜਾ ਰਿਹਾ ਜਿਸ ਦੀ ਜਿੰਨੀ ਨਿੰਦਾ ਕੀਤੀ ਜਾਵੇ ਉਨੀ ਘੱਟ ਹੈ ਤੇ ਅਸੀਂ ਅੱਜ ਭਾਰਤ ਜਨਤਾ ਪਾਰਟੀ ਵੱਲੋਂ ਇਸ ਕੀਤੇ ਜਾ ਰਹੇ ਅਣ - ਮਨੁੱਖੀ ਤੇ ਮਨੁੱਖੀ ਸਿਧਾਂਤਾਂ ਦੇ ਖਿਲਾਫ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਘੋਰ ਨਿੰਦਾ ਕਰਦੇ ਹਾਂ।

ਨੌਜਵਾਨ ਭਾਜਪਾ ਆਗੂ ਬਲਰਾਮ ਪਰਾਸ਼ਰ ਤੇ ਸੀਨੀਅਰ ਭਾਜਪਾ ਆਗੂ ਕੇ.ਕੇ. ਬੇਦੀ ਨੇ ਕਿਹਾ ਕਿ ਬੇ- ਸ਼ੱਕ ਇਸ ਹਿੰਸਕਪੂਰਨ ਮੰਨੀ ਜਾ ਸਕਦੀ ਕਰਵਾਈ ਤੇ ਮਾਣਯੋਗ ਅਦਾਲਤ ਵਲੋਂ ਅਸਥਾਈ ਰੂਪ ਵਿੱਚ ਰੋਕ ਲਗਾਈ ਗਈ ਹੈ ਪ੍ਰੰਤੂ ਇਸ ਤੇ ਕਰਵਾਈ ਕਰਦਿਆਂ ਮਾਣਯੋਗ ਰਾਸ਼ਟਰਪਤੀ ਸਾਹਿਬ ਨੂੰ ਆਪਣੇ ਵਿਸ਼ੇਸ ਅਧਿਕਾਰਾਂ ਦੀ ਵਰਤੋਂ ਕਰਦਿਆਂ ਪੂਰਣ ਤੌਰ ਤੇ ਪਾਬੰਦੀ ਲਗਾ ਕੇ ਉੱਥੇ ਕੀਤੀ ਗਈ ਕਾਰਵਾਈ ਨੂੰ ਅਣ ਮਨੁੱਖੀ ਕਰਾਰ ਦਿੰਦਿਆ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ ਤੇ ਉੱਥੇ ਕੀਤੀ ਬਰਬਾਦੀ ਤੇ ਜੰਗਲੀ ਜੀਵਾਂ ਦੀ ਨਿਰਮਮ ਹੱਤਿਆਵਾਂ ਕਰਨ ਤੇ ਕਰਵਾਉਣ ਵਾਲੇ ਲੋਕਾਂ ਖਿਲਾਫ਼ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

# ਬਦਲਾਅ ਵਾਲੇ ਰਾਜ 'ਚ ਤਨਖਾਹਾਂ ਨੂੰ ਤਰਸੇ ਪ੍ਰੀ-ਪ੍ਰਾਇਮਰੀ ਅਧਿਆਪਕ

**ਸਮਾਣਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੱਚੇ ਅਧਿਆਪਕਾਂ ਤੋਂ ਪੱਕੇ ਹੋਏ ਐਸੋਸੀਏਟ ਪ੍ਰੀ-ਪ੍ਰਾਇਮਰੀ ਅਧਿਆਪਕਾ ਨੂੰ ਫਰਵਰੀ ਤੇ ਮਾਰਚ ਦੀ ਤਨਖਾਹ ਨਹੀਂ ਮਿਲੀ । ਤਨਖਾਹ ਨਾ ਮਿਲਣ ਕਰਕੇ ਅਧਿਆਪਕ ਚ ਬਹੁਤ ਰੋਸ ਹੈ। ਬਹੁਤ ਸਾਰੇ ਅਧਿਆਪਕਾ ਦਾ ਚੁੱਲਾ ਇਸ ਤਨਖਾਹ ਨਾਲ ਹੀ ਚੱਲਦਾ ਹੈ। ਜੇਕਰ ਤਨਖਾਹ ਨਾ ਆਈ ਤਾਂ ਇਹ ਅਧਿਆਪਕ ਵਿਸਾਖੀ ਵੀ ਖਾਲੀ ਹੱਲ ਮਨਾਉਣ ਲਈ ਮਜਬੂਰ ਹੋਣਗੇ। ਜਥੇਬੰਦੀ ਦੇ ਸੂਬਾਈ ਆਗੂ ਅਤੇ ਜਿਲ੍ਹਾ ਪ੍ਰਧਾਨ ਕਰਮਿੰਦਰ ਸਿੰਘ ਪਟਿਆਲਾ ਨੇ ਦੱਸਿਆ ਕਿ ਬਹੁਤ ਘੱਟ ਤਨਖਾਹ ਹੋਣ ਦੇ ਬਾਵਜੂਦ ਸਮੇਂ ਸਿਰ ਤਨਖਾਹ ਨਹੀਂ ਦਿੱਤੀ ਜਾ ਰਹੀ, ਸਰਕਾਰ ਜਾਂ ਪ੍ਰਸ਼ਾਸ਼ਨ ਪੱਧਰ ਤੇ ਕਿਸੇ ਤਰ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਰੁੱਕੀ ਤਨਖਾਹ ਕੱਦੋਂ ਤੱਕ ਆਵੇਗੀ ਇਹ ਵੀ ਕੋਈ ਨਹੀਂ ਪਤਾ। ਜਿਸ ਕਰਕੇ ਇਹਨਾਂ ਅਧਿਆਪਕਾਂ @ਚ ਭਾਰੀ ਰੋਸ ਹੈ।

ਜਥੇਬੰਦੀ ਵੱਲੋਂ ਮੰਗ ਕਰਦੇ ਹੋਏ ਪ੍ਰਧਾਨ ਕਰਮਿੰਦਰ ਸਿੰਘ ਨੇ ਤੁਰੰਤ ਤਨਖਾਹ ਜਾਰੀ ਕਰਨ ਦੀ ਮੰਗ ਰੱਖੀ, ਰਹਿੰਦੇ ਅਧਿਆਪਕਾਂ ਨੂੰ ਰੈਗੂਲਰ ਕਰਕੇ ਤਨਖਾਹ 6 ਹਜ਼ਾਰ ਤੋਂ ਵਧਾਉਣ, ਗ੍ਰੇਡ ਪੇ ਲਾਗੂ ਕਰਕੇ ਸਾਰੇ ਭੱਤੇ ਦੇਣ, ਪੁਰਾਣੀ ਪੈਨਸ਼ਨ ਲਾਗੂ ਕਰਨ, ਰਿਟਾਇਰ ਹੋ ਚੁੱਕੇ ਪ੍ਰੀ-ਪ੍ਰਾਇਮਰੀ ਅਧਿਆਪਕਾਂ ਨੂੰ ਮੁਲਾਜ਼ਮ ਦੇ ਸਾਰੇ ਲਾਭ ਦੇਣ ਦੀ ਮੰਗ ਕੀਤੀ ਹੈ। ਇਸ ਮੌਕੇ ਉਹਨਾਂ ਨਾਲ , ਅਮਨਦੀਪ ਅਜਨੌਦਾ , ਹੀਨਾ ਮੰਤਰੋ , ਹਰਦੀਪ ਕੁਲਾਰਾ, ਬਲਜੀਤ ਸਮਾਣਾਂ, ਕੁਲਵਿੰਦਰ ਭੁਨਰਹੇੜੀ, ਰੇਨੂੰ ਪਟਿਆਲਾ, ਹਰਦੀਪ ਕੌਰ ਪਟਿਆਲਾ, ਗੁਰਜੀਤ ਕੌਰ ਰਾਜਪੁਰਾ,ਅਕਵੀਨ ਕੌਰ, ਤਲਵੰਡੀ , ਸੁਖੀ ਨਾਭਾ, ਰਾਜਵਿੰਦਰ ਭੁਨਰਹੇੜੀ, ਬਲਜਿੰਦਰ ਨਾਭਾ, ਸੀਮਾ, ਵੀਰਪਾਲ ਕੌਰ, ਨਵਜੋਤ ਕੌਰ , ਸ਼ਸ਼ੀ ਰਾਜਪੁਰਾ, ਹਰਮੀਤ ਪਟਿਆਲਾ ਆਦਿ ਹਾਜ਼ਰ ਸਨ।

# ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿਚ ਸਿੱਖਿਆ ਕ੍ਰਾਂਤੀ ਲਿਆਂਦੀ: ਦਿਆਲਪੁਰਾ



**ਮਾਛੀਵਾੜਾ ਸਾਹਿਬ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੂਬੇ ਵਿਚ ਸਿੱਖਿਆ ਕ੍ਰਾਂਤੀ ਲਿਆਂਦੀ ਜਿਸ ਕਾਰਨ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਮੁਹਿੰਮ 'ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ' ਅਧੀਨ ਅੱਜ ਮਾਛੀਵਾੜ ?ਾ ਬਲਾਕ ਦੇ ਤਿੰਨ ਸਰਕਾਰੀ ਸਕੂਲਾਂ ਵਿਚ ਇਮਾਰਤਾਂ ਦੇ ਨਿਰਮਾਣ ਲਈ 78 ਲੱਖ ਰੁਪਏ ਖਰਚੇ ਗਏ ਹਨ ਜਿਨ੍ਹਾਂ ਦਾ ਅੱਜ ਉਦਘਾਟਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਵਾਤ ਸਰਕਾਰੀ ਸਕੂਲ ਲਈ 38 ਲੱਖ ਰੁਪਏ, ਸ੍ਰੀ ਸ਼ੰਕਰ ਦਾਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਛੀਵਾੜ ?ਾ ਲਈ 19.50 ਲੱਖ ਰੁਪਏ ਅਤੇ ਕੰਨਿਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਛੀਵਾੜ ?ਾ ਲਈ 19.50 ਲੱਖ ਰੁਪਏ ਦੀ ਗ੍ਰਾਂਟ ਪੰਜਾਬ ਸਰਕਾਰ ਵਲੋਂ ਵਿਦਿਆਰਥੀਆਂ ਦੀ ਸਹੂਲਤ ਨੂੰ ਦੇਖਦਿਆਂ ਇਮਾਰਤਾਂ ਦੇ ਨਿਰਮਾਣ ਲਈ ਖਰਚ ਕੀਤੀ ਗਈ।

ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸਿੱਖਿਆ ਢਾਂਚੇ ਵਿਚ ਸੁਧਾਰ ਸਬੰਧੀ ਕੋਈ ਵੀ ਢੁੱਕਵੇਂ ਕਦਮ ਨਹੀਂ ਚੁੱਕੇ ਜਿਸ ਕਾਰਨ ਸਕੂਲਾਂ ਦੀ ਹਾਲਤ ਖਸਤਾ ਹੋ ਚੁੱਕੀ ਸੀ ਅਤੇ ਅਧਿਆਪਕਾਂ ਦੀ ਵੱਡੀ ਘਾਟ ਸੀ ਪਰ ਅੱਜ ਆਮ ਆਦਮੀ ਪਾਰਟੀ ਨੇ ਜਿੱਥੇ ਇਮਾਰਤਾਂ ਦੇ ਨਿਰਮਾਣ ਲਈ ਕਰੋੜ ?ਾਂ ਰੁਪਏ ਖਰਚੇ ਜਾ ਰਹੇ ਹਨ ਉੱਥੇ ਅਧਿਆਪਕਾਂ ਦੀ ਨਵੀਂ ਭਰਤੀ ਵੀ ਕੀਤੀ ਗਈ।

ਵਿਧਾਇਕ ਦਿਆਲਪੁਰਾ ਨੇ ਕਿਹਾ ਕਿ ਬਡ ? ਮਾਣ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਸਿੱਖਿਆ ਪ੍ਰਣਾਲੀ ਵਿਚ ਸੁਧਾਰ ਅਤੇ ਸਰਕਾਰੀ ਸਕੂਲਾਂ ਵਿਚ ਪਡ ?ਨ ਵਾਲੇ ਬੱਚਿਆਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਬਜਟ ਵਿਚ ਵੀ ਵਾਧਾ ਕੀਤਾ ਹੈ।

# ਹਾਂਸੀ ਬੁਟਾਣਾ ਨਹਿਰ ਦੇ ਜੋੜ ਤੇ ਬਣੀ ਹਰਿਆਣਾ ਰਾਜ ਦੀ ਪੁਲਿਸ ਚੌਕੀ ਤੇ ਗ੍ਰਨੇਡ ਹਮਲਾ : ਬੱਬਰ ਖ਼ਾਲਸਾ ਨੇ ਲਈ ਜ਼ਿੰਮੇਵਾਰੀ

**ਸਮਾਣਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਹਰਿਆਣਾ ਹੱਦ @ਤੇ ਸਥਿਤ ਹਾਂਸੀ ਬੁਟਾਣਾ ਨਹਿਰ ਦੇ ਜੋੜ @ਤੇ ਬਣੀ ਅਜੀਮਗੜ੍ਹ(ਹਰਿਆਣਾ) ਪੁਲਿਸ ਚੌਕੀ @ਤੇ ਐਤਵਾਰ ਤੜਕਸਾਰ ਨੇਡ ਸੁੱਟੇ ਜਾਣ ਦੀ ਕਥਿਤ ਘਟਨਾ ਕਾਰਨ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਜਦੋਂ ਕਿ ਹਰਿਆਣਾ ਪੁਲਿਸ ਨੇ ਇਸ ਨੂੰ ਕੇਵਲ ਅਫਵਾਹ ਦੱਸਿਆ।



ਇਸ ਘਟਨਾ ਸੰਬਧੀ ਸਰਗਰਮੀ ਉਸ ਸਮੇਂ ਸ਼ੁਰੂ ਹੋਈ ਜਦੋਂ ਬੱਬਰ ਖਾਲਸਾ ਦੇ ਲੈਟਰ ਹੈਡ @ਤੇ ਹੈਪੀ ਪੱਛੀਆ,ਗੋਪੀ ਨਵਾ ਸ਼ਹਿਰੀਆਂ ਤੇ ਮਨੂੰ ਅਗਵਾਨ ਨਾਮਕ ਵਿਅਕਤੀਆਂ ਵੱਲੋਂ ਪਟਿਆਲਾ,ਨਾਭਾ ਇਲਾਕਿਆਂ ਸਣੇ ਪੰਜਾਬ ਦੇ ਲੋਕਾਂ ਨੂੰ ਪੁਲਿਸ ਵੱਲੋਂ ਪ੍ਰੇਸ਼ਾਨ ਕਰਨ ਦਾ ਦੋਸ਼ ਲਗਾਉਂਦੇ ਹੋਏ ਐਤਵਾਰ ਤੜਕੇ ਸਵੇਰੇ 4 ਵਜੇ ਅਜੀਮਗੜ੍ਹ (ਹਰਿਆਣਾ) ਪੁਲਿਸ ਚੌਕੀ @ਤੇ ਗ੍ਰਨੇਡ ਨਾਲ ਅਟੈਕ ਕਰਨ ਦੀ ਜਿੰਮੇਵਾਰੀ ਸੰਬਧੀ ਪੱਤਰ ਜਾਰੀ ਕਰਕੇ ਜਿਮੇਵਾਰੀ ਲੈਂਦੇ ਹੋਏ ਧਮਾਕੇ ਜਾਰੀ ਰੱਖਣ ਦੀ ਚਿਤਾਵਨੀ ਦਿੱਤੀ। ਸੂਚਨਾ ਮਿਲਣ @ਤੇ ਜ਼ਿਲ੍ਹਾ ਕੈਂਥਲ ਹਰਿਆਣਾ ਦੇ ਪੁਲਿਸ ਅਧਿਕਾਰੀਆਂ ਤੋਂ ਇਲਾਵਾ ਪਟਿਆਲਾ ਪੁਲਿਸ ਅਧਿਕਾਰੀਆਂ ਨੇ ਵੀ ਅਜ਼ੀਮਗੜ੍ਹ ਪੁਲਿਸ ਚੌਕੀ @ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆਅਤੇ ਨੇੜਲੇ ਬਸਤੀ ਨਿਵਾਸੀਆਂ ਤੋਂ ਵੀ ਜਾਣਕਾਰੀ ਪ੍ਰਾਪਤ ਕਰਨ ਲਈ, ਉਨ੍ਹਾਂ ਨਾਲ ਗੱਲਬਾਤ ਕੀਤੀ। ਅਜੀਮਗੜ੍ਹ ਹਰਿਆਣਾ ਪੁਲਸ ਚੌਕੀ ਮੁੱਖੀ ਸਬ-ਇਸਪੈਕਟਰ ਦਲਬੀਰ ਸਿੰਘ ਨੇ ਇਸ ਨੂੰ ਘਟਨਾ ਨੂੰ ਅਫਵਾਹ ਦੱਸਦੇ ਹੋਏ ਕਿਹਾ, ਕਿ ਰਾਤ ਨੂੰ ਉਹ ਚੌਕੀ @ਚ ਮੌਜੂਦ ਸਨ ਅਤੇ ਉਨ੍ਹਾਂ ਕੋਈ ਧਮਾਕੇ ਦੀ ਅਵਾਜ਼ ਨਹੀਂ ਸੁਣੀ। ਉਨ੍ਹਾਂ ਦੱਸਿਆ ਕਿ ਸਾਲਾ ਤੋਂ ਟੁੱਟੇ ਹੋਏ ਪੱਤਿਆਂ ਨੂੰ ਅੱਗ ਲਗਾਉਣ ਤੋਂ ਜਲਣ ਉਪਰੰਤ ਹਵਾ ਨਾਲ ਰਾਖ ਖਿਲਰਨਾ ਦੱਸਿਆ।

# ਆਪ ਸਰਕਾਰ ਸਕੂਲਾਂ ਨੂੰ ਜਾਰੀ ਕੀਤੇ ਸਟੇਟ ਫੰਡ 'ਤੇ ਵ੍ਹਾਈਟ ਪੇਪਰ ਜਾਰੀ ਕਰੇ: ਨਿਮਿਸ਼ਾ ਮਹਿਤਾ

**ਗੜ੍ਹਸ਼ੰਕਰ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗੜ੍ਹਸ਼ੰਕਰ ਤੋਂ ਭਾਜਪਾ ਦੀ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਦੇ 12 ਹਜ਼ਾਰ ਸਰਕਾਰੀ ਸਕੂਲਾਂ ਵਿਚ ਉਦਘਾਟਨਾਂ ਦੀ ਮੁਹਿੰਮ ਸ਼ੁਰੂ ਕੀਤੇ ਜਾਣ @ਤੇ ਸਿੱਧਾ ਹਮਲਾ ਬੋਲਦੇ ਕਿਹਾ ਹੈ ਕਿ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿਚ ਸਿੱਖਿਆ ਕ੍ਰਾਂਤੀ ਨਹੀਂ ਸਗੋਂ ਉਦਘਾਟਨ ਕ੍ਰਾਂਤੀ ਲੈ ਕੇ ਆਉਣ ਜਾਣ ਰਹੀ ਹੈ।



ਨਿਮਿਸ਼ਾ ਮਹਿਤਾ ਨੇ ਕਿਹਾ ਕਿ ਸਕੂਲਾਂ ਵਿਚ ਰੀਪੇਅਰ ਅਤੇ ਉਸਾਰੀ ਤੇ ਸਕੂਲ ਦੇ ਫਰਨੀਚਰ ਰੰਗ-ਰੋਗਨ ਸਮੇਤ ਸਾਰੇ ਕੰਮਾਂ ਲਈ ਭਾਰਤ ਦੀ ਮੋਦੀ ਸਰਕਾਰ ਹਰ ਸਾਲ ਖੁੱਲ੍ਹਾ ਪੈਸਾ ਜਾਰੀ ਕਰਦੀ ਹੈ ਅਤੇ ਇਹ ਰੋਜ਼ਾਨਾ ਦੇ ਕੰਮ ਪਹਿਲਾਂ ਵੀ ਹੁੰਦੇ ਆਏ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਨੇਤਾਵਾਂ ਨੂੰ ਉਦਘਾਟਨ ਵਾਲੀਆਂ ਕੈਂਚੀਆਂ ਚੁੱਕਣ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਜਿਸ ਮੋਦੀ ਸਰਕਾਰ ਵਿਰੁੱਧ ਇਹ ਦਿਨ ਰਾਤ ਲੋਕਾਂ ਦੇ ਮਨਾਂ @ਚ ਜ਼ਹਿਰ ਘੋਲਦੇ ਹਨ, ਉਸੇ ਮੋਦੀ ਸਰਕਾਰ ਵੱਲੋਂ ਭੇਜੇ ਗਏ ਪੈਸਿਆਂ ਨਾਲ ਕਈ ਕਾਰਜ ਪੂਰੇ ਕੀਤੇ ਗਏ ਹਨ।

ਉਨ੍ਹਾਂ ਇਹ ਵੀ ਦਿੱਸਿਆ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਸਕੂਲਾਂ ਨੂੰ ਜੋ ਸਟੇਟ ਫੰਡ ਜਾਰੀ ਕੀਤਾ ਹੈ, ਉਹ ਪ੍ਰਤੀ ਸਕੂਲ ਕਿਤੇ 1500 ਕਿਤੇ 1800 ਕਿਤੇ 2300 ਤੇ ਕਿਤੇ 2500 ਹੈ ਅਤੇ ਪੰਜਾਬ ਸਰਕਾਰ ਵੱਲੋਂ ਕਿਸੇ ਸਕੂਲ ਨੂੰ 25 ਹਜ਼ਾਰ ਵੀ ਨਹੀਂ ਭੇਜਿਆ ਗਿਆ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਜੇਕਰ ਆਮ ਆਦਮੀ ਪਾਰਟੀ ਦੀ ਸਰਕਾਰ ਸੱਚ @ਤੇ ਖੜ੍ਹੀ ਹੈ ਤਾਂ ਉਹ ਇਨ੍ਹਾਂ ਸਕੂਲਾਂ ਵਿਚ ਪੰਜਾਬ ਸਰਕਾਰ ਦੇ ਖਜ਼ਾਨੇ ਯਾਨੀ ਪੰਜਾਬ ਸਟੇਟ ਫੰਡ ਅਤੇ ਭਾਰਤ ਸਰਕਾਰ ਦੇ ਖਜਾਨੇ ਵਿਚੋਂ ਵੱਖ-ਵੱਖ ਸਕੀਮਾਂ ਤਹਿਤ ਆਏ ਪੈਸੇ ਬਾਰੇ ਵ੍ਹਾਈਟ ਪੇਪਰ ਜਾਰੀ ਕਰੇ, ਜਿਸ ਵਿਚ ਪ੍ਰਤੀ ਸਕੂਲ ਕੇਂਦਰ ਅਤੇ ਪੰਜਾਬ ਸਰਕਾਰ ਦੇ ਵਖਰੇਵੇਂ ਤੋਂ ਇਨ੍ਹਾਂ ਦੀ ਸਿੱਖਿਆ ਗਾਰੰਟੀ ਬਾਰੇ ਆਮ ਜਨਤਾ ਨੂੰ ਚੰਗੀ ਤਰ੍ਹਾਂ ਚਾਨਣ ਹੋ ਸਕੇ।ਨਿਮਿਸ਼ਾ ਮਹਿਤਾ ਨੇ ਕਿਹਾ ਕਿ ਸਕੂਲਾਂ ਦੇ ਸਟਾਫ਼ ਅਤੇ ਗ੍ਰਾਮ ਪੰਚਾਇਤਾਂ ਨੂੰ ਆਪਣੇ ਸਕੂਲਾਂ ਅਤੇ ਪੰਚਾਇਤੀ ਰਾਜ ਦੇ ਪੈਸਿਆਂ ਵਿਚੋਂ ਆਮ ਆਦਮੀ ਪਾਰਟੀ ਦੇ ਨੇਤਾਵਾਂ ਦੇ ਨਾਮ ਲਿਖਵਾ ਕੇ ਉਦਘਾਟਨੀ ਪੱਥਰ ਲਗਵਾਉਣ, ਉਦਘਾਟਨ ਦੇ ਪ੍ਰੋਗਰਾਮ @ਤੇ ਚਾਹ-ਪਾਣੀ, ਟੈਂਟ ਕੁਰਸੀਆਂ ਖਾਣੇ ਦਾ ਪ੍ਰਬੰਧ ਅਤੇ ਫਲੈਕਸ ਬੋਰਡ ਲਗਵਾਉਣ ਲਈ ਬੁਰੀ ਤਰ੍ਹਾਂ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਬੀ.ਡੀ.ਪੀ.ਓ. ਦਫ਼ਤਰਾਂ ਵੱਲੋਂ ਇਕੱਠ ਕਰਨ ਲਈ ਵੀ ਜ਼ੋਰ ਪਾਇਆ ਜਾ ਰਿਹਾ ਹੈ। ਅੱਗੇ ਬੋਲਦੇ ਹੋਏ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਕੇਂਦਰ ਦੇ ਪੈਸਿਆਂ ਨਾਲ ਕੰਮ ਕਰਵਾ ਕੇ ਆਪਣੀ ਸਰਕਾਰ ਦੀ ਫੋਕੀ ਵਾਹ-ਵਾਹੀ ਖੱਟਣ ਲਈ ਕਰਵਾਏ ਜਾ ਰਹੇ ਉਦਘਾਟਨਾਂ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਵਿਚ ਆਪਣੀ ਹਵਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਆਉਣ ਵਾਲੀਆਂ 2027 ਦੀਆਂ ਚੋਣਾਂ ਵਿਚ ਇਨ੍ਹਾਂ ਦੀ ਹਵਾ ਗੋਲ ਕਰਕੇ ਜਨਤਾ ਇਨ੍ਹਾਂ ਨੂੰ ਸ਼ੀਸ਼ਾ ਵਿਖਾ ਦੇਵੇਗੀ।

# ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਵਲੋਂ ਰੂਪੇਸ਼ ਬਾਲੀ ਦਾ ਗੜ੍ਹਸ਼ੰਕਰ ਵਿਖ਼ੇ ਪਹੁੰਚਣ ਤੇ ਕੀਤਾ ਸਵਾਗਤ

**ਗੜ੍ਹਸ਼ੰਕਰ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਅਹੁਦੇਦਾਰਾਂ ਵੱਲੋਂ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਵਲੋ ਸੁਪ੍ਰਸਿੱਧ ਸਾਈਕਲਿਸਟ ਸ਼੍ਰੀ ਰੂਪੇਸ਼ ਬਾਲੀ ਜੀ ਦਾ ਗੜ੍ਹਸ਼ੰਕਰ ਵਿਖੇ ਪਹੁੰਚਣ ਤੇ ਸਵਾਗਤ ਕੀਤਾ । ਇਸ ਮੌਕੇ ਸੁਸਾਇਟੀ ਮੁੱਖ ਬੁਲਾਰਾ ਪੰਜਾਬ ਪ੍ਰਿੰਸੀਪਲ ਜਗਦੀਸ਼ ਰਾਏ, ਜੁਆਇੰਟ ਸਕੱਤਰ ਬਲਾਕ ਸੰਤੋਖ ਸਿੰਘ, ਜਿਲ੍ਹਾ ਸਕੱਤਰ ਕਮਲ ਦੇਵ ਅਤੇ ਸ਼ਰਮਾ ਜੀ ਮੈਨੇਜਰ ਓਇਸਿਸ ਹੋਟਲ ਆਦਿ ਉਚੇਚੇ ਤੌਰ ਤੇ ਹਾਜਿਰ ਹੋਏ। ਇਸ ਮੌਕੇ ਸਤੀਸ਼ ਕੁਮਾਰ ਸੋਨੀ ਨੇ ਦੱਸਿਆ ਕਿ ਸ਼੍ਰੀ ਰੂਪੇਸ਼ ਬਾਲੀ ਜੀ ਏਅਰਫੋਰਸ ਚੋ ਰਿਟਾਇਰਡ ਹਨ ਅਤੇ ਪਿਛਲੇ ਅੱਠ ਸਾਲਾਂ ਤੋਂ ਰੁੱਖ ਲਗਾਉਣ ਅਤੇ ਨਸ਼ਾ ਭਜਾਓ ਦੀ ਮੁਹਿੰਮ ਨੂੰ ਮਿਸ਼ਨ ਬਣਾ ਕੇ ਸਾਈਕਲਿੰਗ ਕਰ ਰਹੇ ਹਨ ਅਤੇ ਦੇਸ਼ ਦੇ ਅਲੱਗ ਅਲੱਗ ਖੇਤਰਾਂ ਚ ਅਪਣੇ ਮਿਸ਼ਨ ਦਾ ਸਨੇਹਾ ਦੇ ਰਹੇ ਹਨ ਇਹ ਉਹਨਾ ਦਾ ਬਹੁਤ ਹੀ ਸਲਾਘਾਯੋਗ ਕਦਮ ਹੈ। ਪ੍ਰਿ. ਜਗਦੀਸ਼ ਰਾਏ ਨੇ ਕਿਹਾ ਕਿ ਰੂਪੇਸ਼ ਬਾਲੀ ਜੀ ਦਾ ਮਿਸ਼ਨ ਨਿਵੇਕਲਾ ਉਪਰਾਲਾ ਹੈ ਜਿਸ ਦੀ ਸਮਾਜ ਨੂੰ ਲੋੜ ਹੈ ਅਤੇ ਸਮੇਂ ਦੀ ਮੰਗ ਵੀ ਹੈ ਸਾਈਕਲਿੰਗ ਜਿਸ ਨਾਲ ਆਪਣੀ ਸਿਹਤ ਨੂੰ ਠੀਕ ਰੱਖਿਆ ਜਾ ਸਕਦਾ ਅਤੇ ਇਸ ਨਾਲ ਨਸ਼ੇ ਵਰਗੀ ਨਾਮੁਰਾਦ ਆਦਤ ਤੋਂ ਛੁਟਕਾਰਾ ਮਿਲ ਸੱਕਦਾ ਹੈ। ਜੁਆਇੰਟ ਸਕੱਤਰ ਸੰਤੋਖ ਸਿੰਘ ਨੇ ਕਿਹਾ ਕਿ ਨਸ਼ਿਆ ਦੇ ਚੱਲ ਰਹੇ ਛੇਵੇਂ ਦਰਿਆ ਨੂੰ ਰੋਕਣ ਲਈ ਨੌਜਵਾਨਾਂ ਪੀੜੀ ਨੂੰ ਅੱਗੇ ਆਉਣਾ ਚਾਹੀਦਾ ਹੈ ,ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਜੱਲਦ ਹੀ ਸਰਕਾਰੀ ਸਕੂਲ ਪੌਸੀ ਚ ਜਾ ਕੇ ਬੱਚਿਆਂ ਨੂੰ ਨਸ਼ਿਆਂ ਦੇ ਖਿਲਾਫ ਸੰਘਰਸ਼ ਵਿੱਢਣ ਲਈ ਲੋਕਲ ਪ੍ਰਸ਼ਾਸਨ ਦੇ ਸਹਿਯੋਗ ਨਾਲ ਜਾਗ੍ਰਿਤੀ ਸੈਮੀਨਾਰ ਆਯੋਜਿਤ ਕਰੇਗੀ। ਸੁਪ੍ਰਸਿੱਧ ਸਾਈਕਲਿਸਟ ਸ਼੍ਰੀ ਰੂਪੇਸ਼ ਬਾਲੀ ਜੀ ਨੇ ਕਿਹਾ ਕਿ ਸਾਈਕਲਿੰਗ ਇਕ ਸਿਹਤ ਨੂੰ ਸਵੱਸਥ ਰੱਖਣ ਲਈ ਸਸਤਾ ਨੇ ਆਸਾਨ ਤਰੀਕਾ ਹੈ ਇਸ ਨਾਲ ਨਸ਼ੇ ਵਰਗੀ ਬੁਰਾਈ ਨੂੰ ਰੋਕਿਆ ਜਾ ਸਕਦਾ ਹੈ ਅਤੇ ਦੂਰ ਦੂਰ ਤਕ ਦੇ ਸਫ਼ਰ ਨੂੰ ਅਸਾਨੀ ਨਾਲ ਤਹਿ ਕੀਤਾ ਜਾ ਸਕਦਾ ਹੈ, ਉਹਨਾ ਦੱਸਿਆ ਕਿ ਉਹ ਹਰ ਰੋਜ ਲਗਭਗ 100 ਕਿਲੋਮੀਟਰ ਤੱਕ ਸਾਈਕਲਿੰਗ ਕਰਕੇ ਅਲੱਗ ਸਖਸ਼ੀਅਤਾਂ ਨੂੰ ਮਿਲ ਕੇ ਆਪਣੇ ਮਿਸ਼ਨ ਵਾਰੇ ਵਾਰਤਾਲਾਪ ਕਰਦੇ ਹਨ ਅਤੇ ਅੱਜ ਉਹ ਹੁਸ਼ਿਆਰਪੁਰ ਤੋ ਜੀਰਕਪੁਰ ਤੱਕ ਸਾਈਕਲ ਰਹੀ ਸਫ਼ਰ ਕਰ ਰਹੇ ਹਨ।ਉਹਨਾ ਨੇ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਊਬਟੀ ਪੰਜਾਬ ਦੇ ਅਹੁਦੇਦਾਰਾਂ ਦਾ ਉਹਨਾ ਦਾ ਗੜ੍ਹਸ਼ੰਕਰ ਪਹੁੰਚਣ ਤੇ ਪਿਆਰ ਭਰੇ ਨਿੱਘੇ ਸਵਾਗਤ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਸੋਨੀ, ਮੁੱਖ ਬੁਲਾਰਾ ਪੰਜਾਬ ਪ੍ਰਿੰਸੀਪਲ ਜਗਦੀਸ਼ ਰਾਏ,ਜੁਆਇੰਟ ਸਕੱਤਰ ਬਲਾਕ ਸੰਤੋਖ ਸਿੰਘ,ਕਮਲ ਦੇਵ , ਉਂਘੇ ਸਮਾਜ ਸੇਵੀ ਰਵੀ ਰੱਲ੍ਹ ਅਤੇ ਡਾਕਟਰ ਲਖਵਿੰਦਰ ਕੁਮਾਰ ਹਾਜ਼ਿਰ ਸਨ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿੱਚ ਨਵੇਂ ਸਾਲ ਦੀ ਆਮਦ ਤੇ ਸਹਿਜ ਪਾਠ ਦੀ ਭੋਗ ਪਾਏ ਗਏ

**ਬਠਿੰਡਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਵੇਹੜੇ ਬੀਤੇ ਕੱਲ ਸ੍ਰੀ ਸਹਿਜ ਪਾਠ ਦੀ ਸੰਪੂਰਨਤਾ ਕਰਦੇ ਹੋਏ ਨਵੇਂ ਸੈਸ਼ਨ ਦਾ ਆਰੰਭ ਕੀਤਾ ਗਿਆ।

ਵਿਦਿਆਰਥੀਆਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਗੀ ਵਿੱਚ ਸ਼ਬਦ ਗਾਇਨ ਕੀਤੇ ਗਏ ਅਤੇ ਨਵੇਂ ਸੈਸ਼ਨ ਦੀ ਆਰੰਭਤਾ ਲਈ ਅਰਦਾਸ ਕੀਤੀ ਗਈ।

ਇਸ ਮੌਕੇ ਤੇ ਸਕੂਲ ਕਮੇਟੀ ਦੇ ਮੈਂਬਰ ਸਾਹਿਬਾਨ ਸ ਐਚ ਐਸ ਮੋਖਾ, ਐਡਵੋਕੇਟ ਨਰਿੰਦਰਪਾਲ ਸਿੰਘ, ਐਡਵੋਕੇਟ ਗੁਰਜੀਤ ਸਿੰਘ, ਰਿਟਾਇਰਡ ਪ੍ਰਿੰਸੀਪਲ ਸ ਕੁਲਵਿੰਦਰ ਸਿੰਘ ਜੀ ਵੀ ਮੌਜੂਦ ਰਹੇ।

ਇਸ ਪ੍ਰੋਗਰਾਮ ਦੇ ਦੌਰਾਨ ਅਕਾਦਮਿਕ ਸੈਸ਼ਨ ਵਿੱਚ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ 100 ਪਤੀਸਤ ਹਾਜਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਸਿੱਖ ਮਿਸ਼ਨਰੀ ਪ੍ਰਤਿਯੋਗਤਾ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਵਿੱਚੋਂ ਪਹਿਲਾ, ਦੂਜਾ ਤੀਜਾ ਸਥਾਨ ਹਾਸਿਲ ਕਰਨ ਵਾਲਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ।

# ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵਿਕਸਿਤ ਭਾਰਤ-ਵਿਕਸਿਤ ਹਰਿਆਣਾ ਦੀ ਮਹੱਤਵਪੂਰਨ ਕੜੀ ਨਾਲ ਜੋੜਨਗੇ: ਮੁੱਖ ਮੰਤਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ 14 ਅਪ੍ਰੈਲ ਨੂੰ ਸੂਬੇ ਦੇ ਲੋਕਾਂ ਨੂੰ ਬੜੀ ਸੌਗਾਤ ਦੇਣ ਹਰਿਆਣਾ ਪਹੁੰਚ ਰਹੇ ਹਨ। ਪ੍ਰਧਾਨ ਮੰਤਰੀ ਇਸ ਦਿਨ ਯਮੁਨਾਨਗਰ ਵਿੱਚ 800 ਮੈਗਾਵਾਟ ਸਮਰਥਾ ਵਾਲੇ ਥਰਮਲ ਯੂਨਿਟ ਦਾ ਨੀਂਹ ਪਥੱਰ ਅਤੇ ਹਿਸਾਰ ਵਿੱਚ ਏਅਰਪੋਰਟ ਦਾ ਉਦਘਾਟਨ ਅਤੇ ਨਵੇਂ ਟਰਮਿਨਲ ਦਾ ਨੀਂਹ ਪਥੱਰ ਕਰਣਗੇ। ਇਸ ਵਿਕਾਸ ਕਾਰਜਾਂ ਦੇ ਜਰਇਏ ਪ੍ਰਧਾਨ ਮੰਤਰੀ ਵਿਕਸਿਤ ਭਾਰਤ-ਵਿਕਸਿਤ ਹਰਿਆਣਾ ਦੀ ਮਹੱਤਵਪੂਰਨ ਕੜੀ ਨੂੰ ਜੋੜਨ ਦਾ ਕੰਮ ਕਰਣਗੇ। ਸ੍ਰੀ ਸੈਣੀ ਐਂਤਵਾਰ ਨੂੰ ਪ੍ਰੋਗਰਾਮ ਸਥਲ 'ਤੇ ਤਿਆਰੀਆਂ ਦਾ ਨਿਰੀਖਣ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ।



ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਬਿਜਲੀ ਮੌਜੂਦਾ ਸਮੇਂ ਵਿੱਚ ਸਬ ਤੋਂ ਵੱਡੀ ਲੋੜ ਹੈ। ਰੇਲਵੇ ਹੋਵੇ ਜਾਂ ਸੜਕਾਂ 'ਤੇ ਚਲਣ ਵਾਲੇ ਇਲੈਕਟ੍ਰਿਕ ਵਹੀਕਲ, ਅਸੀ ਹਰ ਚੀਜ ਵਿੱਚ ਬਿਜਲੀ 'ਤੇ ਨਿਰਭਰ ਹਾਂ।

ਉਨ੍ਹਾਂ ਨੇ ਕਿਹਾ ਕਿ ਯਮੁਨਾਨਗਰ ਵਿੱਚ ਪ੍ਰਧਾਨ ਮੰਤਰੀ ਜਿਸ 800 ਮੈਗਾਵਾਟ ਸਮਰਥਾ ਵਾਲੇ ਥਰਮਲ ਯੂਨਿਟ ਦਾ ਨੀਂਹ ਪਥੱਰ ਰੱਖਣਗੇ ਉਹ ਭਾਰਤ ਹੈਵੀ ਇਲੈਕਟ੍ਰੀਕਲ ਲਿਮਿਟੇਡ ਵੱਲੋਂ ਬਣਾਇਆ ਜਾ ਰਿਹਾ ਹੈ ਅਤੇ ਇਸ ਦੇ ਨਿਰਮਾਣ 'ਤੇ 7272 ਕਰੋੜ ਰੁਪਏ ਦੀ ਲਾਗਤ ਆਵੇਗੀ। ਇਸ ਯੂਨਿਟ ਦਾ ਕੰਮ ਸਾਲ 2028 ਦੇ ਅੰਤ ਤੱਕ ਪੂਰਾ ਕਰ ਲਿਆ ਜਾਵੇਗਾ।

ਮੀਡੀਆ ਦੇ ਸੁਆਲਾਂ ਦਾ ਜਵਾਬ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਯਮੁਨਾਨਗਰ ਅਤੇ ਹਿਸਾਰ ਵਿੱਚ ਦੋਹਾਂ ਸਥਾਨਾਂ 'ਤੇ ਪ੍ਰੋਗਰਾਮਾਂ ਵਿੱਚ ਕੋਈ ਕਮੀ ਨਾ ਰਹੇ ਇਸ ਦੇ ਲਈ ਉਨ੍ਹਾਂ ਨੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਸਾਰੀ ਤਿਆਰੀਆਂ ਦਾ ਨਿਰਖਣ ਕੀਤਾ ਹੈ। ਸੂਬੇ ਨੂੰ ਮਿਲਣ ਵਾਲੀ ਵਿਕਾਸ ਦੀ ਇਨ੍ਹਾਂ ਸੌਗਾਤਾਂ ਦਾ ਸੂਬਾ ਹੀ ਨਹੀਂ ਸਗੋਂ ਦੇਸ਼ ਦੇ ਲੋਕਾਂ ਨੂੰ ਵੀ ਲਾਭ ਮਿਲੇਗਾ। ਉਨ੍ਹਾਂ ਨੇ ਕਿਹਾ ਕਿ ਲੋਕਸਭਾ ਅਤੇ ਵਿਧਾਨਸਭਾ ਚੌਣਾਂ ਵਿੱਚ ਬੜੀ ਜਿੱਤ ਤੋਂ ਬਾਅਦ ਹਾਲ ਹੀ ਵਿੱਚ ਸਥਾਨਕ ਸਰਕਾਰ ਚੌਣਾਂ ਵਿੱਚ ਵੀ ਭਾਜਪਾ ਨੂੰ ਬੜੀ ਜਿੱਤ ਮਿਲੀ ਹੈ। ਅਜਿਹੇ ਵਿੱਚ ਸੂਬੇ ਦਾ ਵਿਕਾਸ ਹੁਣ ਟ੍ਰਿਪਲ ਗਤੀ ਨਾਲ ਦੌੜੇਗਾ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਇਸੇ ਗਤੀ ਨੂੰ ਵਧਾਉਣ ਲਈ ਸੂਬੇ ਵਿੱਚ ਪਹੁੰਚ ਰਹੇ ਹਨ।

ਉਨ੍ਹਾਂ ਨੇ ਪ੍ਰੋਗਰਾਮ ਸਥਲ 'ਤੇ ਤਿਆਰ ਕੀਤੇ ਜਾ ਰਹੇ ਪੰਡਾਲ, ਵੀਆਈਪੀ ਗੈਲਰੀ, ਮੀਡੀਆ ਗੈਲਰੀ, ਪਾਰਕਿੰਗ ਸਥਲ 'ਤੇ ਪੀਣ ਦੇ ਪਾਣੀ ਅਤੇ ਪਖਾਨਿਆਂ ਦੀ ਵਿਵਸਥਾ ਸਮੇਤ ਸਾਰੀ ਵਿਵਸਥਾਵਾਂ ਦੀ ਜਾਣਕਾਰੀ ਲਈ।

ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਪਾਰਕਿੰਗ ਵਿਵਸਥਾ ਬੇਹਤਰ ਹੋਵੇ ਅਤੇ ਪ੍ਰੋਗਰਾਮ ਵਿੱਚ ਪੂਰੇ ਸੂਬੇ ਤੋਂ ਆਉਣ ਵਾਲੇ ਲੋਕਾਂ ਨੂੰ ਮੁਸ਼ਕਿਲ ਨਾ ਹੋਵੇ ਇਸ ਦੀ ਵਿਵਸਥਾ ਕੀਤੀ ਜਾਵੇ।

ਇਸ ਮੌਕੇ 'ਤੇ ਭਾਜਪਾ ਦੇ ਸੂਬਾ ਪ੍ਰਧਾਨ ਮੋਹਨ ਲਾਲ ਕੌਸ਼ਿਕ, ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ, ਵਿਧਾਇਕ ਯਮੁਨਾਨਗਰ ਘਨਸ਼ਿਆਮ ਦਾ ਅਰੋੜਾ, ਸਾਬਕਾ ਕੈਬੀਨੇਟ ਮੰਤਰੀ ਕੰਵਰ ਪਾਲ, ਨਗਰ ਨਿਗਮ ਦੀ ਮੇਅਰ ਸੁਮਨ ਬਹਿਮਨੀ, ਕਮੀਸ਼ਨਰ ਅਤੇ ਸਕੱਤਰ ਵਿਕਾਸ ਅਤੇ ਪੰਚਾਇਤ ਵਿਭਾਗ ਡਾ. ਅਮਿਤ ਅਗਰਵਾਲ, ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਕੇ.ਐਮ.ਪਾਂਡੂਰੰਗ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਰਹੇ।

## ਰਾਜਪਾਲ ਸ੍ਰੀ ਬੰਡਾਰੂ ਦੱਤਾਤ੍ਰੇਅ ਨੇ ਸ੍ਰੀ ਮਾਤਾ ਮਨਸਾ ਦੇਵੀ ਮੰਦਰ ਵਿੱਚ ਸਪਰਿਵਾਰ ਕੀਤੀ ਪੂਜਾ ਪਾਠ

**ਚੰਡੀਗੜ੍ਹ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਰਾਜਪਾਲ ਸ੍ਰੀ ਬੰਡਾਰੂ ਦੱਤਾਤ੍ਰੇਅ ਨੇ ਅੱਜ ਐਂਤਵਾਰ ਨੂੰ ਸ੍ਰੀ ਮਾਤਾ ਮਨਸਾ ਦੇਵੀ ਮੰਦਰ ਵਿੱਚ ਸਪਰਿਵਾਰ ਮੱਥਾ ਟੇਕਿਆ ਅਤੇ ਪੂਜਾ ਪਾਠ ਕੀਤਾ ਅਤੇ ਮਹਾਮਾਈ ਦਾ ਆਸ਼ੀਰਵਾਦ ਲਿਆ। ਇਸ ਦੌਰਾਨ ਉਨ੍ਹਾਂ ਨੇ ਹਵਨ ਕੁੰਡ ਵਿੱਚ ਆਹੁਤੀ ਪਾ ਕੇ ਮਾਤਾ ਰਾਣੀ ਤੋਂ ਸੂਬਾ ਵਸਨੀਕਾਂ ਦੇ ਸੰਕਟਾਂ ਨੂੰ ਦੂਰ ਕਰਨ ਅਤੇ ਸਾਰੀਆਂ ਦੇ ਜੀਵਨ ਵਿੱਚ ਸੁੱਖ, ਖੁਸ਼ਹਾਲੀ ਅਤੇ ਸ਼ਾਂਤੀ ਪ੍ਰਦਾਨ ਕਰਨ ਦੀ ਪ੍ਰਾਥਨਾ ਕੀਤੀ।

ਰਾਜਪਾਲ ਨੇ ਸ਼ਕਤੀ ਦੀ ਉਪਾਸਨਾ ਦੇ ਮਹਾਪਰਵ ਨਵਰਾਤੇ ਦੇ ਆਖਰੀ ਦਿਨ ਰਾਮਨੌਮੀ ਦੇ ਮੌਕੇ 'ਤੇ ਮਾਤਾ ਮਨਸਾ ਦੇਵੀ ਦੇ ਮੰਦਰ ਵਿੱਚ 21 ਕਨਯਾਵਾਂ ਨੂੰ ਭੋਜਨ ਕਰਵਾ ਕੇ ਮਾਤਾ ਰਾਣੀ ਦਾ ਆਸ਼ੀਰਵਾਦ ਲਿਆ। ਇਸ ਦੌਰਾਨ ਉਨ੍ਹਾਂ ਨੇ ਸੂਬਾਵਸਨੀਕਾਂ ਨੂੰ ਰਾਮਨੌਮੀ ਦੀ ਵਧਾਈ ਅਤੇ ਸ਼ੁਭਕਾਮਨਾਵਾਂ ਵੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਸਾਰੇ ਸੂਬਾਵਾਸੀ ਭਾਈਚਾਰੇ ਨਾਲ ਰਹਿਣ ਅਤੇ ਸੂਬੇ ਦੀ ਤਰੱਕੀ ਵਿੱਚ ਆਪਣਾ ਸਹਿਯੋਗ ਦੇ ਕੇ ਹਰਿਆਣਾ ਨੂੰ ਦੇਸ਼ ਦਾ ਨੰਬਰ 1 ਰਾਜ ਬਣਾਉਣ ਵਿੱਚ ਆਪਣਾ ਯੋਗਦਾਨ ਦੇਣ। ਇਸ ਮੂਕੇ 'ਤੇ ਰਾਜਪਾਲ ਦੀ ਧਰਮਪਤਨੀ ਵਸੰਥਾ ਬੰਡਾਰੂ, ਭਤੀਜ ਆਕਾਸ਼, ਮਿਤੇਸ਼, ਵਿਨੋਦ ਅਤੇ ਭਤੀਜੀ ਸਵਰੂਪਾ ਨੇ ਵੀ ਮਾਤਾ ਦੇ ਦਰਸ਼ਨ ਕਰ ਮਹਾਮਾਈ ਦਾ ਆਸ਼ੀਰਵਾਦ ਲਿਆ ਅਤੇ ਹਵਨ ਵਿੱਚ ਹਿੱਸਾ ਲੈਅ ਕੇ ਯਗ ਵਿੱਚ ਆਹੁਤਿ ਪਾਈ।

## ਪੰਚਕੂਲਾ ਦੇ ਸੈਕਟਰ -1 ਵਿੱਚ ਬਣੇਗਾ ਸ਼ਾਨਦਾਰ ਅਟਲ ਪਾਰਕ; ਮੁੱਖ ਮੰਤਰੀ ਸੈਣੀ ਨੇ ਰੱਖਿਆ ਨੀਂਹ ਪੱਥਰ




**ਚੰਡੀਗੜ੍ਹ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਮ ਨੌਮੀ ਦੇ ਪਾਵਨ ਮੌਕੇ 'ਤੇ ਹਰਿਅਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਚਕੂਲਾ ਵਸਨੀਕਾਂ ਨੂੰ ਦੋ ਬੇਹਤਰੀਨ ਸੌਗਾਤ ਦੇਣ ਦਾ ਕੰਮ ਕੀਤਾ। ਮੁੱਖ ਮੰਤਰੀ ਨੇ ਮਾਤਾ ਮਨਸਾ ਦੇਵੀ ਕਾਮਪਲੈਕਸ ਸੈਕਟਰ-1 ਵਿੱਚ ਅੱਜ ਅਟਲ ਚੌਂਕ ਅਤੇ ਪਾਰਕ ਦੇ ਨਿਰਮਾਣ ਦਾ ਨੀਂਹ ਪੱਥਰ ਰੱਖਿਆ।

ਅਟਲ ਚੌਂਕ ਅਤੇ ਪਾਰਕ 'ਤੇ ਲਗਭਗ 16 ਕਰੋੜ ਰੁਪਏ ਦੀ ਰਕਮ ਖਰਚ ਹੋਵੇਗੀ। ਅਟਲ ਚੌਂਕ ਮਾਤਾ ਮਨਸਾ ਦੇਵੀ ਕਾਮਪਲੈਕਸ ਤੋਂ ਸੁਖਨਾ ਲੇਕ ਜਾਣ ਵਾਲੇ ਰਸਤੇ 'ਤੇ ਬਣਾਇਆ ਜਾ ਰਿਹਾ ਹੈ। ਇਸ ਚੌਂਕ ਦਾ ਕੁਲ 40 ਫੀਟ ਦਾ ਡਾਅਮੀਟਰ ਹੋਵੇਗਾ। ਚੌਂਕ ਨੂੰ ਸ਼ਾਨਦਾਰ ਬਣਾਉਣ ਲਈ ਫੁਆਰੇ ਅਤੇ ਲਾਇਟਾਂ ਲਗਾਈ ਜਾਵੇਗੀ। ਇਸ ਦੇ ਇਲਾਵਾ ਚੌਂਕ ਦੇ ਵਿਚਾਲੇ ਧੌਲਪੁਰ ਪੱਥਰ ਦਾ ਕਮਲ ਦਾ ਫੂਲ ਬਣਾਇਆ ਜਾਵੇਗਾ। ਇਸ ਕੰਮ 'ਤੇ ਲਗਭਗ 46.50 ਲੱਖ ਰੁਪਏ ਦੀ ਰਕਮ ਖਰਚ ਹੋਵੇਗੀ।

ਇਸ ਤਰ੍ਹਾਂ 2.25 ਏਕੜ ਭੂਮਿ 'ਤੇ ਅਟਲ ਪਾਰਕ ਵੀ ਬਣਾਇਆ ਜਾਵੇਗਾ, ਜਿਸ ਦਾ ਨੀਂਹ ਪੱਥਰ ਅੱਜ ਮੁੱਖ ਮੰਤਰੀ ਨੇ ਰੱਖਿਆ। ਅਟਲ ਪਾਰਕ ਨੂੰ ਸ਼ਾਨਦਾਰ ਸਥਲ ਦੇ ਰੂਪ ਵਿੱਚ ਵਿਕਸਿਤ ਕੀਤਾ ਜਾਵੇਗਾ। ਇਸ 'ਤੇ ਕੁਲ 15 ਕਰੋੜ ਰੁਪਏ ਦੀ ਰਕਮ ਖਰਚ ਹੋਵੇਗੀ ਅਤੇ ਇਹ ਪਾਰਕ ਲਗਭਗ 9 ਮਹੀਨੇ ਵਿੱਚ ਬਣ ਕੇ ਤਿਆਰ ਹੋ ਜਾਵੇਗਾ। ਪਾਰਕ ਦੇ ਵਿਚਾਲੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪੇਈ ਜੀ ਦੀ ਧਾਤੂ ਨਾਲ ਬਣੀ ਵੱਡੀ ਮੂਰਤੀ ਲਗਾਈ ਜਾਵੇਗੀ। ਇਸ ਦੇ ਇਲਾਵਾ ਪਾਰਕ ਵਿੱਚ 13 ਵੱਖ ਵੱਖ ਤਰ੍ਹਾਂ ਦੇ ਬਾਗ ਵੀ ਬਣਾਏ ਜਾਣਗੇ ਜਿਨ੍ਹਾਂ ਵਿੱਚ ਜੰਗਲੀ ਜੀਵ ਬਾਗ, ਖੁਸ਼ਬੂ ਵਾਲਾ ਬਾਗ, ਆਯੁਰਵੈਦਿਕ ਬਾਗ, ਕਲਾ ਬਾਗ, ਵਿਗਿਆਨ ਬਾਗ ਆਦਿ ਸ਼ਾਮਲ ਹਨ।

ਇਸ ਮੌਕੇ 'ਤੇ ਕਾਲਕਾ ਦੀ ਵਿਧਾਇਕ ਸ਼ਕਤੀ ਰਾਨੀ ਸ਼ਰਮਾ, ਭਾਜਪਾ ਪ੍ਰਦੇਸ਼ ਪ੍ਰਧਾਨ ਸ੍ਰੀ ਮੋਹਨ ਲਾਲ ਕੌਸ਼ਿਕ, ਪੰਚਕੂਲਾ ਦੇ ਮੇਅਰ ਸ੍ਰੀ ਕੁਲਭੂਸ਼ਣ ਗੋਇਲ, ਸਾਬਕਾ ਵਿਧਾਨਸਭਾ ਸਪੀਕਰ ਸ੍ਰੀ ਗਿਆਨਚੰਦ ਗੁਪਤਾ, ਸਾਬਕਾ ਵਿਧਾਇਕ ਲਤਿਕਾ ਸ਼ਰਮਾ, ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਕੇ.ਐਮ.ਪਾਂਡੂਰੰਗ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਹਰਿਆਣਾ ਵਿੱਚ ਅਗਨੀਵੀਰਾਂ ਨੂੰ ਰਾਜ ਪੁਲਿਸ ਭਰਤੀ ਵਿੱਚ ਦਿੱਤਾ ਜਾਵੇਗਾ 20 ਫੀਸਦੀ ਰਿਜਰਵੇਸ਼ਨ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਅਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਦੇਸ਼ ਦਾ ਅਜਿਹਾ ਪਹਿਲਾ ਸੂਬਾ ਹੈ ਜਿਸ ਨੇ ਅਗਨੀਵੀਰਾਂ ਨੂੰ ਸੈਨਾ ਦੀ ਸੇਵਾ ਮਿਆਦ ਤੋਂ ਬਾਅਦ ਨੌਕਰੀ ਬਾਅਦ ਨੌਕਰੀ ਦੇਣ ਦਾ ਪ੍ਰਬੰਧ ਕਰ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਕੀਤਾ ਹੈ ਅਤੇ ਉਨ੍ਹਾਂ ਨੂੰ ਸੁਰੱਖਿਆ ਕਵਚ ਪ੍ਰਦਾਨ ਕੀਤਾ ਹੈ। ਰਾਜ ਪੁਲਿਸ ਭਰਤੀ ਵਿੱਚ ਅਗਨੀਵੀਰਾਂ ਨੂੰ 20 ਫੀਸਦੀ ਰਿਜਰਵੇਸ਼ਨ ਪ੍ਰਦਾਨ ਕੀਤਾ ਜਾਵੇਗਾ। ਇਸੇ ਤਰ੍ਹਾਂ ਵਨ ਵਿਭਾਗ ਵਿੱਚ ਫੋਰੇਸਟ ਗਾਰਡ, ਜੇਲ ਵਾਰਡਰ ਅਤੇ ਮਾਇੰਗ ਗਾਰਡ ਦੀ ਨੌਕਰੀ ਵਿੱਚ ਵੀ ਅਗਨੀਵੀਰਾਂ ਨੂੰ 10 ਫੀਸਦੀ ਰਿਜਰਵੇਸ਼ਨ ਦਾ ਪ੍ਰਬੰਧ ਕੀਤਾ ਗਿਆ ਹੈ।

ਮੁੱਖ ਮੰਤਰੀ ਅੱਜ ਇੱਥੇ ਪੰਚਕੂਲਾ ਸਿਥਤ ਪੀਡਬਲੂਡੀ ਰੇਸਟ ਹਾਊਸ ਵਿੱਚ ਅਗਨੀਵੀਰਾਂ ਨੂੰ ਨੌਕਰੀ ਵਿੱਚ ਰਿਜਰਵੇਸ਼ਨ ਨੂੰ ਲੈਅ ਕੇ ਕੀਤੀ ਗਈ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਅਗਨੀਵੀਰਾਂ ਨੂੰ ਸੈਨਾ ਦੀ ਸੇਵਾ ਮਿਆਦ ਤੋਂ ਬਾਅਦ ਹਰਿਆਣਾ ਵਿੱਚ ਨੌਕਰੀ ਪਾ ਸਕਣਗੇ, ਇਸ ਨੂੰ ਲੈਅ ਕੇ ਉਨ੍ਹਾਂ ਲਈ ਵੱਖ ਤੋਂ ਪੋਰਟਲ ਬਣਾਇਆ ਜਾਵੇਗਾ, ਜਿਸ 'ਤੇ ਉਹ ਆਪਣਾ ਰਜਿਸਟ੍ਰੇਸ਼ਨ ਕਰ ਸਕਦੇ ਹਨ। ਇਸ ਤੋਂ ਬਾਅਦ ਉਨ੍ਹਾਂ ਨੂੰ ਵਿਦਿਅਕ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਵਿੱਚ ਤਰਜੀਹ ਦਿੱਤੀ ਜਾਵੇਗੀ।

ਮੀਟਿੰਗ ਵਿੱਚ ਜਾਣਕਾਰੀ ਦਿੱਤੀ ਗਈ ਕਿ ਕੇਂਦਰ ਸਰਕਾਰ ਵੱਲੋਂ ਸਾਲ 2022 ਤੋਂ ਸ਼ੁਰੂ ਕੀਤੀ ਗਈ ਅਗਨੀਪਥ ਯੋਜਨਾ ਦੇ ਤਹਿਤ ਸੈਨਾ ਦੇ ਤਿੰਨੋ ਅੰਗਾਂ ਥਲ, ਜਲ ਅਤੇ ਹਵਾਈ ਸੈਨਾ ਵਿੱਚ ਅਗਨੀਵੀਰਾਂ ਦੀ ਭਰਤੀ ਕੀਤੀ ਗਈ ਹੈ।

ਅਗਨੀਵੀਰਾਂ ਦਾ ਪਹਿਲਾ ਬੈਚ ਜੁਲਾਈ 2026 ਵਿੱਚ ਪੂਰਾ ਹੋਣਾ ਹੈ ਜਦੋਂ ਕਿ ਹਰਿਆਣਾ ਕੈਬੀਨੇਟ ਵਿੱਚ ਇਸ ਤੋਂ ਪਹਿਲਾਂ ਹੀ ਹਰਿਆਣਾ ਅਗਨੀਵੀਰ ਨੀਤੀ 2024 ਲਾਗੂ ਕਰ ਅਗਨੀਵੀਰਾਂ ਨੂੰ ਸੁਰੱਖਿਆ ਕਵਚ ਪ੍ਰਦਾਨ ਕਰ ਦਿੱਤਾ ਗਿਆ ਹੈ।

ਮੀਟਿੰਗ ਵਿੱਚ ਜਾਣਕਾਰੀ ਦਿੱਤੀ ਗਈ ਕਿ ਹਰਿਆਣਾ ਤੋਂ ਸਾਲ 2022-23 ਦੌਰਾਨ 2227 ਅਤੇ 2023-24 ਦੌਰਾਨ ਲਗਭਗ 2893 ਅਗਨੀਵੀਰ ਦੇ ਰੂਪ ਵਿੱਚ ਥਲ, ਜਲ ਅਤੇ ਹਵਾਈ ਸੈਨਾ ਵਿੱਚ ਭਰਤੀ ਹੋਏ ਸਨ।

ਹਰਿਆਣਾ ਵਿੱਚ ਅਗਨੀਵੀਰਾਂ ਨੂੰ ਮਾਈਨਿੰਗ ਗਾਰਡ, ਜੇਲ ਵਾਰਡਰ ਅਤੇ ਐਸਪੀਓ ਦੀ ਭਰਤੀ ਵਿੱਚ 10 ਫੀਸਦੀ ਹੋਰਟਿਜੇਨਟਲ ਰਿਜਰਵੇਸ਼ਨ ਦਿੱਤਾ ਜਾਵੇਗਾ। ਇਸ ਦੇ ਇਲਾਵਾ ਗਰੁਪ ਸੀ ਦੀ ਭਰਤੀ ਵਿੱਚ 5 ਫੀਸਦੀ ਰਿਜਰਵੇਸ਼ਨ ਦਿੱਤਾ ਜਾਵੇਗਾ।

ਮੀਟਿੰਗ ਵਿੱਚ ਜਾਣਕਾਰੀ ਦਿੱਤੀ ਗਈ ਕਿ ਜੋ ਅਗਨੀਵੀਰ ਸਵੈ-ਰੁਜਗਾਰ ਜਾਂ ਉਧਮਸ਼ੀਲਤਾ ਨੂੰ ਅਪਨਾਉਣਾ ਚਾਹੁੰਦਾ ਹੈ ਉਨ੍ਹਾਂ ਨੂੰ ਸਸਤੀ ਦਰਾਂ 'ਤੇ ਲੋਨ ਮੁਹਈਆ ਕਰਾਇਆ ਜਾਵੇਗਾ। ਇਸ ਦੇ ਇਲਾਵਾ ਜੋ ਉਦਯੋਗ ਅਗਨੀਵੀਰਾਂ ਨੂੰ 30 ਹਜ਼ਾਰ ਰੁਪਏ ਤੋਂ ਵੱਧ ਮਾਸਿਕ ਤਨਖਾਹ ਸਕੇਲ 'ਤੇ ਸੇਵਾਵਾਂ ਵਿੱਚ ਰੱਖਦੇ ਹਨ ਤਾਂ ਉਨ੍ਹਾਂ ਉਦਯੋਗਾਂ ਨੂੰ ਸਰਕਾਰ 60 ਹਜ਼ਾਰ ਰੁਪਏ ਸਾਲਾਨਾ ਸਬਸਿਡੀ ਵੀ ਮੁਹਈਆ ਕਰਵਾਏਗੀ।

ਮੀਟਿੰਗ ਵਿੱਚ ਜਾਣਕਾਰੀ ਦਿੱਤੀ ਗਈ ਕਿ ਜੋ ਅਗਨੀਵੀਰ ਪ੍ਰਾਈਵੇਟ ਸੁਰੱਖਿਆ ਕਰਮਚਾਰੀ ਦੇ ਰੂਪ ਵਿੱਚ ਸੇਵਾ ਦੇਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਗਨ ਲਾਇਸੈਂਸ ਪ੍ਰਦਾਨ ਕਰਨ ਵਿੱਚ ਪ੍ਰਾਥਮਿਕਤਾ ਦਿੱਤੀ ਜਾਵੇਗੀ। ਇਸ ਦੇ ਲਈ ਅਗਨੀਵੀਰਾਂ ਨੂੰ ਪੋਰਟਲ 'ਤੇ ਰਜਿਸਟ੍ਰੇਸ਼ਨ ਕਰਨਾ ਪਵੇਗਾ।

ਮੀਟਿੰਗ ਵਿੱਚ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ, ਗ੍ਰਹਿ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ, ਸੈਨਿਕ ਅਤੇ ਅਰਧ-ਸੈਨਿਕ ਭਲਾਈ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਵਿਜੇਂਦਰ ਕੁਮਾਰ ਅਤੇ ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਡਾ.ਸਾਕੇਤ ਕੁਮਾਰ ਮੌਜੂਦ ਰਹੇ।

## ਅਨੂਸੂਚਿਤ ਜਾਤੀਆਂ ਦੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਜਸਵੀਰ ਸਿੰਘ ਗੜ੍ਹੀ ਵਲੋਂ ਕੀਤਾ ਜਾਵੇਗਾ ਸੂਬੇ ਦਾ ਦੌਰਾ

**ਚੰਡੀਗੜ੍ਹ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਦੇ ਅਨੂਸੁਚਿਤ ਜਾਤੀਆਂ ਦੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ ਸੂਬੇ ਦਾ ਦੌਰਾ ਕੀਤਾ ਜਾਵੇਗਾ।

ਇਹ ਜਾਣਕਾਰੀ ਪੰਜਾਬ ਰਾਜ ਅਨੂਸੂਚਿਤ ਜਾਤੀਆਂ ਕਮਿਸ਼ਨ ਦੇ ਬੁਲਾਰੇ ਨੇ ਅੱਜ ਇਥੇ ਇਕ ਪ੍ਰੈਸ ਨੋਟ ਰਾਹੀਂ ਦਿੱਤੀ।ਬੁਲਾਰੇ ਨੇ ਦੱਸਿਆ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਮੌਕੇ ਪੰਜਾਬ ਦੇ ਵੱਖ ਵੱਖ ਹਿੱਸਿਆਂ ਦਾ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ ਦੌਰਾ ਕੀਤਾ ਜਾਵੇਗਾ।ਬੁਲਾਰੇ ਨੇ ਦੱਸਿਆ ਕਿ 6 ਅਪ੍ਰੈਲ 2025 ਨੂੰ ਬੀ.ਆਰ ਅੰਬੇਡਕਰ ਸਟੱਡੀ ਸਰਕਲ ਸੈਂਟਰ ਪਿੰਡ ਸਲੇਮਪੁਰ, ਨੇੜੇ ਸਿੱਧਵਾਂ ਬੇਟ ਜਿਲ੍ਹਾਂ ਲੁਧਿਆਣਾ, 13 ਅਪ੍ਰੈਲ 2025 ਨੂੰ ਬਹੁਜਨ ਕਰਮਚਾਰੀ ਅਤੇ ਸੇਵਾ ਮੁਕਤ ਕਰਮਚਾਰੀ ਸੰਘ ਵਲੋਂ ਅਜ਼ਮੇਰ ਪੈਲੇਸ, ਮਲੋਟ ਰੋਡ, ਮੁਕਤਸਰ ਸਾਹਿਬ ਵਿਖੇ,14ਅਪ੍ਰੈਲ 2025 ਨੂੰ ਨਵਾਂਸ਼ਹਿਰ, 19ਅਪ੍ਰੈਲ 2025 ਨੂੰ ਐਸ.ਸੀ./ਬੀ.ਸੀ. ਕਰਮਚਾਰੀ ਫੈਡਰੇਸ਼ਨ ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ ਵਲੋਂ ਥਰਮਲ ਪਲਾਂਟ ਨੂਹੋ ਕਾਲੋਨੀ, ਰੋਪੜ ਵਿਖੇ ਅਤੇ 20ਅਪ੍ਰੈਲ 2025 ਨੂੰ ਸੰਗਰੂਰ ਦੇ ਪਾਰੁਲ ਪੈਲੇਸ ਵਿਖੇ ਬੀ.ਆਰ. ਅੰਬੇਡਕਰ ਵੈੱਲਫੇਅਰ ਅਤੇ ਚੈਰੀਟੇਬਲ ਮੰਚ ਅਤੇ ਸਹਿਯੋਗੀ ਜਥੇਬੰਦੀਆਂ ਵੱਲੋਂ ਕਰਵਾਏ ਜਾ ਰਹੇ ਸਮਾਗਮਾਂ ਵਿੱਚ ਸ਼ਿਰਕਤ ਕਰਨਗੇ। 13ਅਪ੍ਰੈਲ 2025 ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸ਼ਾਮ ਦੇ ਸਮਾਗਮਾਂ ਵਿੱਚ ਹਾਜ਼ਰੀ ਭਰਕੇ ਜਾਗਰੂਕਤਾ ਅਭਿਆਨ ਜਾਰੀ ਰੱਖਣਗੇ।

ਇਨ੍ਹਾਂ ਸਮਾਗਮਾਂ ਵਿੱਚ ਲੋਕਾਂ ਨੂੰ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਅਤੇ ਸੰਘਰਸ਼ ਬਾਰੇ ਜਾਣੂ ਕਰਵਾਉਣ ਤੋਂ ਇਲਾਵਾ ਪੰਜਾਬ ਰਾਜ ਅਨੂਸੂਚਿਤ ਜਾਤੀਆਂ ਕਮਿਸ਼ਨ ਦੇ ਕੰਮਕਾਜ, ਭਾਰਤੀ ਸੰਵਿਧਾਨ ਅਤੇ ਦੇਸ਼ ਦੇ ਕਨੂੰਨ ਵਿੱਚ ਗਰੀਬਾਂ, ਮਜਲੂਮਾਂ, ਅਨੁਸੂਚਿਤ ਜਾਤੀਆਂ ਤੇ ਪਿਛੜੀਆਂ ਸ਼੍ਰੇਣੀਆਂ ਦੇ ਹੱਕਾਂ, ਅਧਿਕਾਰਾਂ, ਸਮਾਜਿਕ ਸੁਰੱਖਿਆ ਸਬੰਧੀ ਵੀ ਜਾਣਕਾਰੀ ਦਿੱਤੀ ਜਾਵੇਗੀ।

## ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਹਰ ਸੰਭਵ ਸਹਾਇਤਾ ਦੇਣ ਦਾ ਐਲਾਨ

**ਮੋਗਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੋਗਾ ਦੇ ਪਿੰਡ ਡੇਮਰੂ ਕਲਾਂ ਦੀ ਧੀ ਨਵਜੋਤ ਕੌਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਅੱਠਵੀਂ ਜਮਾਤ ਦੇ ਨਤੀਜਿਆਂ ਵਿਚੋਂ ਪੂਰੇ ਪੰਜਾਬ ਵਿੱਚੋਂ ਦੂਸਰਾ ਸਥਾਨ ਹਾਸਲ ਕਰਕੇ ਵਿਸ਼ੇਸ਼ ਪ੍ਰਾਪਤੀ ਕੀਤੀ ਹੈ।

ਜ਼ਿਲ੍ਹਾ ਮੋਗਾ ਦੇ ਡਿਪਟੀ ਕਮਿਸ਼ਨਰ ਸ੍ਰੀ ਸਾਗਰ ਸੇਤੀਆ ਨੇ ਨਵਜੋਤ ਕੌਰ ਤੇ ਉਸਦੇ ਮਾਤਾ ਪਿਤਾ ਨੂੰ ਉਸਦੀ ਇਸ ਪ੍ਰਾਪਤੀ ਲਈ ਅੱਜ ਵਿਸ਼ੇਸ਼ ਤੌਰ ਤੇ ਵੀਡਿਓ ਕਾਲ ਰਾਹੀਂ ਮੁਬਾਰਕਾਂ ਦਿੱਤੀਆਂ। ਡਿਪਟੀ ਕਮਿਸ਼ਨਰ ਨੇ ਉਸਦਾ ਮਨੋਬਲ ਵਧਾਉਂਦਿਆ ਕਿਹਾ ਕਿ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਉਸ ਨਾਲ ਹਮੇਸ਼ਾ ਖੜੇ ਹਨ ਅਤੇ ਉਸਦੀ ਕਾਮਯਾਬੀ ਲਈ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ।



ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਬਹੁਤ ਸਾਰੇ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਉਸਨੂੰ ਸਰਕਾਰ ਦੀਆਂ ਸਿੱਖਿਆ ਨਾਲ ਸਬੰਧਤ ਭਲਾਈ ਸਕੀਮਾਂ ਦਾ ਲਾਹਾ ਦਿੱਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਰਥਿਕ ਪੱਖ ਤੋਂ ਇਸਦੀ ਸਹਾਇਤਾ ਕਰਨ ਦੇ ਨਾਲ ਨਾਲ ਉਹ ਖੁਦ ਵੀ ਉਸਦੇ ਕਰੀਅਰ ਲਈ ਰਾਹ ਦਸੇਰਾ ਬਣ ਕੇ ਸਾਥ ਦੇਣਗੇ।

ਨਵਜੋਤ ਕੌਰ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਉਹ ਉਚੇਰੀ ਪੜ੍ਹਾਈ ਹਾਸਿਲ ਕਰਕੇ ਇੱਕ ਕਾਬਿਲ ਡਾਕਟਰ ਬਨਣਾ ਚਾਹੁੰਦੀ ਹੈ, ਪ੍ਰੰਤੂ ਆਰਥਿਕ ਹਾਲਾਤ ਠੀਕ ਨਾ ਹੋਣ ਕਾਰਨ ਉਸਨੂੰ ਸਰਕਾਰ ਦੇ ਸਹਾਰੇ ਦੀ ਲੋੜ੍ਹ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਹ ਆਪਣੀ ਮਿਹਨਤ ਇਸੇ ਤਰੀਕੇ ਨਾਲ ਜਾਰੀ ਰੱਖੇ ਅਤੇ ਕਿਸੇ ਵੀ ਆਰਥਿਕ ਤੰਗੀ ਦਾ ਬੋਝ ਆਪਣੇ ਮਨ ਉੱਪਰ ਨਾ ਪੈਣ ਦੇਵੇ ਕਿਉਕਿ ਸਰਕਾਰ ਤੇ ਪ੍ਰਸ਼ਾਸਨ ਉਸ ਨਾਲ ਹਮੇਸ਼ਾ ਖੜੇ ਰਹਿਣਗੇ।

ਡਿਪਟੀ ਕਮਿਸ਼ਨਰ ਦੀਆਂ ਇਹਨਾਂ ਗੱਲਾਂ ਨੇ ਨਵਜੋਤ ਕੌਰ ਅਤੇ ਉਸਦੇ ਪਰਿਵਾਰਿਕ ਮੈਂਬਰਾਂ ਦੇ ਅੱਖਾਂ ਵਿੱਚ ਹੰਝੂ ਲਿਆ ਦਿੱਤੇ। ਪਰਿਵਾਰ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਕਿ ਨਵਜੋਤ ਕੌਰ ਦੀ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਹੈ।

ਡਿਪਟੀ ਕਮਿਸ਼ਨਰ ਨੇ ਨਵਜੋਤ ਕੌਰ ਦੇ ਮਾਤਾ ਪਿਤਾ ਦੀ ਹੌਂਸਲਾ ਅਫਜ਼ਾਈ ਕੀਤੀ ਕਿ ਉਹ ਲੜਕੀ ਨੂੰ ਆਰਥਿਕ ਤੰਗੀ ਹੋਣ ਦੇ ਬਾਵਜੂਦ ਵੀ ਵਧੀਆ ਸਿੱਖਿਆ ਮੁੁਹਈਆ ਕਰਵਾ ਰਹੇ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਧੀਆਂ ਕਿਸੇ ਵੀ ਮਾਤਾ ਪਿਤਾ ਉੱਪਰ ਬੋਝ ਨਹੀਂ ਹੁੰਦੀਆਂ ਸਗੋਂ ਜੇਕਰ ਇਹਨਾਂ ਨੂੰ ਖੁੱਲ ਕੇ ਮੌਕੇ ਦਿੱਤੇ ਜਾਣ ਤਾਂ ਉਹ ਔਖੀ ਤੋਂ ਔਖੀ ਮੰਜਿਲ ਵੀ ਅਸਾਨੀ ਨਾਲ ਸਰ ਕਰ ਸਕਦੀਆਂ ਹਨ।

ਜਿਕਰਯੋਗ ਹੈ ਕਿ ਨਵਜੋਤ ਕੌਰ ਨੇ ਅੱਠਵੀਂ ਕਲਾਸ ਵਿੱਚੋਂ ਸਤ ਫੀਸਦੀ ਭਾਵ 600 ਵਿਚੋਂ 600 ਅੰਕ ਪ੍ਰਾਪਤ ਕੀਤੇ ਹਨ, ਪਹਿਲਾ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀ ਪੁਨੀਤ ਵਰਮਾ ਨਾਲੋਂ ਇੱਕ ਸਾਲ ਵੱਡੀ ਹੋਣ ਕਰਕੇ ਉਸਨੂੰ ਦੂਸਰਾ ਸਥਾਨ ਦਿੱਤਾ ਗਿਆ ਹੈ।

## ਖੁਸ਼ੀ ਫਾਊਂਡੇਸ਼ਨ ਵੱਲੋਂ ਪਿੰਡ ਝੋਕ ਡੀਪੂ ਲਾਣਾ ਵਿੱਚ ਲਗਾਇਆ ਗਿਆ ਮੈਡੀਕਲ ਅਤੇ ਸੁਵਿਧਾ ਕੈਂਪ

**ਫਾਜ਼ਿਲਕਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਖੁਸ਼ੀ ਫਾਊਂਡੇਸ਼ਨ ਵੱਲੋਂ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਸਹਿਯੋਗ ਨਾਲ ਅੱਜ ਪਿੰਡ ਝੋਕ ਡੀਪੂਲਾਣਾ ਵਿਖੇ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਅਤੇ ਉਨਾਂ ਦੇ ਧਰਮ ਪਤਨੀ ਖੁਸ਼ਬੂ ਸਾਵਣ ਸੁੱਖਾ ਸਵਨਾ ਪਹੁੰਚੇ।

ਇਸ ਮੌਕੇ ਬੋਲਦਿਆਂ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਖੁਸ਼ੀ ਫਾਊਂਡੇਸ਼ਨ ਵੱਲੋਂ ਸਮਾਜ ਭਲਾਈ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਉਹਨਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਕੈਂਪ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੇ ਹਨ ਕਿਉਂਕਿ ਇਹਨਾਂ ਰਾਹੀਂ ਲੋਕਾਂ ਨੂੰ ਉਹਨਾਂ ਦੇ ਘਰਾਂ ਦੇ ਨਜ਼ਦੀਕ ਹੀ ਮੈਡੀਕਲ ਸੁਵਿਧਾਵਾਂ ਮਿਲ ਰਹੀਆਂ ਹਨ।

ਖੁਸ਼ਬੂ ਸਾਵਨ ਸੁੱਖਾ ਸਵਨਾ ਨੇ ਕਿਹਾ ਕਿ ਪਿੰਡਾਂ ਦੇ ਲੋਕਾਂ ਲਈ ਸ਼ਹਿਰ ਜਾਣ ਦੀ ਮੁਸ਼ਕਲ ਨਾ ਹੋਵੇ ਇਸ ਲਈ ਪਿੰਡ ਵਿੱਚ ਹੀ ਇਸ ਤਰ੍ਹਾ ਦੇ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ। ਉਹਨਾਂ ਨੇ ਕਿਹਾ ਕਿ ਮੈਡੀਕਲ ਕੈਂਪ ਦੇ ਨਾਲ ਨਾਲ ਇੱਥੇ ਸੁਵਿਧਾ ਕੈਂਪ ਵੀ ਲਗਾਇਆ ਗਿਆ ਜਿਸ ਵਿੱਚ ਲੋੜਵੰਦ ਲੋਕਾਂ ਦੇ ਪੈਨਸ਼ਨਾਂ ਸਬੰਧੀ ਫਾਰਮ ਭਰੇ ਗਏ ਅਤੇ ਸਖੀ ਵਨ ਸਟਾਪ ਸੈਂਟਰ ਦੇ ਸਟਾਫ ਵੱਲੋਂ ਵੀ ਆਪਣੀਆਂ ਸਕੀਮਾਂ ਸਬੰਧੀ ਜਾਗਰੂਕਤਾ ਦਿੱਤੀ ਗਈ। ਇਸ ਦੌਰਾਨ ਫਰੀਦਕੋਟ ਤੋਂ ਕੈਂਸਰ ਦੇ ਰੋਗ ਦੀ ਮੁਫਤ ਚੈਕ ਅਪ ਲਈ ਵਿਸ਼ੇਸ਼ ਵੈਨ ਵੀ ਪਹੁੰਚੀ ਅਤੇ ਮੁਫਤ ਚੈੱਕ ਅਪ ਦੀ ਸਹੂਲਤ ਵੀ ਪਿੰਡ ਵਾਸੀਆਂ ਨੂੰ ਦਿੱਤੀ ਗਈ। ਇਸ ਕੈਂਪ ਵਿੱਚ ਹੱਡੀ ਰੋਗਾਂ ਦੇ ਮਾਹਿਰ ਡਾ ਨਿਸ਼ਾਂਤ ਸੇਤੀਆ, ਜਨਰਲ ਸਰਜਨ ਡਾ ਅਰਪਿਤ ਗੁਪਤਾ, ਟੀਬੀ ਅਤੇ ਛਾਤੀ ਰੋਗਾਂ ਦੇ ਮਾਹਿਰ ਡਾ ਨੀਲੂ ਚੁੱਘ, ਦਿਮਾਗੀ ਲੋਕਾਂ ਦੇ ਮਾਹਿਰ ਡਾ ਪਕਾਕਸ਼ੀ ਅਤੇ ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾ ਮਨੀ ਗਰਗ ਵੱਲੋਂ ਆਪਣੀਆਂ ਸੇਵਾਵਾਂ ਦਿੱਤੀਆਂ ਗਈਆਂ। ਪਿੰਡ ਦੇ ਲੋਕਾਂ ਨੇ ਖੁਸ਼ੀਫਾਊਂਡੇਸ਼ਨ ਦੇ ਇਸ ਉਪਰਾਲੇ ਦੀ ਜ਼ੋਰਦਾਰ ਸ਼ਲਾਘਾ ਕੀਤੀ ਗਈ।



## ਭਗਵੰਤ ਮਾਨ ਦੀ ਸਰਕਾਰ ਔਰ ਸਾਡੀ ਧਾਰਮਿਕ ਨਗਰੀ ਅੰਮ੍ਰਿਤਸਰ ਵਿਖੇ ਗੇ-ਮੇਲਾ ਦੀ ਸਹਿਮਤੀ ਬਹੁਤ ਹੀ ਸ਼ਰਮਨਾਕ : ਸਰਿਤਾ ਸ਼ਰਮਾ

**ਗੜ੍ਹਸ਼ੰਕਰ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂਆਂ ਪੀਰਾਂ ਸ਼ਹੀਦਾਂ ਦੇ ਖੂਨ ਨਾਲ ਸਿਚੀ ਇਸ ਪਵਿੱਤਰ ਧਰਤੀ ਤੇ ਪੰਜਾਬ ਸਰਕਾਰ ਵੱਲੋਂ ਗੁਰੂ ਸਾਹਿਬ ਦੀ ਨਗਰੀ ਸ਼੍ਰੀ ਹਰਿਮੰਦਿਰ ਸਾਹਿਬ, ਦੁਰਗਿਆਨਾ ਮੰਦਿਰ ਅਤੇ ਮਹਾਂਰਿਸ਼ੀ ਭਗਵਾਨ ਬਾਲਮੀਕ ਜੀ ਦੇ ਸ਼ਹਿਰ ਵਿਖੇ ਗੇ ਪ੍ਰੇਡ ਮੇਲਾ ਕਰਾਉਣਾ ਲਾਹਨਤ ਹੈ ਤੁਹਾਡੇ ਤੇ ਇੱਹ ਮੇਲਾ ਆਯੋਜਨ ਕਰਨ ਵਾਲਿਆਂ ਤੇ ਅਤੇ 27 ਤਰੀਕ ਨੂੰ ਇਸ ਮੇਲੇ ਲੱਗਣ ਦੀ ਸਹਿਮਤੀ ਦੇਣ ਵਾਲੇ ਪਸ਼ਾਸ਼ਨ ਤੇ। ਇਸ ਦੀ ਮੈਡਮ ਸਰਿਤਾ ਸ਼ਰਮਾ ਸਾਬਕਾ ਡਾਇਰੈਕਟਰ ਵਾਟਰ ਸਪਲਾਈ ਸੀਵਰੇਜ਼ ਬੋਰਡ ਪੰਜਾਬ ਨੇ ਸਖ਼ਤ ਨਿੰਦਿਆ ਕਰਦੇ ਕਿਹਾ ਜਿੱਥੇ ਦੇਸ਼ਭਗਤੀ ਤੇ ਪੰਜਾਬ ਦੇ ਬੱਚਿਆਂ ਦੀਆਂ ਖੇਡਾਂ, ਵਧਿਆ ਸਿਹਤ ਮੁਕਾਬਲੇ ਇਸ ਪੰਜਾਬ, ਦੇਸ਼ ਨੂੰ ਬਚਾਉਣ ਵਾਲੇ ਯੋਧੇ ਸੂਰਬੀਰਾਂ ਦੇ ਸ਼ੋਰਯਾ ਦਿਖਾਉਣ ਦੇ ਮੇਲੇ ਲੱਗਣੇ ਚਾਹੀਦੇ ਹਨ। ਓਥੇ ਸਰਕਾਰ ਗੰਦੇ ਲੱਚਰ ਗੇ ਪ੍ਰੇਡ ਸਿਸਟਮ ਨੂੰ ਵਧਾਉਣ ਯੂਥ ਨੂੰ ਖਰਾਬ ਕਰਨ ਲਈ ਇਹ ਮੇਲੇ ਲਗਵਾਉਣ ਦੀ ਮਨਜੂਰੀ ਦੇ ਕੇ ਬਰਾਬਰ ਦੀ ਹਿੱਸੇਦਾਰੀ ਨਿਭਾ ਰਹੀ ਹੈ। ਇਸ ਸਰਕਾਰ ਦੇ ਰਹਿੰਦੇ ਕੀ ਕੀ ਲੱਚਰ ਕੰਮ ਹੋਣ ਵਾਲੇ ਹਨ। ਇੰਨਾ ਦੀ ਘਟੀਆ ਸੋਚ ਸਾਹਮਣੇ ਆ ਰਹੀ।ਇੱਹ ਸਿੱਧਾ ਸਾਡੇ ਕਲਚਰ ਸਾਡੇ ਸੱਭਿਆਚਾਰ ਤੇ ਹਮਲਾ ਹੈ। ਹਿੰਦੂ ਸਿੱਖ ਵੀਰਾਂ ਨੂੰ ਇੱਕ ਮੁੱਠ ਹੋ ਕੇ ਇਸਦਾ ਵਿਰੋਧ ਕਰਨਾ ਚਾਹੀਦਾ ਹੈ ਅਤੇ ਸਰਕਾਰ ਨੂੰ ਤੁਰੰਤ ਇਸ 27ਤਰੀਕ ਨੂੰ ਹੋ ਰਹੇ ਇਸ ਲੱਚਰ ਮੇਲੇ ਤੇ ਰੋਕ ਲਾਉਣੀ ਚਾਹੀਦੀ ਹੈ। ਜਿਸ ਨਾਲ ਮਾਹੌਲ ਖਰਾਬ ਨਾ ਹੋ ਸਕੇ ਕਿਉਂਕਿ ਸਾਰੇ ਸਿੱਖ ਅਤੇ ਹਿੰਦੂ ਜਥੇਬੰਦੀਆਂ ਇਸ ਮੇਲੇ ਦੀ ਖਬਰ ਨਾਲ ਰੋਹ ਵਿੱਚ ਹਨ।



## ਸੁਨਾਮ ਕੋਰਟ ਵਿੱਚ ਐਡਵੋਕੇਟ ਪੁਸ਼ਪਿੰਦਰ ਜਿੰਦਲ ਬਣੇ ਨੋਟਰੀ ਪਬਲਿਕ



**ਸੁਨਾਮ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਨਾਮ ਕੋਰਟ ਵਿੱਚ ਪ੍ਰੈਕਟਿਸ ਕਰ ਰਹੇ ਐਡਵੋਕੇਟ ਪੁਸ਼ਪਿੰਦਰ ਜਿੰਦਲ ਨੂੰ ਨੋਟਰੀ ਪਬਲਿਕ ਵਜੋਂ ਨਿਯੁਕਤੀ ਮਿਲਣ 'ਤੇ ਮਾਇਆ ਗਾਰਡਨ ਦੇ ਨਿਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ। ਮਾਇਆ ਗਾਰਡਨ ਦੀ ਕੋਠੀ ਨੰਬਰ 85 ਵਿੱਚ ਰਹਿਣ ਵਾਲੇ ਐਡਵੋਕੇਟ ਪੁਸ਼ਪਿੰਦਰ ਜਿੰਦਲ ਸੁਨਾਮ ਕੋਰਟ ਕੰਪਲੈਕਸ ਦੇ ਚੈਂਬਰ ਨੰਬਰ 17 ਤੋਂ ਆਪਣੀਆਂ ਵਕੀਲ ਦੀਆਂ ਸੇਵਾਵਾਂ ਦੇ ਰਹੇ ਸਨ। ਹੁਣ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਨੋਟਰੀ ਪਬਲਿਕ ਵਜੋਂ ਨਿਯੁਕਤੀ ਮਿਲਣ ਨਾਲ ਉਨ੍ਹਾਂ ਦੇ ਵਕੀਲ ਸਾਥੀਆਂ ਵਿੱਚ ਵੀ ਖੁਸ਼ੀ ਦਾ ਮਾਹੌਲ ਹੈ ਅਤੇ ਕਾਲੋਨੀ ਦੇ ਨਿਵਾਸੀਆਂ ਵਿੱਚ ਵੀ ਇਸ ਉਪਲਬਧੀ ਉੱਤੇ ਬਹੁਤ ਖੁਸ਼ੀ ਹੈ।

ਮਾਇਆ ਗਾਰਡਨ ਕੋਆਰਡੀਨੇਟਰ ਐਡਵੋਕੇਟ ਸਤਨਾਮ ਜਵੰਧਾ, ਸ਼੍ਰੀ ਸ਼ਿਵ ਮੰਦਰ ਧਰਮਸ਼ਾਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਦਨ ਕਾਂਸਲ, ਜੈ ਮਿਲਾਪ ਦੇ ਰਾਜ ਪ੍ਰਧਾਨ ਜਗਦੀਪ ਭਾਰਦਵਾਜ, ਐਡਵੋਕੇਟ ਗੌਰਵ ਸਿੰਗਲਾ, ਗੋਪਾਲ ਸ਼ਰਮਾ, ਪ੍ਰਭਾਤ ਜਿੰਦਲ, ਐਡਵੋਕੇਟ ਰਾਕੇਸ਼ ਜਿੰਦਲ, ਕ੍ਰਿਸ਼ਨ ਸੰਦੋਹਾ, ਅੰਕਿਤ ਕਾਂਸਲ, ਦੀਪਕ ਕੁਮਾਰ, ਮਹੇਸ਼ ਕੁਮਾਰ ਬੱਬ, ਡਾਕਟਰ ਰਾਕੇਸ਼ ਜਿੰਦਲ ਨੇ ਉਨ੍ਹਾਂ ਨੂੰ ਇਹ ਪ੍ਰਾਪਤੀ ਹੋਣ 'ਤੇ ਵਧਾਈ ਦਿੱਤੀ।

## ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵਿਦਿਆਰਥੀਆਂ ਤੇ ਮਾਪਿਆਂ ਦੇ ਹੋਣਗੇ ਰੂਬਰੂ

**ਰੂਪਨਗਰ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿਚ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਦੇ ਮੰਤਵ ਵੱਲ ਇਕ ਠੋਸ ਕਦਮ ਪੁੱਟਦਿਆਂ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ÷ ਪ੍ਰੋਗਰਾਮ ਤਹਿਤ ਪੂਰੇ ਜ਼ਿਲ੍ਹੇ ਵਿੱਚ ਅੱਜ ਕਰੋੜਾਂ ਰੁਪਏ ਦੇ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਜਾਣਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਵਰਜੀਤ ਵਾਲੀਆ ਵੱਲੋਂ ਦਿੱਤੀ ਗਈ।

ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਰੂਪਨਗਰ ਦੇ ਹਲਕਾ ਸ੍ਰੀ ਚਮਕੌਰ ਸਾਹਿਬ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ, ਹਲਕਾ ਰੂਪਨਗਰ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਚਨੌਲੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚਨੌਲੀ ਬੱਸੀ, ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਸਰਕਾਰੀ ਪ੍ਰਾਇਮਰੀ ਸਕੂਲ ਨੰਗਲ ਸਰਸਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੰਗਲ ਸਰਸਾ ਸਕੂਲਾਂ ਦੇ ਇਨ੍ਹਾਂ ਵਿਕਾਸ ਪ੍ਰੋਜੈਕਟਾਂ ਦਾ ਸਿੱਖਿਆ ਮੰਤਰੀ ਪੰਜਾਬ ਸ. ਹਰਜੋਤ ਸਿੰਘ ਬੈਂਸ ਕਰਨਗੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਨੂੰ ਸਰਬੋਤਮ ਵਿੱਦਿਅਕ ਮਿਆਰਾਂ ਦੇ ਹਾਣੀ ਬਣਾਉਣ ਲਈ ਕਲਾਸਰੂਮ, ਬੁਨਿਆਦੀ ਢਾਂਚਾ ਅਤੇ ਡਿਜੀਟਲ ਸਿਖਲਾਈ ਸਹੂਲਤਾਂ ਦਾ ਆਧੁਨਿਕੀਕਰਨ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਸਾਰੇ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਕਿਹਾ ਕਿ ਸਿੱਖਣ ਦਾ ਬਿਹਤਰ ਮਾਹੌਲ ਵਿਦਿਆਰਥੀਆਂ ਕਦਮ ਪੁੱਟਦਿਆਂ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ÷ ਪ੍ਰੋਗਰਾਮ ਤਹਿਤ ਪੂਰੇ ਜ਼ਿਲ੍ਹੇ ਵਿੱਚ ਅੱਜ ਕਰੋੜਾਂ ਰੁਪਏ ਦੇ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਜਾਣਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਕਦਮ ਪੁੱਟਦਿਆਂ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਤਹਿਤ ਪੂਰੇ ਜ਼ਿਲ੍ਹੇ ਵਿੱਚ ਅੱਜ ਕਰੋੜਾਂ ਰੁਪਏ ਦੇ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਜਾਣਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਨੂੰ ਅਕਾਦਮਿਕ ਤੌਰ ਤੇ ਹੋਰ ਅੱਗੇ ਵਧਣ ਦੇ ਸਮਰੱਥ ਬਣਾਏਗਾ।

## ਜਿਲ੍ਹਾ ਪਠਾਨਕੋਟ ਦੀਆਂ 205 ਸੜਕਾਂ ਦੀ 100 ਕਰੋੜ ਰੁਪਏ ਖਰਚ ਕਰਕੇ ਬਦਲੀ ਜਾਵੇਗੀ ਨੁਹਾਰ :ਸ੍ਰੀ ਲਾਲ ਚੰਦ ਕਟਾਰੂਚੱਕ

**ਪਠਾਨਕੋਟ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਜਿਲ੍ਹਾ ਪਠਾਨਕੋਟ ਨੂੰ ਬਹੁਤ ਹੀ ਵਧੀਆ ਤੋਹਫਾ ਦਿੱਤਾ ਹੈ ਪਿਛਲੇ ਲੰਮੇ ਸਮੇਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਦੀਆਂ ਸੜਕਾਂ ਨੂੰ ਧਿਆਨ ਵਿੱਚ ਰੱਖ ਕੇ ਬਹੁਤ ਵੱਡੇ ਕਾਰਜ ਕੀਤੇ ਜਾ ਰਹੇ ਹਨ ਜਿਸ ਅਧੀਨ ਜਿਲ੍ਹਾ ਪਠਾਨਕੋਟ ਦੀਆਂ 205 ਰੋਡ ਜਿਸ ਦੀ ਲੰਬਾਈ 360 ਕਿਲੋ ਮੀਟਰ ਬਨਦੀ ਹੈ ਅਤੇ ਇਨ੍ਹਾਂ ਸੜਕਾਂ ਦੇ ਨਿਰਮਾਣ ਦੇ ਕਰੀਬ 100 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਇੱਕ ਪ੍ਰੈਸ ਕਾਨਫਰੰਸ ਦੋਰਾਨ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਕੁਮਾਰ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਵਿੰਗ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਵਿਜੈ ਕਟਾਰੂਚੱਕ, ਖੁਸਬੀਰ ਕਾਟਲ, ਭੁਪਿੰਦਰ ਸਿੰਘ ਮੂੰਨਾ, ਸਰਪੰਚ ਭੋਆ ਸੁਨੀਲ ਕੁਮਾਰ ਅਤੇ ਹੋਰ ਪਾਰਟੀ ਦੇ ਕਾਰਜਕਰਤਾ ਹਾਜਰ ਸਨ।



ਇਸ ਮੋਕੇ ਤੇ ਜਾਣਕਾਰੀ ਦਿੰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਬਹੁਤ ਹੀ ਖੁਸੀ ਦਾ ਦਿਨ ਹੈ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਦੀ ਯੋਗ ਅਗਵਾਈ ਵਿੱਚ ਪੰਜਾਬ ਸਰਕਾਰ ਲੋਕ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਕਾਰਜ ਕਰ ਰਹੀ ਹੈ, ਲੋਕਾਂ ਦੀਆਂ ਮੁਸਕਿਲਾਂ ਪਹਿਲ ਦੇ ਆਧਾਰ ਤੇ ਹੱਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਸਰਕਾਰ ਵੱਲੋਂ ਜਿਲ੍ਹਾ ਪਠਾਨਕੋਟ ਨੂੰ ਬਹੁਤ ਵੱਡਾ ਤੋਹਫਾ ਦਿੱਤਾ ਗਿਆ ਹੈ। ਜਿਸ ਵਿੱਚ ਜਿਲ੍ਹਾ ਪਠਾਨਕੋਟ ਦੀਆਂ 205 ਸੜਕਾਂ ਨੂੰ ਬਣਾਇਆ ਜਾਵੇਗਾ ਜਿਸ ਦੀ ਲੰਬਾਈ 360 ਕਿਲੋਮੀਟਰ ਬਣਦੀ ਹੈ ਅਤੇ ਇਨ੍ਹਾਂ ਸੜਕਾਂ ਦੇ ਨਿਰਮਾਣ ਤੇ ਕਰੀਬ 100 ਕਰੋੜ ਰੁਪਏ ਖਰਚ ਕੀਤੇ ਜਾਣੇ ਹਨ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਦੀਆਂ ਬਹੁਤ ਸਾਰੀਆਂ ਅਜਿਹੀਆਂ ਸੜਕਾਂ ਹਨ ਜਿਨ੍ਹਾਂ ਨੂੰ ਕਰੀਬ 10 ਤੋਂ 15 ਸਾਲ ਪਹਿਲਾ ਬਣਾਇਆ ਗਿਆ ਸੀ ਅਤੇ ਉਸ ਤੋਂ ਬਾਅਦ ਦੀਆਂ ਸਰਕਾਰਾਂ ਨੇ ਇਨ੍ਹਾਂ ਸੜਕਾਂ ਵੱਲ ਧਿਆਨ ਨਹੀਂ ਦਿੱਤਾ। ਜਿਲ੍ਹਾ ਪਠਾਨਕੋਟ ਦੇ ਲੋਕਾਂ ਨੂੰ ਸੜਕਾਂ ਦੀ ਖਸਤਾ ਹਾਲਤ ਦੇ ਚਲਦਿਆਂ ਭਾਰੀ ਪ੍ਰੇਸਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਨ੍ਹਾਂ ਕਿਹਾ ਕਿ ਆਉਂਣ ਵਾਲੇ ਕੁਝ ਦਿਨ੍ਹਾਂ ਦੇ ਅੰਦਰ ਇਨ੍ਹਾਂ ਸੜਕਾਂ ਦੇ ਟੈਂਡਰ ਵੀ ਲਗਾਏ ਜਾਣਗੇ ਅਤੇ ਮਈ ਮਹੀਨੇ ਦੋਰਾਨ ਇਨ੍ਹਾਂ ਸੜਕਾਂ ਦਾ ਨਿਰਮਾਣ ਕਾਰਜ ਵੀ ਸੁਰੂ ਕੀਤਾ ਜਾਵੇਗਾ ਤਾਂ ਜੋ ਜਲਦੀ ਬਣਾ ਕੇ ਲੋਕਾਂ ਦੇ ਸਪੁਰਦ ਕੀਤੀਆਂ ਜਾ ਸਕਣ।

ਉਨ੍ਹਾਂ ਕਿਹਾ ਕਿ ਇਨ੍ਹਾਂ ਸੜਕਾਂ ਦੇ ਨਿਰਮਾਣ ਕਾਰਜ ਦੋਰਾਨ ਇਸ ਗੱਲ ਦਾ ਵਿਸੇਸ ਧਿਆਨ ਰੱਖਿਆ ਜਾਵੇਗਾ ਕਿ ਜੋ ਠੇਕੇਦਾਰ ਇਨ੍ਹਾਂ ਸੜਕਾਂ ਦਾ ਨਿਰਮਾਣ ਕਰੇਗਾ ਆਉਂਣ ਵਾਲੇ ਪੰਜ ਸਾਲਾਂ ਦੋਰਾਨ ਅਗਰ ਇਹ ਸੜਕਾਂ ਟੁੱਟ ਜਾਂਦੀਆਂ ਹਨ ਤਾਂ ਉਨ੍ਹਾਂ ਸੜਕਾਂ ਦੀ ਰਿਪੇਅਰ ਦੀ ਜਿਮੇਦਾਰੀ ਸਬੰਧਤ ਠੇਕੇਦਾਰ ਦੀ ਹੀ ਹੋਵੇਗੀ। ਉਨ੍ਹਾਂ ਕਿਹਾ ਕਿ ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਸੜਕਾਂ ਦਾ ਨਿਰਮਾਣ ਤਾਂ ਕਰ ਦਿੱਤਾ ਜਾਂਦਾ ਹੈ ਅਤੇ ਕੁਝ ਹੀ ਸਮੇਂ ਤੋਂ ਬਾਅਦ ਇਨ੍ਹਾਂ ਸੜਕਾਂ ਦੀ ਹਾਲਤ ਖਸਤਾ ਹੋਣੀ ਸੁਰੂ ਹੋ ਜਾਂਦੀ ਹੈ ਅਤੇ ਲੋਕਾਂ ਨੂੰ ਫਿਰ ਪ੍ਰੇਸਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾ ਕਿਹਾ ਕਿ ਵਿਸੇਸ ਤੋਰ ਤੇ 205 ਸੜਕਾਂ ਜਿਸ ਵਿੱਚ ਭਾਰੀ ਸੰਖਿਆਂ ਵਿੱਚ ਵਿਧਾਨ ਸਭਾ ਹਲਕਾ ਭੋਆ ਦੀਆਂ ਸੜਕਾਂ ਵੀ ਸਾਮਲ ਹਨ। ਉਨ੍ਹਾਂ ਕਿਹਾ ਕਿ ਅਸੀਂ ਪਿਛਲੇ ਲੰਮੇ ਸਮੇਂ ਤੋਂ ਇਹ ਉਪਰਾਲਾ ਕਰ ਰਹੇ ਸੀ ਕਿ ਜਿਲ੍ਹਾ ਪਠਾਨਕੋਟ ਦੀਆਂ ਸੜਕਾਂ ਦੀ ਨੁਹਾਰ ਬਦਲੀ ਜਾਵੈ। ਉਨ੍ਹਾਂ ਕਿਹਾ ਕਿ ਪਿਛਲੇ ਕੱਲ ਨੂੰ ਪਠਾਨਕੋਟ ਤੋਂ ਗੰਦਲੀ ਲਾਹੜੀ , ਛੋਟੇਪੁਰ ਰੋਡ ਦੇ ਨਿਰਮਾਣ ਕਾਰਜ ਦਾ ਉਦਘਾਟਣ ਕੀਤਾ ਹੈ । ਇਸ ਤੋਂ ਪਹਿਲਾ ਕਾਨਵਾਂ, ਚਸਮਾਂ ਚਕਨੋਰ, ਫਰੀਦਾਨਗਰ ਰੋਡ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਜਿਸ ਤੇ ਕਰੀਬ 10 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ, ਭੀਮਪੁਰ ਤੋਂ ਸਰਨਾ ਤੱਕ ਵੀ ਬਹੁਤ ਵਧੀਆ ਰੋਡ ਬਣ ਰਿਹਾ ਹੈ।

## ਹਾਈ ਕੋਰਟ ਦੇ ਹੁਕਮਾਂ ਅਨੁਸਾਰ ਕੀਤੀ ਗਈ ਕਾਰਵਾਈ : ਕਾਰਜ ਸਾਧਕ ਅਫਸਰ

**ਫ਼ਤਹਿਗੜ੍ਹ ਸਾਹਿਬ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਖਮਾਣੋ ਕਲਾਂ ਵਿਖੇ ਪਿੰਡ ਦੇ ਟੋਭੇ ਤੇ ਕੀਤੇ ਗਏ ਨਜਾਇਜ਼ ਕਬਜ਼ੇ ਹਟਾਉਣ ਲਈ ਨਗਰ ਪੰਚਾਇਤ ਵੱਲੋਂ ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਅਨੁਸਾਰ ਕਾਰਵਾਈ ਕੀਤੀ ਗਈ ਹੈ ਅਤੇ ਜਿਹੜੀਆਂ ਥਾਵਾਂ ਤੇ ਮਾਣਯੋਗ ਕੋਰਟ ਵੱਲੋਂ ਸਟੇਅ ਦਿੱਤੀ ਗਈ ਸੀ ਉਹ ਥਾਵਾਂ ਤੇ ਕੋਈ ਕਾਰਵਾਈ ਨਹੀਂ ਕੀਤੀ।

ਇਹ ਜਾਣਕਾਰੀ ਨਗਰ ਪੰਚਾਇਤ ਖਮਾਣੋ ਦੇ ਕਾਰਜ ਸਾਧਕ ਅਫਸਰ ਸੁਖਦੇਵ ਸਿੰਘ ਨੇ ਦਿੱਤੀ। ਉਹਨਾਂ ਦੱਸਿਆ ਕਿ ਖਮਾਣੋ ਕਲਾ ਦੇ ਟੋਭੇ ਤੇ ਕੀਤੇ ਨਾਜਾਇਜ਼ ਕਬਜ਼ੇ ਹਟਵਾਉਣ ਲਈ ਨਗਰ ਪੰਚਾਇਤ ਵੱਲੋਂ ਪਹਿਲਾਂ ਹੀ ਸਬੰਧਤ ਵਿਅਕਤੀਆਂ ਨੂੰ ਨੋਟਿਸ ਵੀ ਜਾਰੀ ਕੀਤੇ ਗਏ ਸਨ।



ਕਾਰਜ ਸਾਧਕ ਅਫਸਰ ਸੁਖਦੇਵ ਸਿੰਘ ਨੇ ਦੱਸਿਆ ਕਿ ਨਗਰ ਪੰਚਾਇਤ ਵੱਲੋਂ ਮਾਣਯੋਗ ਹਾਈਕੋਰਟ ਵਿੱਚ ਸਟੇਟਸ ਰਿਪੋਰਟ ਦਾਖਲ ਕਰਨੀ ਸੀ ਜਿਸ ਨੂੰ ਮੁੱਖ ਰੱਖਦੇ ਹੋਏ ਹੀ ਨਜਾਇਜ਼ ਉਸਾਰੀਆਂ ਢਾਹੀਆਂ ਗਈਆਂ ਹਨ। ਉਨਾਂ ਦੱਸਿਆ ਕਿ ਨਗਰ ਪੰਚਾਇਤ ਵੱਲੋਂ ਇੱਕ ਪਲਾਟ ਦੇ ਵਿੱਚੋਂ ਜੇਸੀਬੀ ਮਸ਼ੀਨ ਲੰਘਾਈ ਗਈ ਸੀ ਪ੍ਰੰਤੂ ਉਸ ਤੇ ਕੋਈ ਹੋਰ ਕਾਰਵਾਈ ਨਹੀਂ ਕੀਤੀ ਗਈ। ਉਹਨਾਂ ਦੱਸਿਆ ਕਿ ਖਮਾਣੋਂ ਕਲਾਂ ਦੇ ਵਿਅਕਤੀ ਵੱਲੋਂ ਜੋ ਆਪਣੇ ਪਲਾਟ ਦੀਆਂ ਕੰਧਾਂ ਢਾਹੁਣ ਸਬੰਧੀ ਕਿਹਾ ਜਾ ਰਿਹਾ ਹੈ ਉਹ ਪੂਰੀ ਤਰਾਂ ਗਲਤ ਹੈ।ਈ. ਓ. ਸੁਖਦੇਵ ਸਿੰਘ ਨੇ ਕਿਹਾ ਕਿ ਨਗਰ ਪੰਚਾਇਤ ਵੱਲੋਂ ਸਰਕਾਰੀ ਜਮੀਨਾਂ ਤੇ ਕੀਤੇ ਗਏ ਨਜਾਇਜ਼ ਕਬਜ਼ੇ ਹਟਵਾਉਣ ਲਈ ਸਮੇਂ ਸਮੇਂ ਤੇ ਕਾਰਵਾਈ ਕੀਤੀ ਜਾਂਦੀ ਹੈ ਅਤੇ ਲੋਕਾਂ ਨੂੰ ਸਰਕਾਰੀ ਜਮੀਨਾਂ ਤੇ ਨਜਾਇਜ਼ ਕਬਜ਼ੇ ਨਾ ਕਰਨ ਸਬੰਧੀ ਵਾਰ ਵਾਰ ਜਾਣਕਾਰੀ ਵੀ ਦਿੱਤੀ ਜਾਂਦੀ ਹੈ।

# ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਕੰਨਿਆ ਸਕੂਲ ਰਾਜਪੁਰਾ ਟਾਊਨ ਵਿੱਚ ਲੱਖਾਂ ਰੁਪਏ ਦੀ ਗਰਾਂਟਾਂ ਦੇ ਵਿਕਾਸ ਕਾਰਜ ਲੋਕ ਅਰਪਿਤ



**ਪਟਿਆਲਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰਾਜਪੁਰਾ ਟਾਊਨ ਜ਼ਿਲ੍ਹਾ ਪਟਿਆਲਾ ਵਿਖੇ ਲੱਖਾਂ ਰੁਪਏ ਦੀ ਗਰਾਂਟਾਂ ਨਾਲ ਹੋਏ ਵਿਕਾਸ ਕਾਰਜਾਂ ਨੂੰ ਮੈਡਮ ਨੀਨਾ ਮਿੱਤਲ ਵਿਧਾਇਕਾ ਵਿਧਾਨ ਸਭਾ ਹਲਕਾ ਰਾਜਪੁਰਾ ਨੇ ਲੋਕ ਅਰਪਿਤ ਕੀਤਾ ਗਿਆ। ਇਸ ਉਦੇਸ਼ ਹੇਠ ਕਰਵਾਏ ਗਏ ਉਦਘਾਟਨ ਸਮਾਰੋਹ ਦੌਰਾਨ ਮੁੱਖ ਮਹਿਮਾਨ ਨੀਨਾ ਵੱਲੋਂ ਪੰਜਾਬ ਸਰਕਾਰ ਦੀਆਂ ਸਿੱਖਿਆ ਖੇਤਰ ਵਿੱਚ ਹੋਈਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਗਿਆ। ਮੁੱਖ ਮਹਿਮਾਨ ਦਾ ਸਵਾਗਤ ਸਕੂਲ ਬੈਂਡ ਨਾਲ ਕੀਤਾ ਗਿਆ ਅਤੇ ਰੀਬਨ ਕਟਵਾਇਆ ਗਿਆ। ਸਮਾਰੋਹ ਦੀ ਸ਼ੁਰੂਆਤ ਬੱਚਿਆਂ ਵੱਲੋਂ ਸਭਿਆਚਾਰਕ ਪ੍ਰੋਗਰਾਮ ਰਾਹੀਂ ਹੋਈ। ਸਕੂਲ ਮੁਖੀ ਪ੍ਰਿੰਸੀਪਲ ਜੁਗਰਾਜ ਬੀਰ ਕੌਰ ਵੱਲੋਂ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ ਅਤੇ ਪਤਵੰਤੇ ਸੱਜਣਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ।

ਸਿੱਖਿਆ ਕ੍ਰਾਂਤੀ ਤਹਿਤ ਸਕੂਲ ਨੂੰ ਸਕੂਲ ਆਫ਼ ਅਪਲਾਈਡ ਲਰਨਿੰਗ ਬਣਾਉਣ, ਨਵੇਂ ਪਖਾਨੇ ਅਤੇ ਮੁਰੰਮਤ ਕਾਰਜਾਂ ਦੀ ਜਾਣਕਾਰੀ, ਅਧਿਆਪਕਾਂ ਨੂੰ ਫਿਨਲੈਂਡ ਅਤੇ ਸਿੰਘਾਪੁਰ ਭਾਜ ਕੇ ਮਿਆਰੀ ਸਿਖਲਾਈ ਦੇ ਮੌਕੇ ਪ੍ਰਦਾਨ ਕਰਨ ਬਾਰੇ ਮਾਪਿਆਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਇਨ੍ਹਾਂ ਦੀ ਮਹੱਤਤਾ ਬਾਰੇ ਵੀ ਵਿਸ਼ੇਸ਼ ਤੌਰ 'ਤੇ ਰੌਸ਼ਨੀ ਪਾਈ ਗਈ। ਮੁੱਖ ਮਹਿਮਾਨ ਐਮ.ਐਲ.ਏ ਰਾਜਪੁਰਾ ਨੀਨਾ ਮਿੱਤਲ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿੱਖਿਆ ਨੂੰ ਸਭ ਤੋਂ ਜ਼ਿਆਦਾ ਪਹਿਲ ਦੇ ਰਹੀ ਹੈ। ਹਰ ਬੱਚੇ ਨੂੰ ਗੁਣਵੱਤਾ ਪੂਰਨ ਸਿੱਖਿਆ ਅਤੇ ਅਨੁਕੂਲ ਸਿੱਖਣ-ਸਿਖਾਉਣ ਵਾਲਾ ਮਾਹੌਲ ਦੇਣ ਲਈ ਇਹ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਸਕੂਲ 'ਚ ਬਣੇ ਨਵੇਂ ਚਾਰ ਕਮਰਿਆਂ ਦਾ ਉਦਘਾਟਨ ਕੀਤਾ।

ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਸੰਜੀਵ ਸ਼ਰਮਾ ਨੇ ਵੀ ਮਾਪਿਆਂ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਨੇ ਅੱਠਵੀਂ ਜਮਾਤ ਦੀ ਮੈਰਿਟ ਸੂਚੀ ਵਿੱਚ ਆਉਣ ਵਾਲੀਆਂ ਵਿਦਿਆਰਥਣਾਂ ਨੂੰ ਵੀ ਆਸ਼ੀਰਵਾਦ ਦਿੱਤਾ ਅਤੇ ਰਾਜਪੁਰਾ ਦਾ ਨਾਮ ਚਮਕਾਉਣ ਤੇ ਹੌਸਲਾ ਅਫ਼ਜ਼ਾਈ ਕੀਤੀ। ਉਹਨਾਂ ਚੰਗੇ ਨਤੀਜੇ ਲੈ ਕੇ ਆਏ ਵਿਦਿਆਰਥੀਆਂ ਦੀ ਵੀ ਸ਼ਲਾਘਾ ਕੀਤੀ।

ਇਸ ਮੌਕੇ ਰਿਤੇਸ਼ ਬਾਂਸਲ ਐਮ.ਐਲ.ਏ. ਕੋਆਰਡੀਨੇਟਰ, ਅਮਰਿੰਦਰ ਸਿੰਘ ਮੀਰੀ ਪੀਏ ਟੂ ਐਮ.ਐਲ.ਏ, ਵਿਜੇ ਮੈਨਰੋ ਬਲਾਕ ਪ੍ਰਧਾਨ ਅਤੇ ਸਿੱਖਿਆ ਕੋਆਰਡੀਨੇਟਰ ਕਮ ਮਾਸਟਰ ਟਰੇਨਰ ਮਾਲਵਾ ਜ਼ੋਨ ਪੰਜਾਬ, ਪ੍ਰਿੰਸੀਪਲ ਜੋਗਾ ਸਿੰਘ, ਰਾਜੀਵ ਕੁਮਾਰ ਡੀ.ਐਸ.ਐਮ, ਅਜੇ ਕੁਮਾਰ ਪ੍ਰਧਾਨ ਵਿਊਪਾਰ ਮੰਡਲ, ਹੈੱਡ ਮਾਸਟਰ ਹਰਪ੍ਰੀਤ ਸਿੰਘ ਬੀ ਐਨ ਓ, ਰਚਨਾ ਰਾਣੀ ਬੀ ਐਨ ਓ, ਮਨਪ੍ਰੀਤ ਸਿੰਘ, ਰਾਜਿੰਦਰ ਸਿੰਘ ਚਾਨੀ ਮੀਡੀਆ ਕੋਆਰਡੀਨੇਟਰ, ਮੇਜਰ ਸਿੰਘ, ਜਗਦੀਪ ਸਿੰਘ ਅਲੂਣਾ ਬਲਾਕ ਪ੍ਰਧਾਨ, ਰਾਜ ਕੁਮਾਰੀ ਸ਼ਰਮਾ, ਰਾਕੇਸ਼ ਸੋਹੀ, ਸੁਖਵਿੰਦਰ ਸਿੰਘ, ਰਾਮ ਸ਼ਰਨ ਸਾਬਕਾ ਐਮ ਸੀ, ਨਿਰਮਲ ਸਿੰਘ, ਬਿਕਰਮਜੀਤ ਸਿੰਘ ਕੰਡੇਵਾਲਾ, ਲਲਿਤ ਕੁਮਾਰ ਲਵਲੀ, ਮ੍ਰਿਦੁਲ ਬਾਂਸਲ, ਗੁਰਸ਼ਰਨ ਸਿੰਘ ਵਿਰਕ, ਰਾਜੇਸ਼ ਬਾਵਾ ਯੂਥ ਪ੍ਰਧਾਨ, ਨਿਤਿਨ ਕੁਮਾਰ, ਨਿਤਿਨ ਖੁਰਾਨਾ, ਕਮਲ ਵਰਮਾ, ਅਨੁਪਮ ਬੀਆਰਸੀ, ਰਸ਼ਮੀ ਬੀਆਰਸੀ, ਨਰਿੰਦਰ ਕੁਮਾਰ ਉੱਪਲ, ਵਰਿੰਦਰਜੀਤ ਕੌਰ, ਿ ਪਤਵੰਤੇ ਸੱਜਣ, ਅਧਿਆਪਕ, ਸਕੂਲ ਮੈਨੇਜਮੈਂਟ ਕਮੇਟੀ ਮੈਂਬਰ, ਸਰਪੰਚ, ਪੰਚ, ਮਿਊਂਸੀਪਲ ਕੌਂਸਲਰ, ਪ੍ਰੋਗਰਾਮ ਹਲਕਾ ਕੋਆਰਡੀਨੇਟਰ, ਪ੍ਰੋਗਰਾਮ ਵਿਭਾਗ ਕੋਆਰਡੀਨੇਟਰ ਅਤੇ ਇਲਾਕੇ ਦੇ ਪਤਵੰਤੇ ਸੱਜਣ ਵੀ ਹਾਜ਼ਰ ਰਹੇ।

## ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੱਲੋਂ ਪਟਿਆਲਾ 'ਚ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ

# ਪੀਣ ਵਾਲੇ ਨਹਿਰੀ ਪਾਣੀ ਪ੍ਰੋਜੈਕਟ ਦੀਆਂ ਪੈ ਰਹੀਆਂ ਪਾਈਪਾਂ ਕਾਰਨ ਪੁੱਟੀਆਂ ਸੜਕਾਂ ਦੀ ਨਾਲੋਂ ਨਾਲ ਮੁਰੰਮਤ ਯਕੀਨੀ ਬਣਾਈ ਜਾਵੇ : ਡਾ. ਪ੍ਰੀਤੀ ਯਾਦਵ

**ਪਟਿਆਲਾ, 10 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਜ਼ਿਲ੍ਹੇ 'ਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੈਰਾਥਨ ਮੀਟਿੰਗ ਕੀਤੀ। ਇਸ ਦੌਰਾਨ ਪੀਣ ਵਾਲੇ ਨਹਿਰੀ ਪਾਣੀ ਪ੍ਰੋਜੈਕਟ, ਰਜਿੰਦਰਾ ਝੀਲ, ਟਰੈਫ਼ਿਕ ਸਮੱਸਿਆ, ਨਵੇਂ ਬੱਸ ਅੱਡੇ ਨੇੜੇ ਟਰੈਫ਼ਿਕ ਸਮੱਸਿਆ ਸਮੇਤ ਛੋਟੀ-ਵੱਡੀ ਨਦੀ ਦੇ ਚੱਲ ਰਹੇ ਕੰਮ ਦੀ ਸਮੀਖਿਆ ਕਰਦਿਆਂ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਜ਼ਿਲ੍ਹੇ 'ਚ ਚੱਲ ਰਹੇ ਵਿਕਾਸ ਕਾਰਜ ਸਮੇਂ ਸਿਰ ਮੁਕੰਮਲ ਕਰਨਾ ਸਾਡੀ ਮੁੱਖ ਤਰਜੀਹ ਹੈ, ਇਸ ਦੇ ਨਾਲ ਹੀ ਜ਼ਿਲ੍ਹੇ ਦੀ ਟਰੈਫ਼ਿਕ ਸਮੇਤ ਹੋਰ ਸਮੱਸਿਆਵਾਂ ਦੇ ਵੀ ਸਥਾਈ ਹੱਲ ਕੱਢੇ ਜਾਣ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਨਾ ਆਵੇ। ਮੀਟਿੰਗ 'ਚ ਨਗਰ ਨਿਗਮ ਕਮਿਸ਼ਨਰ ਪਰਮਵੀਰ ਸਿੰਘ, ਸੀ.ਏ. ਪੀ.ਡੀ.ਏ. ਮਨੀਸ਼ਾ ਰਾਣਾ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਪੀਣ ਵਾਲੇ ਨਹਿਰੀ ਪਾਣੀ ਦੀਆਂ ਪਾਈਪਾਂ ਪਾਉਣ ਲਈ ਪੁੱਟੀਆਂ ਸੜਕਾਂ ਜੋ ਨਗਰ ਨਿਗਮ ਤੇ ਲੋਕ ਨਿਰਮਾਣ ਵਿਭਾਗ ਵੱਲੋਂ ਬਣਾਈਆਂ ਜਾ ਰਹੀ ਹਨ, ਉਨ੍ਹਾਂ ਦੀ ਮੁਰੰਮਤ ਦਾ ਕੰਮ ਪਾਈਪਾਂ ਪੈਣ ਤੋਂ ਤੁਰੰਤ ਬਾਅਦ ਸ਼ੁਰੂ ਕਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਫੁਹਾਰਾਂ ਚੌਕ ਤੋਂ ਲੀਲਾ ਭਵਨ ਤੇ 21 ਨੰਬਰ ਫਾਟਕ ਤੋਂ ਖੰਡਾਂ ਚੌਕ ਵਿਖੇ ਪਾਈਪਾਂ ਪੈਣ ਦੇ ਕੰਮ ਕਾਰਨ ਟਰੈਫ਼ਿਕ ਜਾਮ ਦੀ ਸਮੱਸਿਆ ਆ ਰਹੀ ਹੈ, ਇਸ ਲਈ ਇਨ੍ਹਾਂ ਸੜਕਾਂ ਦੀ ਰਿਪੇਅਰ ਤੇਜ਼ੀ ਨਾਲ ਕਰਵਾਉਣੀ ਯਕੀਨੀ ਬਣਾਈ ਜਾਵੇ। ਉਨ੍ਹਾਂ ਛੋਟੀ-ਵੱਡੀ ਨਦੀ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਇਨ੍ਹਾਂ ਨਦੀਆਂ ਦੇ ਕੰਮ ਨੂੰ ਜਲਦ ਮੁਕੰਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਵੱਡੀ ਨਦੀ ਵਿੱਚ ਜਿਹੜਾ ਕਲੋਨੀਆਂ ਦਾ ਪਾਣੀ ਡਿਸਚਾਰਜ ਹੁੰਦਾ ਸੀ, ਉਸ ਲਈ ਪਿੰਡ ਦੌਲਤਪੁਰ ਵਿਖੇ 15 ਐਮ.ਐਲ.ਡੀ. ਅਤੇ ਸਨੀ ਇਨਕਲੇਵ ਪਿਛੇ 26 ਐਮ.ਐਲ.ਡੀ. ਦੇ ਦੋ ਐਸ.ਟੀ.ਪੀ. ਲਗਾਏ ਜਾ ਰਹੇ ਹਨ, ਜਿਨ੍ਹਾਂ ਦਾ ਕੰਮ ਅਕਤੂਬਰ ਤੱਕ ਮੁਕੰਮਲ ਹੋ ਜਾਵੇਗਾ, ਜਿਸ ਨਾਲ ਇਸ ਸਮੱਸਿਆ ਤੋਂ ਨਿਜਾਤ ਮਿਲੇਗੀ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੀ ਟਰੈਫ਼ਿਕ ਜਾਮ ਦੀ ਸਮੱਸਿਆ ਦਾ ਗੰਭੀਰ ਨੋਟਿਸ ਲੈਂਦਿਆਂ ਟਰੈਫ਼ਿਕ ਮੈਨੇਜਮੈਂਟ ਕਮੇਟੀ ਨੂੰ ਲਗਦੇ ਟਰੈਫ਼ਿਕ ਜਾਮ ਦਾ ਸਥਾਈ ਹੱਲ ਕੱਢਣ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਨਵੇਂ ਬੱਸ ਅੱਡੇ ਤੋਂ ਗਗਨ ਚੌਕ ਰਾਜਪੁਰਾ ਵਿਖੇ ਟਰੈਫ਼ਿਕ ਜਾਮ ਇਕ ਗੰਭੀਰ ਸਮੱਸਿਆ ਹਨ, ਇਨ੍ਹਾਂ ਦੇ ਹੱਲ ਲਈ ਮਾਹਰਾਂ ਦੀ ਰਾਏ ਲੈਕੇ ਲੋਕਾਂ ਨੂੰ ਇਸ ਸਮੱਸਿਆ ਤੋਂ ਨਿਜਾਤ ਦਿਵਾਈ ਜਾਵੇ। ਮੀਟਿੰਗ ਦੌਰਾਨ ਟਰੈਫ਼ਿਕ ਸਮੱਸਿਆ ਲਈ ਵੱਖ ਵੱਖ ਪਹਿਲੂਆਂ 'ਤੇ ਵੀ ਵਿਚਾਰ ਚਰਚਾ ਕੀਤੀ ਗਈ। ਉਨ੍ਹਾਂ ਰਜਿੰਦਰਾ ਝੀਲ ਦੀ ਪੁਨਰ ਸੁਰਜੀਤੀ ਲਈ ਕਿਤੇ ਜਾ ਰਹੇ ਕਾਰਜਾਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਝੀਲ ਵਿੱਚ ਆਉਂਦੇ ਪਾਣੀ ਦੀਆਂ ਪਾਈਪਾਂ ਦੀ ਲੀਕੇਜ ਨੂੰ ਠੀਕ ਕਰਨ ਲਈ ਤੁਰੰਤ ਕਾਰਵਾਈ ਅਰੰਭੀ ਜਾਵੇ।

# ਝੋਨੇ ਦੀ ਕਿਸਮ ਪੂਸਾ-44 ਅਤੇ ਹਾਈਬ੍ਰਿਡ ਬੀਜਾਂ ਉੱਪਰ ਪਾਬੰਦੀ: ਮੁੱਖ ਖੇਤੀਬਾੜੀ ਅਫ਼ਸਰ



**ਪਟਿਆਲਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਅਤੇ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਜਸਵੰਤ ਸਿੰਘ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਮੁੱਖ ਖੇਤੀਬਾੜੀ ਅਫ਼ਸਰ ਪਟਿਆਲਾ ਡਾ. ਜਸਵਿੰਦਰ ਸਿੰਘ ਨੇ ਪਟਿਆਲਾ ਦੇ ਕਿਸਾਨਾਂ ਨੂੰ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਿਫ਼ਾਰਿਸ਼ ਦੇ ਸਨਮੁੱਖ ਸਾਉਣੀ ਸੀਜ਼ਨ 2025 ਦੌਰਾਨ ਝੋਨੇ ਦੀ ਕਿਸਮ ਪੂਸਾ-44 ਅਤੇ ਹਾਈਬ੍ਰਿਡ ਕਿਸਮਾਂ ਦੇ ਬੀਜਾਂ ਦੀ ਵਿੱਕਰੀ ਅਤੇ ਬਿਜਾਈ ਤੇ ਪੂਰਨ ਤੌਰ ਤੇ ਪਾਬੰਦੀ ਲਗਾਈ ਜਾਂਦੀ ਹੈ। ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਸੂਬੇ ਵਿਚ ਪੀ.ਏ.ਯੂ. ਦੀਆਂ ਸਿਫ਼ਾਰਿਸ਼ਾਂ ਅਨੁਸਾਰ ਘੱਟ ਪਾਣੀ ਅਤੇ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ.ਆਰ. 126 ਅਤੇ ਹੋਰ ਘੱਟ ਪਾਣੀ ਵਾਲੀਆਂ ਕਿਸਮਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਵਿਧੀ ਰਾਹੀਂ ਬਿਜਵਾਈ ਕਰਵਾਉਣ ਲਈ ਸਿਫ਼ਾਰਿਸ਼ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਪੂਸਾ-44 ਕਿਸਮ ਝੁਲਸ ਰੋਗ ਦੀ ਬਿਮਾਰੀ ਅਤੇ ਕਈ ਪ੍ਰਕਾਰ ਦੇ ਰੱਸ ਚੂਸਣ ਵਾਲੇ ਕੀੜੇ ਮਕੌੜਿਆਂ ਤੋਂ ਜਲਦੀ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਰੱਖਦੀ ਹੈ ਇਸ ਦੇ ਪਰਾਲ ਨੂੰ ਅੱਗ ਲਗਾਉਣ ਨਾਲ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ ਅਤੇ ਮਿੱਟੀ, ਪਾਣੀ ਨੂੰ ਪ੍ਰਦੂਸ਼ਿਤ ਕਰਨ ਦੀ ਦਰ ਵਿਚ ਵਾਧਾ ਹੁੰਦਾ ਹੈ। ਇਸ ਤੋਂ ਇਲਾਵਾ ਝੋਨੇ ਦੇ ਹਾਈਬ੍ਰਿਡ ਬੀਜ ਮਹਿੰਗੇ ਰੇਟ ਮਿਲਦੇ ਹਨ ਅਤੇ ਇਹਨਾਂ ਦੀ ਜਿਨਸ ਵਿਚ ਐਮ.ਸੀ.ਆਈ. ਵੱਲੋਂ ਨਿਰਧਾਰਿਤ ਮਾਪਦੰਡਾਂ ਦੇ ਜ਼ਿਆਦਾ ਟੋਟਾ ਆਉਂਦਾ ਹੈ। ਜਿਸ ਕਾਰਨ ਕਿਸਾਨਾਂ ਨੂੰ ਮੰਡੀ ਵਿਚ ਘੱਟ ਭਾਅ ਮਿਲਦਾ ਹੈ ਅਤੇ ਜ਼ਿਆਦਾ ਖੱਜਲ ਖੁਆਰੀ ਹੁੰਦੀ ਹੈ।

ਮੁੱਖ ਖੇਤੀਬਾੜੀ ਅਫ਼ਸਰ ਪਟਿਆਲਾ ਨੇ ਦੱਸਿਆ ਕਿ ਵਿਭਾਗ ਵੱਲੋਂ ਮਹੀਨਾ ਅਪ੍ਰੈਲ ਵਿਚ ਲਗਾਏ ਜਾਣ ਵਾਲੇ ਵੱਖ-ਵੱਖ ਕੈਂਪਾਂ ਰਾਹੀਂ ਪ੍ਰਮਾਣਿਤ ਕਿਸਮਾਂ ਦੇ ਬੀਜਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ ਅਤੇ ਅਣਅਧਿਕਾਰਤ ਕਿਸਮਾਂ ਦੇ ਬੀਜਾਂ ਦੀ ਸੇਲ ਨੂੰ ਰੋਕਣ ਸਬੰਧੀ ਬਲਾਕ ਪੱਧਰ ਤੇ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਹੈ ਅਤੇ ਬੀਜ ਡੀਲਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਸੀਡ ਐਕਟ 1966 ਅਧੀਨ ਕੋਈ ਵੀ ਬੀਜ ਪ੍ਰਾਪਤ ਹੋਣ ਤੇ ਸਬੰਧਿਤ ਬੀਜ ਇੰਸਪੈਕਟਰ ਨੂੰ ਜਾਣਕਾਰੀ ਦਿੱਤੀ ਜਾਵੇ ਅਤੇ ਜੇਕਰ ਕਿਸੇ ਵੀ ਬੀਜ ਡੀਲਰ ਵੱਲੋਂ ਕਿਸਾਨਾਂ ਨੂੰ ਵੱਧ ਰੇਟ ਤੇ ਜਾਂ ਕਾਲਾ ਬਾਜ਼ਾਰੀ ਰਾਹੀਂ ਬੀਜ ਦਿੱਤਾ ਗਿਆ ਤਾਂ ਉਸ ਵਿਰੁੱਧ ਸੀਡ ਐਕਟ 1966 ਅਧੀਨ ਬਣਦੀ ਕਾਰਵਾਈ ਕੀਤੀ ਜਾਵੇਗੀ।

ਮੁੱਖ ਖੇਤੀਬਾੜੀ ਅਫ਼ਸਰ ਪਟਿਆਲਾ ਨੇ ਦੱਸਿਆ ਕਿ ਬੀਜਾਂ ਦੀ ਕਾਲਾ ਬਾਜ਼ਾਰੀ ਜਾਂ ਕਿਸੇ ਹੋਰ ਪ੍ਰਕਾਰ ਦੀ ਸਮੱਸਿਆ ਦੇ ਹੱਲ ਲਈ ਬਲਾਕ ਪਟਿਆਲਾ ਦੇ ਕਿਸਾਨ ਡਾ. ਗੁਰਮੀਤ ਸਿੰਘ (97791-60950), ਬਲਾਕ ਨਾਭਾ ਦੇ ਕਿਸਾਨ ਡਾ. ਜੁਪਿੰਦਰ ਸਿੰਘ ਗਿੱਲ (97805-60004), ਬਲਾਕ ਭੁਨਰਹੇੜੀ ਦੇ ਕਿਸਾਨ ਡਾ. ਅਵਨਿੰਦਰ ਸਿੰਘ ਮਾਨ (80547-04171), ਬਲਾਕ ਸਮਾਣਾ ਦੇ ਕਿਸਾਨ ਡਾ. ਸਤੀਸ਼ ਕੁਮਾਰ (97589-00047), ਬਲਾਕ ਰਾਜਪੁਰਾ ਦੇ ਕਿਸਾਨ ਡਾ. ਜੁਪਿੰਦਰ ਸਿੰਘ ਪੰਨੂ (73070-59201) ਅਤੇ ਬਲਾਕ ਘਨੌਰ ਦੇ ਕਿਸਾਨ ਡਾ. ਰਣਜੋਧ ਸਿੰਘ (99883-12299) ਨਾਲ ਸੰਪਰਕ ਕਰ ਸਕਦੇ ਹਨ।

# ਕਣਕ ਦੇ ਸੀਜਨ ਨੂੰ ਲੈ ਕੇ ਆੜ੍ਹਤੀਏ ਭਾਈਚਾਰੇ ਦੀ ਹੋਈ ਵਿਸ਼ੇਸ਼ ਮੀਟਿੰਗ



**ਮਾਛੀਵਾੜਾ ਸਾਹਿਬ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਿਕ ਦਾਣਾ ਮੰਡੀ ਵਿਖੇ ਸੱਚਾ ਸੌਦਾ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਮੋਹਿਤ ਕੁੰਦਰਾਂ ਦੀ ਪ੍ਰਧਾਨਗੀ ਹੇਠ ਆੜ੍ਹਤੀ ਭਾਈਚਾਰੇ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਪ੍ਰਧਾਨ ਮੋਹਿਤ ਕੁੰਦਰਾ ਨੇ ਦੱਸਿਆ ਕਿ ਅੱਜ ਜੋ ਆੜ੍ਹਤੀ ਭਾਈਚਾਰੇ ਦੀ ਵਿਸ਼ੇਸ਼ ਮੀਟਿੰਗ ਬੁਲਾਈ ਗਈ ਹੈ, ਉਸ ਵਿੱਚ ਆਉਣ ਵਾਲੇ ਦਿਨਾਂ ਵਿੱਚ ਕਣਕ ਦੀ ਖ੍ਰੀਦ ਸਬੰਧੀ ਲੋੜੀਦੇ ਪ੍ਰਬੰਧਾਂ ਬਾਰੇ ਵਿਚਾਰ ਚਰਚਾ ਕੀਤੀ ਗਈ।

ਕਿਉਂ ਕਿ ਕੁਝ ਦਿਨਾਂ ਵਿੱਚ ਕਣਕ ਦੀ ਵਾਢੀ ਸ਼ੁਰੂ ਹੋ ਜਾਵੇਗੀ ਅਤੇ ਕਣਕ ਮੰਡੀਆਂ ਵਿੱਚ ਆਉਣੀ ਵੀ ਸ਼ੁਰੂ ਹੋ ਜਾਵੇਗੀ ।ਸਰਕਾਰ ਵੱਲੋ ਸਰਕਾਰੀ ਖਰੀਦ ਵੀ ਸ਼ੁਰੂ ਹੋ ਗਈ ਹੈ। ਉਹਨਾਂ ਨੇ ਕਿਹਾ ਕਿ ਮੰਡੀ ਵਿੱਚ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾ ਚੁੱਕੇ ਹਨ। ਫਸਲ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਕੋਈ ਪਰੇਸ਼ਾਨੀ ਨਹੀਂ ਆਵੇਗੀ। ਪ੍ਰਧਾਨ ਕੁੰਦਰਾ ਨੇ ਕਿਹਾ ਕਿ ਸਾਰੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਬਾਰਦਾਨੇ ਦੀ ਕਿਸੇ ਕਿਸਮ ਦੀ ਵੀ ਕੋਈ ਕਮੀ ਨਹੀਂ ਆਵੇਗੀ। ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਕੋਈ ਵੀ ਕਿਸਾਨ ਫਸਲ ਲੈ ਕੇ ਆਉਣ ਵਿੱਚ ਤੇਜ਼ੀ ਨਾ ਕਰੇ। ਕਿਸਾਨਾਂ ਨੂੰ ਮੰਡੀਆਂ ਵਿੱਚ ਰੁਲਣਾ ਨਹੀਂ ਪਵੇਗਾ ਉਹਨਾਂ ਦੀ ਫਸਲ ਦਾ ਨਾਲ ਦੀ ਨਾਲ ਮੁੱਲ ਲਗਾਇਆ ਜਾਵੇਗਾ ਅਤੇ ਅਤੇ ਭਰਾਈ ਵੀ ਨਾਲ ਦੀ ਨਾਲ ਹੀ ਹੋ ਜਾਵੇਗੀ। ਉਹਨਾਂ ਨੇ ਕਿਹਾ ਕਿ ਸਰਕਾਰ ਤੁਹਾਡੀ ਫਸਲ ਖਰੀਦਣ ਲਈ ਪੂਰੀ ਵਚਨ ਬੱਧ ਹੈ, ਉਹ ਆਪਣੀ ਕਣਕ ਨੂੰ ਚੰਗੀ ਤਰ੍ਹਾਂ ਸੁਕਾ ਕੇ ਹੀ ਮੰਡੀਆਂ ਵਿੱਚ ਲੈ ਕੇ ਆਉਣ ਤਾਂ ਕਿ ਤੁਹਾਨੂੰ ਮੰਡੀਆਂ ਵਿੱਚ ਬੈਠਣਾ ਨਾ ਪਵੇ। ਸਰਕਾਰ ਦੇ ਨੁਮਾਇੰਦਿਆਂ ਨਾਲ ਵੀ ਇਸ ਸੀਜਨ ਨੂੰ ਲੈ ਕੇ ਗੱਲਬਾਤ ਹੋ ਚੁੱਕੀ ਹੈ ਉਹਨਾਂ ਨੇ ਵਿਸ਼ਵਾਸ ਦਿਵਾਇਆ ਹੈ ਕਿ ਕਿਸੇ ਕਿਸਮ ਦੀ ਵੀ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਕੋਈ ਵੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਖੇੜਾ, ਜੈਦੀਪ ਕਾਹਲੋਂ, ਗੁਰਨਾਮ ਸਿੰਘ ਨਾਗਰਾ, ਗੁਰਮੀਤ ਸਿੰਘ ਕਾਹਲੋਂ, ਗੁਰਮੀਤ ਸਿੰਘ ਗਰੇਵਾਲ, ਬਲਵਿੰਦਰ ਸਿੰਘ ਮਾਨ, ਸ਼ਸੀ ਭਾਟੀਆ, ਸੁਰਿੰਦਰ ਸਿੰਘ ਸ਼ਿੰਦਾ, ਰਾਕੇਸ਼ ਕੁਮਾਰ ਨਹਿਰਾ, ਪ੍ਰਿੰਸ ਮਿੱਠੇਵਾਲ, ਸ਼ਨੀ ਸੂਦ, ਗੁਰਨਾਮ ਸਿੰਘ ਨਾਗਰਾ, ਹੁਸਨ ਲਾਲ ਮੜਕਣ, ਕੁਲਵਿੰਦਰ ਸਿੰਘ ਮਾਨ, ਹਰਜਿੰਦਰ ਸਿੰਘ ਸ਼ੇਰੀਆਂ, ਬੰਟੂ ਖੋਸਲਾ, ਬੌਬੀ ਖੋਸਲਾ ਸਮੇਤ ਸਮੂਹ ਆੜ੍ਹਤੀ ਭਾਈਚਾਰਾ ਮੌਜੂਦ ਸੀ।

# ਸਿੱਖਿਆ ਕ੍ਰਾਂਤੀ ਸਰਕਾਰੀ ਸਕੂਲਾਂ ਦੀ ਬਦਲੀ ਜਾ ਰਹੀ ਹੈ ਨੁਹਾਰ : ਮੀਤ ਹੇਅਰ



**ਬਰਨਾਲਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੁਚੱਜੀ ਅਗਵਾਈ ਵਿੱਚ ÷ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ÷ ਮੁਹਿੰਮ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰਨ ਲਈ ਇਤਿਹਾਸਿਕ ਫੈਸਲੇ ਕੀਤੇ ਜਾ ਰਹੇ ਹਨ। ਇਸ ਮੁਹਿੰਮ ਤਹਿਤ ਜ਼ਿਲ੍ਹਾ ਬਰਨਾਲਾ ਦੇ 6 ਸਕੂਲਾਂ ਵਿੱਚ ਅੱਜ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਜਾਣੇ ਹਨ।

ਬਰਨਾਲਾ ਦੇ ਸਕੂਲਾਂ ਵਿੱਚ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਦੀ ਅਗਵਾਈ ਹੇਠ ਅਤੇ ਮਹਿਲ ਕਲਾਂ ਹਲਕੇ ਵਿਚ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਅਤੇ ਹਲਕਾ ਭਦੌੜ ਵਿੱਚ ਲਾਭ ਸਿੰਘ ਉੱਗੋਕੇ ਦੀ ਅਗਵਾਈ ਹੇਠ ਵਿਕਾਸ ਕਾਰਜ ਵਿਆਪਕ ਪੱਧਰ 'ਤੇ ਜਾਰੀ ਹਨ।

ਜ਼ਿਲ੍ਹਾ ਸਿੱਖਿਆ ਅਫ਼ਸਰ ਮੈਡਮ ਇੰਦੂ ਸਿਮਕ ਨੇ ਦੱਸਿਆ ਕਿ ਭਲਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ ਲੜਕੀਆਂ, ਸਰਕਾਰੀ ਪ੍ਰਾਇਮਰੀ ਸਕੂਲ ਬਾਜਵਾ ਪੱਤੀ, ਸਰਕਾਰੀ ਪ੍ਰਾਇਮਰੀ ਸਕੂਲ ਪੱਤੀ ਸੇਖਵਾਂ, ਸਰਕਾਰੀ ਮਿਡਲ ਸਕੂਲ ਪੱਤੀ ਸੇਖਵਾਂ, ਸ਼ਹੀਦ ਸਿਪਾਹੀ ਧਰਮਵੀਰ ਕੁਮਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਖਤਗੜ੍ਹ, ਸਰਕਾਰੀ ਪ੍ਰਾਇਮਰੀ ਸਕੂਲ ਬਖਤਗੜ੍ਹ ਵਿੱਚ ਵੱਖ ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਜਾਣੇ ਹਨ।

# ਕਿਰਾਏਦਾਰਾਂ, ਨੌਕਰਾਂ ਅਤੇ ਪੇਇੰਗ ਗੈਸਟ ਦਾ ਪੂਰਾ ਵੇਰਵਾ ਪੁਲਿਸ ਥਾਣਿਆਂ 'ਚ ਦਰਜ ਕਰਵਾਉਣ ਦੇ ਹੁਕਮ ਜਾਰੀ

**ਪਟਿਆਲਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤਾ ਹੈ ਕਿ ਜ਼ਿਲ੍ਹਾ ਪਟਿਆਲਾ ਦੀ ਹੱਦ ਅੰਦਰ ਮਿਊਂਸਪਲ ਕਮੇਟੀਆਂ, ਨਗਰ ਪੰਚਾਇਤਾਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਅਧਿਕਾਰ ਖੇਤਰ ਵਿੱਚ ਰਹਿਣ ਵਾਲਾ ਜਦੋਂ ਵੀ ਕੋਈ ਵਿਅਕਤੀ ਆਪਣੇ ਘਰ ਵਿੱਚ ਕਿਰਾਏਦਾਰ/ਨੌਕਰ/ਪੇਇੰਗ ਗੈਸਟ ਰੱਖੇਗਾ ਤਾਂ ਉਹ ਉਸ ਦਾ ਪੂਰਾ ਵੇਰਵਾ ਨੇੜੇ ਦੇ ਪੁਲਿਸ ਥਾਣੇ/ਚੌਂਕੀ ਵਿੱਚ ਦਰਜ ਕਰਾਉਣਾ ਯਕੀਨੀ ਬਣਾਏਗਾ।

ਮਨਾਹੀ ਦੇ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਪਟਿਆਲਾ ਚੰਡੀਗੜ੍ਹ ਅਤੇ ਹਰਿਆਣਾ ਦੇ ਨਜ਼ਦੀਕ ਹੋਣ ਕਾਰਨ ਅਤੇ ਇੱਥੇ ਇੰਡਸਟਰੀ ਹੋਣ ਕਰਕੇ ਦੂਜੇ ਰਾਜਾਂ ਅਤੇ ਬਾਹਰਲੇ ਜ਼ਿਲ੍ਹਿਆਂ ਤੋਂ ਬਹੁਤ ਸਾਰੇ ਲੋਕ ਨੌਕਰੀ/ਕੰਮ ਕਾਰ ਵਗੈਰਾ ਕਰਨ ਲਈ ਆਉਂਦੇ ਹਨ। ਇਸ ਤੋਂ ਇਲਾਵਾ ਹੋਰ ਵਿਦਿਅਕ ਅਦਾਰਿਆਂ/ਸੰਸਥਾਵਾਂ ਵਿੱਚ ਪੜ੍ਹਾਈ ਲਈ ਦੂਜੇ ਰਾਜਾਂ ਤੋਂ ਵਿਦਿਆਰਥੀ/ਸਿਖਿਆਰਥੀ, ਵੱਖ-ਵੱਖ ਕਿੱਤਿਆਂ/ਕਾਰੋਬਾਰਾਂ ਨਾਲ ਸਬੰਧਤ ਵਿਅਕਤੀ ਬਤੌਰ ਪੇਇੰਗ ਗੈਸਟ ਅਤੇ ਕਾਲ ਸੈਂਟਰਾਂ ਵਿੱਚ ਸਰਵਿਸ ਕਰ ਰਹੇ ਕਰਮਚਾਰੀ ਵੀ ਕਿਰਾਏ 'ਤੇ ਰਹਿ ਰਹੇ ਹਨ। ਇਨ੍ਹਾਂ ਵਿੱਚੋਂ ਕਈ ਵਿਅਕਤੀ ਵਾਰਦਾਤਾਂ ਕਰਨ ਤੋਂ ਬਾਅਦ ਵਾਪਿਸ ਚਲੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਲੱਭਣਾ ਮੁਸ਼ਕਿਲ ਹੋ ਜਾਂਦਾ ਹੈ। ਮਕਾਨ ਮਾਲਕਾਂ ਵੱਲੋਂ ਇਨ੍ਹਾਂ ਕਿਰਾਏਦਾਰਾਂ ਦੀ ਸੂਚਨਾ ਪੁਲਿਸ ਕੋਲ ਦਰਜ ਨਹੀਂ ਕਰਵਾਈ ਜਾਂਦੀ ਜਿਸ ਕਰਕੇ ਅਮਨ ਤੇ ਕਾਨੂੰਨ ਦੀ ਸਥਿਤੀ ਦੇ ਭੰਗ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਹ ਹੁਕਮ 5 ਜੂਨ 2025 ਤੱਕ ਲਾਗੂ ਰਹਿਣਗੇ।

# ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਹਲਕੇ ਦੇ ਸਕੂਲਾਂ 'ਚ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ



**ਸ਼ੁਤਰਾਣਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੇ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਅੱਜ ਹਲਕੇ ਦੇ ਛੇ ਸਕੂਲਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੇ ਪ੍ਰਾਇਮਰੀ ਸਕੂਲ ਬਹਿਰ ਜੱਛ, ਸਰਕਾਰੀ ਪ੍ਰਾਇਮਰੀ ਸਕੂਲ ਸਾਗਰਾ, ਤੇਈਪੁਰ, ਮਤੌਲੀ ਤੇ ਗੁਰੂਨਾਨਕਪੁਰਾ ਵਿਖੇ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਜਿਥੇ ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਜਾਰੀ ਕਰਕੇ ਪਿਛਲੇ ਤਿੰਨ ਸਾਲਾਂ 'ਚ ਸਰਕਾਰੀ ਸਕੂਲਾਂ ਦੀ ਨੁਹਾਰ ਪੂਰੀ ਤਰ੍ਹਾਂ ਬਦਲ ਦਿੱਤੀ ਹੈ, ਉਥੇ ਹੀ 12 ਹਜ਼ਾਰ ਦੇ ਕਰੀਬ ਕੱਚੇ ਅਧਿਆਪਕ ਪੱਕੇ ਕਰਨ ਸਮੇਤ 20 ਹਜ਼ਾਰ ਦੇ ਕਰੀਬ ਨਵੇਂ ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ।

ਵਿਧਾਇਕ ਸ਼ੁਤਰਾਣਾ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਸਰਕਾਰੀ ਸਕੂਲਾਂ ਵਿੱਚ ਨਵੇਂ ਕਮਰੇ, ਲਾਇਬਰੇਰੀਆਂ, ਸਕੂਲਾਂ ਦੀ ਚਾਰਦਵਾਰੀ, ਸਾਫ਼ ਸੁਥਰੇ ਬਾਥਰੂਮ, ਸਕੂਲ 'ਚ ਅਤਿ ਆਧੁਨਿਕ ਲੈਬਜ਼ ਸਮੇਤ ਨਵੀਂ ਤਕਨੀਕ ਦੇ ਕੰਪਿਊਟਰ ਦਿੱਤੇ ਗਏ ਹਨ।

# ਸੀਨੀਅਰ ਸੈਕੰਡਰੀ ਮਾਡਲ ਸਕੂਲ ਵਿਖੇ 77ਵਾਂ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ



**ਪਟਿਆਲਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਸੈਕੰਡਰੀ ਮਾਡਲ ਸਕੂਲ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ 77ਵਾਂ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਵਿਦਿਆਰਥਣ ਹਰਗੁਨ ਕੌਰ ਅਤੇ ਕਿਰਤਵੀਰ ਕੌਰ ਵੱਲੋਂ ਵਿਦਿਆਰਥੀਆਂ ਨੂੰ ਵਿਸ਼ਵ ਸਿਹਤ ਦਿਵਸ ਬਾਰੇ ਜਾਣੂ ਕਰਵਾਇਆ ਗਿਆ।

ਇੰਚਾਰਜ ਸਕੂਲ ਸ. ਸਤਵੀਰ ਸਿੰਘ ਗਿੱਲ ਵੱਲੋਂ ਵਿਦਿਆਰਥੀਆਂ ਨੂੰ ਆਪਣੀ ਰੋਜ਼ਾਨਾ ਜਿੰਦਗੀ ਵਿੱਚ ਪੜ੍ਹਾਈ ਦੇ ਨਾਲ ਨਾਲ ਸਿਹਤ ਦਾ ਧਿਆਨ ਰੱਖਣ ਲਈ ਕਿਹਾ ਗਿਆ। ਇਸ ਮੌਕੇ ਸਿਹਤ ਦੇ ਮੰਨੇ ਜਾਂਦੇ ਪਿਤਾਮਾ ਹਿਪੋਮਰੋਟਸ ਨੂੰ ਯਾਦ ਕੀਤਾ ਗਿਆ। ਇਸ ਮੌਕੇ ਸਕੂਲ ਇੰਚਾਰਜ ਕਮੇਟੀ ਅਤੇ ਸਮੂਹ ਸਟਾਫ ਮੌਜੂਦ ਸੀ।

# ਖੇਡ ਵਿਭਾਗ ਵੱਲੋਂ ਸਪੋਰਟਸ ਵਿੰਗ ਲਈ ਟਰਾਇਲ ਅੱਜ

**ਪਟਿਆਲਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਪੋਰਟਸ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਪੋਰਟਸ ਵਿੰਗ (ਡੇ ਸਕਾਲਰ ਅਤੇ ਰੈਜੀਡੈਂਸ਼ਲਡ) ਸਕੂਲਾਂ ਵਿੱਚ ਖਿਡਾਰੀਆਂ ਨੂੰ ਦਾਖਲ ਕਰਨ ਸਬੰਧੀ ਸਿਲੈੱਕਸ਼ਨ ਟਰਾਇਲ ਅੱਜ ਆਯੋਜਿਤ ਕਰਵਾਏ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪਟਿਆਲਾ ਦੇ ਅੰਡਰ 14, 17 ਅਤੇ 19 (ਲੜਕੇ/ਲੜਕੀਆਂ) ਦੇ ਅਥਲੈਟਿਕਸ, ਟੇਬਲ ਟੈਨਿਸ, ਵੇਟ ਲਿਫ਼ਟਿੰਗ, ਜਿਮਨਾਸਟਿਕ, ਫੁੱਟਬਾਲ, ਕਬੱਡੀ, ਬਾਸਕਟਬਾਲ, ਹਾਕੀ, ਖੋਹ-ਖੋਹ, ਵਾਲੀਬਾਲ, ਹੈਂਡਬਾਲ, ਤੈਰਾਕੀ, ਕੁਸ਼ਤੀ, ਕ੍ਰਿਕਟ, ਲਾਅਨ ਟੈਨਿਸ ਅਤੇ ਸਾਈਕਲਿੰਗ ਦੇ ਟਰਾਇਲ ਮਿਤੀ 08-04-25 ਤੋਂ 12-04-2025 ਤੱਕ ਪੋਲੋ ਗਰਾਊਂਡ ਪਟਿਆਲਾ ਵਿਖੇ ਰੱਖੇ ਗਏ ਹਨ।

ਇਨ੍ਹਾਂ ਟਰਾਇਲਾਂ ਵਿੱਚ ਪਟਿਆਲਾ ਜ਼ਿਲ੍ਹੇ ਨਾਲ ਸਬੰਧਤ ਸਕੂਲ ਵਿੱਚ ਦਾਖਲ ਖਿਡਾਰੀ ਜਿਸ ਦਾ ਜਨਮ ਅੰਡਰ-14 ਲਈ 01-01-12, ਅੰਡਰ-17 ਲਈ 01-01-2009 ਅਤੇ ਅੰਡਰ-19 ਲਈ 01-01-2007 ਜਾਂ ਇਸ ਤੋਂ ਬਾਅਦ ਦਾ ਹੋਣਾ ਚਾਹੀਦਾ ਹੈ। ਟਰਾਇਲ ਦੇਣ ਵਾਲੇ ਖਿਡਾਰੀ/ਖਿਡਾਰਨਾਂ ਅੱਜ ਸਵੇਰੇ 8.00 ਵਜੇ ਆਪਣੀ ਆਪਣੀ ਗੇਮ ਦੇ ਸਬੰਧਤ ਸਿਲੈੱਕਸ਼ਨ ਕਮੇਟੀਆਂ ਪਾਸ ਹਾਜ਼ਰ ਹੋ ਸਕਦੇ ਹਨ ਅਤੇ ਆਪਣੇ ਨਾਲ ਆਪਣੀ ਅਧਾਰ ਕਾਰਡ ਦੀ ਕਾਪੀ ਅਤੇ ਇੱਕ ਫ਼ੋਟੋ ਨਾਲ ਲੈ ਕਿ ਆਉਣ।

# ਮੁਨਸ਼ੀਆਂ ਮਹੱਲੇ ਮੰਦਿਰ ਦੇ ਵਿੱਚ ਰਾਮਨੌਮੀ ਦੇ ਤਿਉਹਾਰ ਦੇ ਮੌਕੇ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜੱਸੀ ਸੋਹੀਆ ਪਹੁੰਚੇ



**ਨਾਭਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਪ੍ਰਧਾਨ ਰਿੰਕੂ ਭਾਰਦਵਾਜ ਜੀ ਨੂੰ ਪੰਡਿਤ ਜਗਦੀਸ਼ ਜੀ ਮਹਾਰਾਜ ਰਾਮ ਮੰਦਿਰ ਮੁਨਸੀਆ ਮੁਹੱਲਾ ਨਾਭਾ ਵੱਲੋਂ ਰਾਮ ਨੌਮੀ ਦੇ ਸੁਭ ਪੂਜਨ ਦਿਵਸ ਦਾ ਵਿਸ਼ੇਸ਼ ਸੱਦਾ ਭੇਜਿਆ ਗਿਆ ਸੀ ਜਿਸ ਵਿੱਚ ਅੱਜ ਮੈ ਰਾਮ ਮੰਦਿਰ ਮੁਨਸੀਆ ਮੁਹੱਲਾ ਨਾਭਾ ਵਿਖੇ ਪਹੁੰਚ ਕੇ ਭਗਵਾਨ ਸ੍ਰੀ ਰਾਮ ਚੰਦਰ ਜੀ ਦਾ ਅਤੇ ਕਥਾ ਬਿਆਸ ਪੰਡਿਤ ਜਗਦੀਸ ਮਹਾਰਾਜ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਕਥਾ ਬਿਆਸ ਪੰਡਿਤ ਜਗਦੀਸ਼ ਜੀ ਮਹਾਰਾਜ ਅਤੇ ਪ੍ਰਬੰਧਕ ਕਮੇਟੀ ਰਾਮ ਮੰਦਿਰ ਵੱਲੋਂ ਮਾਤਾ ਦੀ ਚੁਨਰੀ ਅਤੇ ਰਾਮ ਪਰਿਵਾਰ ਦੀ ਪ੍ਰਤਿਮਾ ਦੇ ਕੇ ਮੇਰਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਮੈਂ ਕਥਾ ਬਿਆਸ ਪੰਡਿਤ ਜਗਦੀਸ਼ ਜੀ ਮਹਾਰਾਜ ਅਤੇ ਪ੍ਰਬੰਧਕ ਕਮੇਟੀ ਰਾਮ ਮੰਦਿਰ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਵਿਸ਼ੇਸ਼ ਤੌਰ ਤੇ ਰਾਮ ਮੰਦਿਰ ਨਾਭਾ ਵਿਖੇ ਆਮ ਆਦਮੀ ਪਾਰਟੀ ਤੋਂ ਜਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜੱਸੀ ਸੂਈਆਂ ਵਾਲਾ ਜੀ ਵੀ ਪਹੁੰਚੇ ਅਤੇ ਉਹਨਾਂ ਦਾ ਵੀ ਕਥਾ ਬਿਆਸ ਪੰਡਿਤ ਜਗਦੀਸ਼ ਜੀ ਮਹਾਰਾਜ ਅਤੇ ਰਾਮ ਮੰਦਿਰ ਪ੍ਰਬੰਧਕ ਕਮੇਟੀ ਵੱਲੋਂ ਜੱਸੀ ਸੂਈਆਂਵਾਲ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਟਿਆਲਾ ਪੁਲਿਸ ਨਸ਼ਿਆਂ ਦੇ ਖਾਤਮੇ ਲਈ ਵਚਨਬੱਧ : ਡਾਕਟਰ ਨਾਨਕ ਸਿੰਘ

**ਪਟਿਆਲਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



**ਐਸ ਐਸ ਪੀ ਪਟਿਆਲਾ ਡਾਕਟਰ ਨਾਨਕ ਸਿੰਘ ਨੂੰ ਥਾਪਰ ਯੂਨੀਵਰਸਿਟੀ ਦੇ ਵਿਦਿਆਰਥੀ ਖ਼ੂਨਦਾਨ ਕੈਂਪ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਸਬੰਧੀ ਮੁਲਾਕਾਤ ਕਰਦੇ ਹੋਏ ਨਾਲ ਬਲਜਿੰਦਰ ਸ਼ਰਮਾ ਪੰਜੋਲਾ, ਸੁਖਜਿੰਦਰ ਸਿੰਘ, ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ ।**

ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਵਿੱਚ ਅਹਿਮ ਯੋਗਦਾਨ ਪਾਉਣ ਵਾਲੀਆਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਅਤੇ ਥਾਪਰ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਦੇ ਰੋਟਰੈਕਟ ਕਲੱਬ ਦੇ ਨੁਮਾਇੰਦਿਆਂ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ , ਰੋਟਰੈਕਟ ਕਲੱਬ ਦੇ ਪ੍ਰਧਾਨ ਨੀਮਤ ਬਜਾਜ, ਜਰਨਲ ਸਕੱਤਰ ਟੀਨਾ ਸਪਰਾ, ਹਰਸਿਤਾ, ਮੁਹੰਮਦ ਆਮਰਾ ਨੇ ਐਸ ਐਸ ਪੀ ਪਟਿਆਲਾ ਡਾਕਟਰ ਨਾਨਕ ਸਿੰਘ ਜੀ ਨਾਲ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਮੁਲਾਕਾਤ ਕੀਤੀ। ਇਸ ਮੌਕੇ ਬਲਜਿੰਦਰ ਸ਼ਰਮਾ ਪੰਜੋਲਾ ਕੋਆਰਡੀਨੇਟਰ ਜੱਗ ਬਾਣੀ ਪੰਜਾਬ ਕੇਸਰੀ ਪਟਿਆਲਾ, ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵੀ ਹਾਜ਼ਰ ਸਨ। ਇਸ ਮੌਕੇ ਐਸ ਐਸ ਪੀ ਪਟਿਆਲਾ ਡਾਕਟਰ ਨਾਨਕ ਸਿੰਘ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਜੀ ਵਲੋਂ ਸਖਤ ਹਿਦਾਇਤਾਂ ਹਨ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਨਾ ਬਖਸ਼ਿਆ ਜਾਵੇ ਅਤੇ ਨਸ਼ਾ ਤਸਕਰਾਂ ਵਿਰੁੱਧ ਸਖ਼ਤੀ ਨਾਲ ਨਿੱਜਠੀਆ ਜਾਵੇ ਅਤੇ ਇਸ ਤਹਿਤ ਨਸਾ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਉਹੋ ਨਸ਼ਿਆਂ ਵਿਰੁੱਧ ਪੁਲਿਸ ਪ੍ਰਸ਼ਾਸਨ ਨੂੰ ਸਹਿਯੋਗ ਕਰਨ ਲਈ ਅੱਗੇ ਆਉਣ ਤਾ ਜੋ ਅਸੀਂ ਨਸ਼ਿਆਂ ਨੂੰ ਜੜ੍ਹੋਂ ਖਤਮ ਕਰ ਸਕੀਏ। ਉਹਨਾਂ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਪੰਜਾਬ ਪੁਲਿਸ ਨੂੰ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਵਿੱਚ ਅਹਿਮ ਯੋਗਦਾਨ ਦੇਣਾ ਸ਼ਲਾਘਾਯੋਗ ਹੈ। ਉਹਨਾਂ ਕਿਹਾ ਕਿ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵੱਲੋਂ ਬਗੈਰ ਕਿਸੇ ਸੁਆਰਥ ਦੇ ਕੀਤੇ ਜਾ ਰਹੇ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮ ਅਤੇ ਸਮਾਜ ਸੇਵੀ ਕਾਰਜ ਬਹੁਤ ਹੀ ਪ੍ਰਸੰਸਾਯੋਗ ਹਨ ਅਤੇ ਉਨ੍ਹਾਂ ਕਿਹਾ ਕਿ ਉਹੋ ਇਹਨਾਂ ਦੀ ਸਮਾਜ ਸੇਵੀ ਕਾਰਜਾਂ ਲਈ ਹਰ ਸੰਭਵ ਮਦਦ ਲਈ ਹਮੇਸ਼ਾ ਤਿਆਰ ਹਾ, ਉਹਨਾਂ ਕਿਹਾ ਕਿ ਇਹਨਾਂ ਵਲੋਂ ਨਸ਼ਿਆਂ ਵਿਰੁੱਧ ਛੇੜੀ ਜਾਗਰੂਕਤਾ ਮੁਹਿੰਮ ਵਿੱਚ ਹੋਰ ਨੌਜਵਾਨਾਂ ਨੂੰ ਵੱਧ ਚੜ੍ਹ ਕੇ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ ਅਤੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾ ਸਕੀਏ। ਇਸ ਮੌਕੇ ਸਟੇਟ ਐਵਰਾਡੀ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਕਿਹਾ ਕਿ ਅੱਗੇ ਤੋਂ ਵੀ ਉਹਨਾਂ ਦੀ ਟੀਮ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਪੁਲਿਸ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਨਾਲ ਮਿਲ ਕੇ ਪਬਲਿਕ ਨੂੰ ਪਿੰਡ ਪਿੰਡ ਜਾ ਕੇ ਨਸ਼ਿਆਂ ਵਿਰੁੱਧ ਜਾਗਰੂਕ ਕਰਦੀ ਰਹੇਗੀ।

# ਸ਼੍ਰੀ ਨੈਣਾ ਦੇਵੀ ਐਸ ਐਸ ਟੀ ਨਗਰ ਪਟਿਆਲਾ ਦੇ ਪ੍ਰਾਚੀਨ ਮੰਦਰ ਵਿੱਚ ਰਾਮਨਵਮੀ ਤਿਉਹਾਰ ਮਨਾਇਆ



**ਪਟਿਆਲਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਨੈਣਾ ਦੇਵੀ ਐਸ ਐਸ ਟੀ ਨਗਰ ਪਟਿਆਲਾ ਦੇ ਪ੍ਰਾਚੀਨ ਮੰਦਰ ਵਿੱਚ ਰਾਮ ਨੌਮੀ ਦਾ ਤਿਉਹਾਰ ਮੰਦਿਰ ਟਰੱਸਟ ਦੇ ਮੁਖੀ ਵਿਮਲ ਸ਼ਰਮਾ, ਸਕੱਤਰ ਇੰਜੀਨੀਅਰ ਰਵੀ ਠਾਕੁਰ ਅਤੇ ਸਰਪ੍ਰਸਤ ਜੈ ਭੂਸ਼ਣ ਮਲਿਕ ਦੀ ਦੇਖ-ਰੇਖ ਹੇਠ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਰਾਮ ਚਰਿਤ ਮਾਨਸ ਦੀ ਕਥਾ ਨੂੰ ਵਿਸ਼ਰਾਮ ਦਿੱਤਾ ਗਿਆ। ਸਵੇਰ ਦੇ ਹਵਨ ਉਪਰੰਤ ਸੁੰਦਰਕਾਂਡ ਮਹਿਲਾ ਮੰਡਲ ਵੱਲੋਂ ਭਜਨ ਕੀਰਤਨ ਕੀਤਾ ਗਿਆ। ਪ੍ਰਧਾਨ ਵਿਮਲ ਸ਼ਰਮਾ ਨੇ ਰਾਮਲਲਾ ਦੇ ਜਨਮਦਿਨ 'ਤੇ ਮੰਦਰ ਵਿੱਚ ਆਏ ਸਾਰੇ ਭਗਤਾਂ ਨੂੰ ਵਧਾਈ ਦਿੱਤੀ। ਇਸ ਮੌਕੇ ਬੋਲਦਿਆਂ, ਮੰਦਰ ਟਰੱਸਟ ਦੇ ਪੀ ਆਰ ਓ ਸੋਹਿੰਦਰ ਕਾਂਸਲ ਅਤੇ ਉਪ ਪ੍ਰਧਾਨ ਜਸਪਾਲ ਗੁਪਤਾ ਨੇ ਕਿਹਾ ਕਿ ਜਨਮ ਅਸ਼ਟਮੀ, ਸ਼ਿਵਰਾਤਰੀ, ਹੋਲਿਕਾ ਦਹਿਨ ਅਤੇ ਹੋਰ ਧਾਰਮਿਕ ਪ੍ਰੋਗਰਾਮਾਂ ਸਮੇਤ ਸਾਰੇ ਧਾਰਮਿਕ ਪ੍ਰੋਗਰਾਮ ਹਰ ਸਾਲ ਮੰਦਰ ਵਿੱਚ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਮਾਤਾ ਸ਼੍ਰੀ ਨੈਣਾ ਦੇਵੀ ਦੇ ਟਰੱਸਟੀ ਯੁਵਰਾਜ ਗਰਗ, ਦਾਮੋਦਰ ਸਿੰਘ, ਡਾ: ਅੰਕੁਸ਼ ਕਾਂਸਲ, ਆਰ.ਕੇ. ਕਾਕਾਡੀਆ, ਸੀ.ਐਮ. ਪਾਂਧੀ, ਡਾ: ਸ਼ਾਂਤੀ ਸਵਰੂਪ ਸ਼ਰਮਾ, ਸੁਰੇਸ਼ ਗਰਗ, ਪ੍ਰਵੀਨ ਕੁਮਾਰ ਗੋਇਲ, ਅਵਿਨਾਸ਼ ਗੁਪਤਾ, ਸੁਰੇਸ਼ ਮਿੱਤਲ, ਟੀ.ਐਨ. ਸ਼ਰਮਾ, ਪ੍ਰੀਤੀ ਸ਼ਰਮਾ, ਲਵੀਨਾ ਪਾਹੂਜਾ ਨੇ ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਅੰਤ ਵਿੱਚ ਸਾਰਿਆਂ ਨੇ ਇਕੱਠੇ ਲੰਗਰ ਦਾ ਆਨੰਦ ਮਾਣਿਆ।

## ਗ਼ਜ਼ਲਾਂ



**ਗੁਰਦੀਪ ਭਾਟੀਆ**
94648-89046

ਸੂਲੀ 'ਤੇ ਪੱਬਾਂ, ਭਾਰ ਗੁਜ਼ਾਰੀ ਹੈ ਜ਼ਿੰਦਗੀ।
ਉਭਰੀ ਜਿਵੇਂ ਵੀ, ਆਪਾਂ ਉਭਾਰੀ ਹੈ ਜ਼ਿੰਦਗੀ।

ਐਸੇ ਵੀ ਲੋਕ ਜਿਊਂਦੇ ਨੇ, ਦੁਨੀਆ ਜਹਾਨ 'ਤੇ,
ਜਿਹਨਾਂ ਦੀ ਪੰਡ ਨਾਲੋਂ ਵੀ, ਭਾਰੀ ਹੈ ਜ਼ਿੰਦਗੀ।

ਰੱਖੀ ਹੈ ਸਾਂਭ ਸਾਂਭ ਕੇ, ਆਪਾਂ ਨੇ ਸ਼ੀਸ਼ੇ ਵਾਂਗ,
ਆਖ਼ਿਰ ਨੂੰ ਮੋੜਨੀ ਹੈ, ਉਧਾਰੀ ਹੈ ਜ਼ਿੰਦਗੀ।

ਪਿੰਜਰੇ 'ਚ ਕੈਦ ਜਿਸਮ ਤਾਂ ਮਿੱਟੀ ਹੈ, ਰਾਖ ਹੈ,
ਅੰਬਰ ਨੂੰ ਛੂਹਦੀ 'ਸੋਚ-ਉਡਾਰੀ' ਹੈ ਜ਼ਿੰਦਗੀ।

ਮਿਲਦੇ ਹਾਂ ਮੌਤ ਨਾਲ ਵੀ ਧਰ ਕੇ ਤਲੀ 'ਤੇ ਸੀਸ,
ਸਮਝੇ ਨ ਕੋਈ ਐਵੇਂ, ਨਕਾਰੀ ਹੈ ਜ਼ਿੰਦਗੀ।

ਕਿੰਦਾਂ ਕਰਾਂ ਨ ਉਸ ਨੂੰ ਸਿਜਦਾ ਮੈਂ ਤਹਿ ਦਿਲੋਂ,
ਫੁਲਕਾਰੀ ਵਾਂਗ ਜਿਸ ਨੇ ਸ਼ਿੰਗਾਰੀ ਹੈ ਜ਼ਿੰਦਗੀ।

ਰੱਖੀ ਹੈ ਸ਼ਾਨ ਇਸ਼ਕ ਦੀ, ਕੀਤੀ ਕਦੇ ਨ ਕੰਡ,
ਸੱਜਣਾਂ ਲਈ, ਇਸ਼ਾਰੇ ਤੇ, ਵਾਰੀ ਹੈ ਜ਼ਿੰਦਗੀ।

ਅਪਣੇ ਲਹੂ 'ਚ ਮੁਸ਼ਕਿਲਾਂ ਮੈਂ ਗੁੰਨ-ਗੁੰਨ ਕੇ,
ਨੀਹਾਂ ਤੋਂ ਸ਼ਿਖ਼ਰ ਤੀਕ ਉਸਾਰੀ ਹੈ ਜ਼ਿੰਦਗੀ।

ਔਖੀ ਘੜੀ ਵੀ 'ਦੀਪ' ਜੇ ਕਵਿਤਾ ਹੈ ਅਹੁੜਦੀ,
ਕੀਕਣ ਨ ਸਮਝਾਂ, ਕਾਵਿ-ਕਿਆਰੀ ਹੈ ਜ਼ਿੰਦਗੀ।

---

ਸੂਲੀ ਜਦ ਵੀ ਬੇਦੋਸ਼ੇ ਚੜ੍ਹੇ ਹੋਣਗੇ।
ਚੰਨ ਸੂਰਜ ਵੀ ਦੁੱਖ ਨਾਲ ਸੜੇ ਹੋਣਗੇ।

ਗਲ਼ਾ ਘੁਟਿਆ ਹੋਵੇਗਾ ਜਦ ਬੇਵਸਾਂ ਦਾ,
ਤਾਰੇ ਅੰਬਰਾਂ ਤੋਂ ਟੁੱਟਕੇ ਝੜੇ ਹੋਣਗੇ।

ਨਾਲ ਕਾਫ਼ਲੇ ਕੋਈ ਰਲ਼ ਗਿਆ ਹੋਵੇਗਾ,
ਕਈ ਦਿਲ ਫੜ ਕੇ ਰਾਹਾਂ 'ਚ ਖੜ੍ਹੇ ਹੋਣਗੇ।

ਉਦੋਂ ਪਾਣੀਆਂ 'ਚ ਵੀ ਅੱਗ ਲੱਗੀ ਹੋਊ,
ਧੁਖ ਦੇ ਫੁੱਲ ਜਦੋਂ ਸਤਲੁਜ 'ਚ ਹੜ੍ਹੇ ਹੋਣਗੇ।

ਰੱਸਾ ਫ਼ਾਂਸੀ ਦਾ ਚੁੰਮਦੈ ਵਿਰਲਾ ਕੋਈ,
ਪੁੱਤ ਮਾਵਾਂ ਨੇ ਤਾਂ ਜੰਮੇ ਬੜੇ ਹੋਣਗੇ।



**ਪਰਮਜੀਤ ਕੌਰ ਸਰਹਿੰਦ**
98728-98599

---



**ਡਾ. ਰਾਮ ਮੂਰਤੀ**
94174-49665

ਖ਼ੁਸ਼ੀ ਨਾਲ ਜੀਣ ਦਾ ਏਥੇ
ਸਿਰਫ਼ ਇਕ ਰਾਜ਼ ਹੈ ਡਿੱਠਾ।
ਅਗਰ ਜਿੱਤਣਾ ਜ਼ਮਾਨੇ ਨੂੰ
ਹਮੇਸ਼ਾ ਬੋਲ ਤੂੰ ਮਿੱਠਾ।

ਅਗਰ ਸ਼ਾਇਰ ਕਹਾਉਣਾ ਏ
ਜੁਰਅਤ ਕਰ ਲਿਖ ਹਰਫ਼ ਸੱਚੇ
ਲਹੂ-ਪੀਣੀ ਵਿਵਸਥਾ ਦਾ
ਤੂੰ ਕੱਚਾ ਫੋਲ ਦੇ ਚਿੱਠਾ।

ਮੇਰਾ ਦਿਲਦਾਰ ਹੈ 'ਨਾਨਕ'
ਮੇਰਾ ਉਹ ਪੀਰ ਹੈ ਸੱਚਾ
ਮਲਕ ਭਾਗੋ ਨੂੰ ਛੱਡ ਕੇ
ਜੋ ਰਿਹਾ ਲਾਲੋ 'ਤੇ ਸੀ ਤੁੱਠਾ।

ਕਦੇ ਵੀ ਜੀਵਨ ਦੀ ਜੰਗ
ਉਸ ਨੇ ਜਿੱਤ ਨਹੀਂ ਸਕਣੀ
ਹਨੇਰੀ, ਮੀਂਹ-ਕਣੀ ਨੂੰ ਵੇਖ
ਜੋ ਮੈਦਾਨ 'ਚੋਂ ਨੱਠਾ।

ਅਗਰ ਕਰਨਾ ਭਲਾ ਚਾਹੇਂ
ਐ ਹਾਕਮ ਦੇਸ਼ ਦੁਨੀਆ ਦਾ
ਤੂੰ ਖੋਹ ਕੇ ਮਜ਼ਦੂਰ ਕੋਲੋਂ
ਵਿਹਲੜਾਂ ਨੂੰ ਚਾਰ ਨਾ ਮਿੱਠਾ।

ਕਦੇ ਹਾਲਾਤ ਦੇ ਨਾਲ
'ਮੂਰਤੀ' ਢਲਦਾ ਨਹੀਂ ਹੈ ਜੋ
ਸਦਾ ਇਤਿਹਾਸ ਵਿਚ ਬੰਦਾ
ਉਹ ਜਾਂਦਾ ਜਾਣਿਆਂ ਲੱਠਾ।

---

ਦਰਦਾਂ ਨੂੰ ਮੈਂ ਅਪਣੇ ਸਿਰ ਦਾ ਤਾਜ ਬਣਾ ਕੇ ਰੱਖਦਾ ਹਾਂ।
ਹਰ ਠੋਕਰ ਤੋਂ ਸਬਕ ਲਵਾਂ, ਮੈਂ ਏਸ ਬਦੌਲਤ ਲੱਖ ਦਾ ਹਾਂ।

ਪੁੱਤ ਮਰੇ ਜਦ ਲੋਕਾਂ ਦੇ, ਨਾ ਅਰਜ਼ ਸੁਣੀ ਦਰਬਾਰਾਂ ਨੇ,
ਖ਼ੂਨ ਕਹੋ ਚਾਹੇ ਹੰਝੂ, ਮੈਂ ਪਾਣੀ ਜ਼ਖ਼ਮੀ ਅੱਖ ਦਾ ਹਾਂ।

ਜਦ ਭੇਟ ਚੜ੍ਹੇ ਮੰਡੀ ਦੀ, ਰੋਟੀ ਦਾ ਸੁਪਨਾ ਕਿਰਤੀ ਦਾ,
ਤਾਂ ਹੀ ਤਾਂ ਮੈਂ ਗਿੱਲੇ ਕੱਖੀਂ ਬਣ ਅੰਗਿਆਰਾ ਭਖ਼ਦਾ ਹਾਂ।

ਗਣਤੰਤਰ ਦਾ ਮੰਥਨ ਕਰ ਕੇ , ਅੰਮ੍ਰਿਤ ਲੈ ਜਾਂਦੇ ਨੇਤਾ,
ਹੱਕਾਂ ਖ਼ਾਤਰ ਲੋਕਾਂ ਦੇ, ਮੈਂ ਜ਼ਹਿਰ ਪਿਆਲੇ ਚਖ਼ਦਾ ਹਾਂ।

ਮੈਂ ਇਕ ਦਿਨ ਬਣਨਾ ਉਹ ਬੋਹਕਰ, ਜੋ ਫਿਰ ਗੰਦ ਨੂੰ ਹੂੰਝੇਗੀ,
ਕੂੜਾ ਹੂੰਝਾਂ ਹਰ ਥਾਂ ਤੋਂ, ਮੈਂ ਤਿਨਕਾ ਭਾਵੇਂ ਕੱਖ ਦਾ ਹਾਂ।

ਮੈਂ ਸ਼ਾਇਰ ਨਾ ਮੰਨਾ ਉਹਨੂੰ ਜਿਸ ਦਾ ਮਹਿਲਾਂ ਨਾਲ ਯਾਰੀ ਹੈ,
ਜ਼ਾਲਮ ਨਾਲ ਜੋ ਲੋਹਾ ਲੈਂਦੇ , ਮੈਂ ਉਨ੍ਹਾਂ ਦੇ ਪੱਖ ਦਾ ਹਾਂ।

ਗਜਨੀ, ਗੌਰੀ ਨੂੰ ਦੁਰਕਾਰੇਗਾ, ਇਤਿਹਾਸ 'ਭਨੋਟ' ਸਦਾ,
ਸਭ ਜ਼ਹਿਰੀਲੇ ਨਾਗਾਂ ਨੂੰ, ਮੈਂ ਚੇਤੇ ਲੋਕੋ ਰੱਖਦਾ ਹਾਂ।



**ਜਤਿੰਦਰ ਭਨੋਟ**
98780-41593

---

ਕੁਝ ਮੇਰੀ ਸੁਣ ਕੁਝ ਆਪਣੀ ਕਹਿ।
ਵਿੱਚੇ-ਵਿਚ ਹੀ ਨਾ ਦੁੱਖੜੇ ਸਹਿ।

ਬੋਲੋ ਬਾਅਦ 'ਚ, ਤੋਲੋ ਪਹਿਲਾਂ,
ਪਹਿਲਾਂ ਫੋਲੋ ਮਸਲੇ ਦੀ ਤਹਿ।

ਪੱਥਰ-ਪਾੜ ਹੈ, ਚੁੱਕਣਾ ਹੁੰਦੀ,
ਆ ਨਾ ਤੂੰ ਵਿਚ ਗ਼ੈਰਾਂ ਦੀ ਸ਼ਹਿ।

ਦੁੱਖ ਦੱਸੋ ਤਾਂ ਦੁੱਖ ਹੈ ਘਟਦਾ,
ਦੁੱਖ ਹੈ ਤਾਂ ਫਿਰ ਸਜਣਾਂ ਨੂੰ ਕਹਿ।

ਖ਼ੂਬ ਹੈ ਯਾਰ ਦੀ ਨਜ਼ਰੀ ਚੜ੍ਹਨਾ,
ਖ਼ੂਬ ਹੈ ਜਾਣਾ ਦਿਲ ਅੰਦਰ ਲਹਿ।

ਜੇਕਰ ਜਿੱਤ ਹੈ ਸੱਚ ਦੀ ਹੁੰਦੀ,
ਨਾਲ ਨਿਡਰਤਾ ਫਿਰ ਸੱਚ ਹੀ ਕਹਿ।

ਤੁਰਨਾ ਸਿਖ ਲੈ ਨਾਲ ਸਮੇਂ ਦੇ,
'ਬਾਸਰਕੇ' ਤੂੰ ਨਾ ਪਿੱਛੇ ਰਹਿ ।



**ਮਨਮੋਹਨ ਸਿੰਘ ਬਾਸਰਕੇ**
99147-16616

---

## ਸ਼ਬਦੋ ਵਣਜਾਰਿਓ

## ਤਿਜੌਰੀ



**ਪਰਮਜੀਤ ਢੀਂਗਰਾ**
94173-58120

ਰੁਪਏ-ਪੈਸੇ, ਗਹਿਣੇ-ਗੱਟੇ ਆਦਿ ਨੂੰ ਸੰਭਾਲ ਕੇ ਰੱਖਣ ਦੀ ਇਕ ਥਾਂ ਤਿਜੌਰੀ ਹੈ। ਤਿਜੌਰੀ ਆਪਣੇ ਆਪ ਵਿਚ ਇਕ ਖ਼ਜ਼ਾਨਾ ਹੈ। ਵੱਡੇ ਸੇਠਾਂ, ਆੜ੍ਹਤੀਆਂ, ਸਰਾਫ਼ਾਂ ਦੇ ਕੋਲ ਤਿਜੌਰੀਆਂ ਹੁੰਦੀਆਂ ਹਨ। ਮੂਲ ਰੂਪ ਵਿਚ ਇਹ ਸ਼ਬਦ ਸੈਮੇਟਿਕ ਭਾਸ਼ਾ ਪਰਿਵਾਰ ਦਾ ਹੈ ਤੇ ਅਰਬੀ, ਹਿਬਰੂ, ਸੀਰੀਆਈ ਆਦਿ ਕਈ ਭਾਸ਼ਾਵਾਂ ਵਿਚ ਪ੍ਰਚਲਿਤ ਹੈ। ਉਰਦੂ, ਫ਼ਾਰਸੀ ਰਾਹੀਂ ਇਹ ਭਾਰਤੀ ਭਾਸ਼ਾਵਾਂ ਵਿਚ ਦਾਖ਼ਲ ਹੋਇਆ। ਅਸਲ ਵਿਚ ਇਹ ਅਰਬੀ ਦੇ ਸ਼ਬਦ ਤਜਾਰਾ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਵਪਾਰ, ਤੁਜਾਰ ਤਾਜਿਰ ਦਾ ਬਹੁਵਚਨ ਹੈ-ਸੌਦਾਗਰ ਅਥਵਾ ਵਪਾਰੀ। ਤਜਾਰਾ ਦਾ ਹਿਬਰੂ ਰੂਪ ਹੈ-ਤਗਾਰ। ਤਜਾਰਾ ਦਾ ਕਿਰਿਆ ਰੂਪ ਹੈ-ਤਜਾਰਤ।

ਸਪਸ਼ਟ ਹੈ ਤਜਾਰਤ ਅਥਵਾ ਵਪਾਰ ਤੋਂ ਹੋਣ ਵਾਲੀ ਆਮਦਨ ਰੱਖਣ ਲਈ ਤਜੌਰੀ ਸ਼ਬਦ ਪ੍ਰਚਲਤ ਹੋਇਆ। ਗੁਜਰਾਤੀਆਂ ਵਿਚ ਤਜੌਰੀ ਉਪਨਾਮ ਵੀ ਹੈ। ਵਪਾਰਕ ਨਾਵਾਂ ਦੀ ਗੁਜਰਾਤ ਵਿਚ ਪੁਰਾਣੀ ਪਰੰਪਰਾ ਹੈ। ਖ਼ਾਸ ਤੌਰ 'ਤੇ ਕਈ ਸਦੀਆਂ ਪਹਿਲਾਂ ਪਹੁੰਚੇ ਫ਼ਾਰਸੀ ਅਥਵਾ ਪਾਰਸੀਆਂ ਨੇ ਜੋ ਕਾਰੋਬਾਰ ਅਪਣਾਏ, ਉਨ੍ਹਾਂ ਨੂੰ ਉਪਨਾਮ ਬਣਾ ਲਿਆ ਜਿਵੇਂ-ਬਾਟਲੀ ਵਾਲਾ, ਦਾਰੂ ਵਾਲਾ, ਰੂਸੀ ਸਕਰੂ ਵਾਲਾ। ਇੰਜ ਹੀ ਤਿਜੌਰੀ ਵਾਲੇ ਤਿਜੌਰੀਆਂ ਦਾ ਕਾਰੋਬਾਰ ਕਰਦੇ ਹੋਣਗੇ ਜਾਂ ਬਣਾਉਂਦੇ ਹੋਣਗੇ।

ਮੂਲ ਰੂਪ ਵਿਚ ਤਿਜੌਰੀ ਲੋਹੇ ਦੀ ਮੋਟੀ ਪੇਟੀ ਜਾਂ ਅਲਮਾਰੀ ਹੁੰਦੀ ਹੈ। ਪੇਟ ਨਾਲ ਪੇਟੀ ਦਾ ਰਿਸ਼ਤਾ ਜੁੜਦਾ ਹੈ। ਪੇਟੀ ਸ਼ਬਦ ਸੰਸਕ੍ਰਿਤ ਮੂਲ ਦਾ ਹੈ ਤੇ ਇਹ ਪੇਟਮ ਜਾਂ ਪੇਟਕਮ ਤੋਂ ਬਣਿਆ ਹੈ ਜਿਸ ਦਾ ਭਾਵ ਹੈ-ਥੈਲੀ। ਜਿਵੇਂ ਪੇਟ ਭੋਜਨ ਨੂੰ ਸੰਭਾਲਦਾ ਹੈ ਤਿਵੇਂ ਪੇਟੀ ਧਨ ਸੰਭਾਲਦੀ ਹੈ। ਜਹਾਜ਼ ਦੇ ਥੱਲੇ ਨੂੰ ਪੇਟਾ ਕਿਹਾ ਜਾਂਦਾ ਹੈ। ਪੇਟੀ ਸ਼ਬਦ ਹਾਰਮੋਨੀਅਮ ਲਈ ਵੀ ਵਰਤਿਆ ਜਾਂਦਾ ਹੈ। ਮੁੰਬਈਆ ਭਾਸ਼ਾ ਵਿਚ ਕੋਡ ਵਜੋਂ ਪੇਟੀ ਮੁਦਰਾ ਦਾ ਰੂਪ ਧਾਰ ਗਈ। ਪੰਜਾਬੀ ਵਿਚ ਪੇਟੀ ਸੰਦੂਕ ਦਾ ਪਰਿਆਏਵਾਚੀ ਹੈ। ਕਪੜੇ, ਚਮੜੇ ਜਾਂ ਪਲਾਸਟਿਕ ਦੇ ਚੌੜੇ ਫੀਤੇ ਨੂੰ ਵੀ ਪੇਟੀ ਕਿਹਾ ਜਾਂਦਾ ਹੈ। ਇਸ ਤੋਂ ਕਈ ਮੁਹਾਵਰੇ ਪ੍ਰਚਲਤ ਹਨ-ਪੇਟੀ ਉਤਾਰਨਾ-ਨੌਕਰੀ ਤੋਂ ਬਰਤਰਫ਼ ਕਰਨਾ, ਪੇਟੀ ਕੋਟ-ਇਕ ਪ੍ਰਕਾਰ ਦਾ ਛੋਟੇ ਘੇਰੇ ਵਾਲਾ ਘਗਰਾ, ਪੇਟੀ ਬੰਗਾ- ਚਿੱਟੇ ਢਿੱਡ ਵਾਲਾ, ਪੇਟੀ ਲੈ ਲੈਣਾ-ਨੌਕਰੀ ਤੋਂ ਹਟਾ ਦੇਣਾ, ਪੇਟੀ ਖੁਲ੍ਹਾਈ, ਵਿਆਹ ਤੋਂ ਬਾਅਦ ਦੀ ਇਕ ਰਸਮ, ਪੇਟੀ ਮਾਸਟਰ ਆਦਿ। ਇਸੇ ਤੋਂ ਸ਼ਬਦ ਬਣਿਆ ਪੇਟਾ-ਕਪੜੇ ਦੀ ਬੁਣਤੀ ਵਿਚ ਉਹ ਧਾਗਾ ਜੋ ਚੌੜਾਈ-ਰੁਖ਼ ਵਰਤਿਆ ਜਾਂਦਾ ਹੈ। ਮਾਲ-ਮੱਤਾ, ਧਨ ਸੰਪਤੀ, ਸੰਭਾਲ ਇਹਦੇ ਹੋਰ ਅਰਥ ਹਨ।

ਇਸ ਨਾਲ ਵੀ ਕਈ ਮੁਹਾਵਰੇ ਪ੍ਰਚਲਤ ਹਨ। ਪੇਟ ਨਾ ਹੋਣਾ-ਸਮਰਥਾ ਨਾ ਹੋਣਾ, ਪੇਟੇ ਪਾਉਣਾ-ਆਪਣੇ ਜ਼ਿੰਮੇ ਲੈਣਾ, ਪੇਟੇ ਪੈਣਾ-ਜ਼ਿੰਮੇ ਲੱਗਣਾ, ਪੇਟੇ ਵਲ-ਚੌੜਾਈ ਦੇ ਰੁਖ਼ ਆਦਿ। •

# ਧਾਰਮਿਕ ਕਵੀ ਗੁਰਦਿਆਲ ਸਿੰਘ ਨਿਮਰ



**ਸਵਰਨਦੀਪ ਸਿੰਘ ਨੂਰ**
75891-19192

ਪਹਿਲੀ ਨਜ਼ਰੇ ਦੇਖਿਆਂ ਉਹ ਕਵੀ ਨਹੀਂ ਬਲਕਿ ਕੋਈ ਸਰਕਾਰੀ ਅਹੁਦੇਦਾਰ ਲੱਗਦਾ ਹੈ। ਜਦੋਂ ਨੇੜੇ ਜਾ ਕੇ ਗੱਲ ਕਰੋ ਤਾਂ ਉਸ ਦੀ ਜ਼ੁਬਾਨ ਵਿੱਚੋਂ ਮਾਨਵੀ ਪਿਆਰ, ਸਮਾਜਿਕ ਮੁੱਲਾਂ, ਇਨਸਾਨੀ ਕਦਰਾਂ-ਕੀਮਤਾਂ ਦੀ ਚਾਸ਼ਣੀ ਨਾਲ ਭਰੇ ਬੋਲ ਤੁਹਾਡੇ ਕੰਨੀਂ ਪੈਂਦੇ ਹਨ। ਉਸ ਦੇ ਬੋਲਾਂ ਨੂੰ ਸਵੈਮਾਨ ਦੀ ਪਾਣ ਚੜ੍ਹੀ ਹੋਈ ਹੈ। ਉੱਚਾ ਲੰਮਾਂ ਸਰੂ ਵਰਗਾ ਕੱਦ, ਭਰਵਾਂ ਜੁੱਸਾ, ਅੱਖਾਂ ਵਿਚਲੀ ਕਸ਼ਿਸ਼ ਹਰ ਮਿਲਣ ਵਾਲੇ ਨੂੰ ਸੁਤੇ-ਸਿੱਧ ਉਸ ਦੀ ਸ਼ਖ਼ਸੀਅਤ ਦਾ ਪ੍ਰਭਾਵ ਕਬੂਲਣ ਲਈ ਮਜਬੂਰ ਕਰਦੀ ਹੈ।

ਸਟੇਜ 'ਤੇ ਖੜ੍ਹਾ ਹੋ ਕੇ ਜਦੋਂ ਕਵਿਤਾ ਨੂੰ ਤਰਨੁੰਮ ਦੀਆਂ ਸੋਜ਼ ਭਰੀਆਂ ਸੁਰਾਂ ਵਿਚ ਬਿਆਨ ਕਰਦਾ ਹੈ ਤਾਂ ਸਰੋਤਿਆਂ ਨੂੰ ਕਿਸੇ ਅਕਹਿ ਰਸ ਵਿਚ ਲੈ ਜਾਂਦਾ ਹੈ। ਸਰੋਤੇ ਇਸ ਨਿਵੇਕਲੀ ਸ਼ਖ਼ਸੀਅਤ ਦੇ ਮਾਲਕ ਨੂੰ 'ਗੁਰਦਿਆਲ ਸਿੰਘ ਨਿਮਰ' ਵਜੋਂ ਜਾਣਦੇ ਹਨ।

ਗੁਰਦਿਆਲ ਸਿੰਘ ਨਿਮਰ ਦਾ ਜਨਮ 15 ਜੂਨ 1949 ਨੂੰ ਪਿੰਡ ਅਬਦਾਲ ਰਾਮਗੜ੍ਹੀਆਂ ਜ਼ਿਲ੍ਹਾ ਗੁਰਦਾਸਪੁਰ ਵਿਖੇ ਪਿਤਾ ਰਾਮ ਸਿੰਘ ਤੇ ਮਾਤਾ ਇਕਬਾਲ ਕੌਰ ਦੇ ਘਰ ਹੋਇਆ। ਉਨ੍ਹਾਂ ਨੇ ਮੁੱਢਲੀ ਵਿੱਦਿਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੇਰਾ ਬਾਬਾ ਨਾਨਕ ਤੋਂ ਪ੍ਰਾਪਤ ਕੀਤੀ। ਸਕੂਲ ਵਿਚ ਪੜ੍ਹਦਿਆਂ ਮਾਸਟਰ ਗੁਰਕਿਰਪਾਲ ਬਾਵਾ, ਜੋ ਮਸ਼ਹੂਰ ਪੰਜਾਬੀ ਗਾਇਕਾ 'ਗੁਰਮੀਤ ਬਾਵਾ' ਦੇ ਪਤੀ ਸਨ, ਨੇ ਗੁਰਦਿਆਲ ਸਿੰਘ ਦੇ ਅੰਦਰ ਲੁਕੀ ਪ੍ਰਤਿਭਾ ਨੂੰ ਪਛਾਣ ਕੇ ਕਵਿਤਾ ਲਿਖਣ ਲਈ ਪ੍ਰੇਰਿਤ ਕੀਤਾ। ਮਾਸਟਰ ਗੁਰਦਿਆਲ ਸਿੰਘ ਬਾਵਾ ਅਕਸਰ ਸਕੂਲ ਦੇ ਬੱਚਿਆਂ ਨੂੰ ਆਰਮੀ ਕੈਂਪਾਂ ਵਿਚ ਕਵਿਤਾਵਾਂ ਤੇ ਗੀਤ ਬੋਲਣ ਲਈ ਲੈ ਕੇ ਜਾਂਦੇ ਸਨ। ਸ਼ਿਵ ਕੁਮਾਰ ਬਟਾਲਵੀ, ਗੁਰਕਿਰਪਾਲ ਬਾਵਾ ਦਾ ਬਹੁਤ ਵਧੀਆ ਮਿੱਤਰ ਸੀ। ਸ਼ਿਵ ਨੇ ਅਕਸਰ ਗੁਰਦਿਆਲ ਹੋਰਾਂ ਨੂੰ ਆਖਣਾ, 'ਲਿਖਿਆ ਕਰ। ਤੂੰ ਬਹੁਤ ਵਧੀਆ ਲਿਖ ਸਕਦਾ ਹੈਂ।' ਇਸ ਹੱਲਾਸ਼ੇਰੀ ਕਾਰਨ ਗੁਰਦਿਆਲ ਸਿੰਘ ਨਿਮਰ ਨੇ ਲਿਖਣ ਦੀ ਸ਼ੁਰੂਆਤ ਕੀਤੀ। ਹੌਲੀ-ਹੌਲੀ ਉਸ ਦੀਆਂ ਲਿਖਤਾਂ ਵਿਚ ਪਕਿਆਈ ਆਉਣੀ ਸ਼ੁਰੂ ਹੋ ਗਈ।

ਨਿਮਰ ਦੇ ਪਿਤਾ ਠੇਕੇਦਾਰੀ ਦੇ ਸਿਲਸਿਲੇ ਵਿਚ ਯਮੁਨਾ ਨਗਰ ਆਏ ਅਤੇ ਪੱਕੇ ਤੌਰ 'ਤੇ ਇੱਥੇ ਹੀ ਵਸ ਗਏ। ਉਨ੍ਹਾਂ ਨੇ ਯਮਨਾ ਨਗਰ ਦੇ 'ਖ਼ਾਲਸਾ ਕਾਲਜ' ਵਿਚ ਦਾਖ਼ਲਾ ਲੈ ਕੇ ਬੀਏ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਕਾਲਜ ਦੇ ਯੂਥ ਫੈਸਟੀਵਲਾਂ ਵਿਚ ਉਹ ਗੀਤਾਂ ਤੇ ਕਵਿਤਾਵਾਂ ਰਾਹੀਂ ਭਰਵੀਂ ਹਾਜ਼ਰੀ ਲਵਾਉਂਦੇ। ਨਿਮਰ ਵੱਲੋਂ ਗਾਈ ਜਾਂਦੀ ਵਾਰਿਸ ਦੀ ਹੀਰ ਨੂੰ ਸਰੋਤੇ ਸਾਹ ਰੋਕ ਕੇ ਸੁਣਦੇ। ਖ਼ਾਲਸਾ ਕਾਲਜ ਦੇ ਇਕ ਸਲਾਨਾ ਸਮਾਗਮ ਵਿਚ ਵਿਧਾਤਾ ਸਿੰਘ ਤੀਰ ਆਏ ਤਾਂ ਪ੍ਰਿੰਸੀਪਲ ਸਤਬੀਰ ਸਿੰਘ ਨੇ ਨਿਮਰ ਦਾ ਹੱਥ ਤੀਰ ਸਾਹਿਬ ਨੂੰ ਫੜਾਉਂਦਿਆਂ ਕਿਹਾ, 'ਇਸ ਬੱਚੇ ਨੂੰ ਆਪਣੇ ਲੜ ਲਾਓ'। ਵਿਧਾਤਾ ਸਿੰਘ ਤੀਰ ਦੀ ਸ਼ਗਿਰਦੀ ਨੇ ਉਨ੍ਹਾਂ ਦੀ ਕਵਿਤਾ ਵਿਚ ਭਰਪੂਰ ਨਿਖਾਰ ਲਿਆਂਦਾ।

ਗੁਰਦਿਆਲ ਸਿੰਘ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਐੱਮਏ ਪੰਜਾਬੀ ਕੀਤੀ। 1975 ਵਿਚ 'ਪੰਜਾਬ ਐਂਡ ਸਿੰਧ ਬੈਂਕ' ਚ ਨੌਕਰੀ ਮਿਲ ਗਈ। 29 ਸਤੰਬਰ 1976 ਨੂੰ ਉਨ੍ਹਾਂ ਦਾ ਵਿਆਹ ਜਸਵਿੰਦਰ ਕੌਰ ਨਾਲ ਹੋਇਆ। ਨੌਕਰੀ ਦੇ ਨਾਲ-ਨਾਲ ਨਿਮਰ ਨੇ ਕਵਿਤਾ ਰਚਣੀ ਅਤੇ ਧਾਰਮਿਕ ਸਟੇਜਾਂ ਤੇ ਬੋਲਣੀ ਜਾਰੀ ਰੱਖੀ। ਉਸ ਦੀਆਂ ਲਿਖੀਆਂ ਕਵਿਤਾਵਾਂ ਵਿੱਚੋਂ ਗੁਰਬਾਣੀ, ਗੁਰਮਤਿ ਸਿਧਾਤਾਂ ਤੇ ਸਮਾਜਿਕ ਪ੍ਰੇਮ ਦੀ ਮਹਿਕ ਆਉਂਦੀ ਹੈ। ਸਟੇਜ ਉੱਤੇ ਆਪ ਦੇ ਸ਼ਬਦਾਂ ਅਤੇ ਸ਼ੇਅਰਾਂ ਦੀ ਪੇਸ਼ਕਾਰੀ ਕਮਾਲ ਦੀ ਹੁੰਦੀ ਹੈ। ਉਹ ਕਵਿਤਾਵਾਂ ਦੀਆਂ ਤਿੰਨ ਕਿਤਾਬਾਂ ਪਾਠਕਾਂ ਨੂੰ ਦੇ ਚੁੱਕੇ ਹਨ,'ਗੁਰੂ ਦੇ ਨਾਲ', 'ਸਰਹਿੰਦ ਫ਼ਤਹਿ' ਅਤੇ 'ਸਰਬਰੰਗ'। ਇਨ੍ਹਾਂ ਵਿੱਚੋਂ ਪਹਿਲੀਆਂ ਦੋ ਕਿਤਾਬਾਂ ਨੂੰ ਕ੍ਰਮਵਾਰ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਫ਼ਤਹਿਗੜ੍ਹ ਸਾਹਿਬ ਤੋਂ ਨਕਦ ਸਨਮਾਨ ਮਿਲ ਚੁੱਕਾ ਹੈ। ਪੰਜਾਂ ਤਖ਼ਤਾਂ ਅਤੇ ਅਨੇਕਾਂ ਧਾਰਮਿਕ ਸਭਾ ਸੁਸਾਇਟੀਆਂ ਦੁਆਰਾ ਆਪ ਨੂੰ ਕਾਵਿ ਖੇਤਰ ਵਿਚ ਪਾਏ ਵਿਲੱਖਣ ਯੋਗਦਾਨ ਕਰਕੇ ਸਨਮਾਨਿਤ ਕੀਤਾ ਜਾ ਚੁੱਕਾ ਹੈ।



*ਗੁਰਦਿਆਲ ਸਿੰਘ ਨਿਮਰ ਦੀਆਂ ਲਿਖੀਆਂ ਕਵਿਤਾਵਾਂ ਵਿੱਚੋਂ ਗੁਰਮਤਿ ਸਿਧਾਤਾਂ, ਗੁਰਬਾਣੀ ਤੇ ਸਮਾਜਿਕ ਪ੍ਰੇਮ ਦੀ ਮਹਿਕ ਆਉਂਦੀ ਹੈ। ਸਟੇਜ ਉੱਤੇ ਉਹ ਦੇ ਸ਼ਬਦਾਂ ਅਤੇ ਸ਼ੇਅਰਾਂ ਦੀ ਪੇਸ਼ਕਾਰੀ ਕਮਾਲ ਦੀ ਹੁੰਦੀ ਹੈ...*

ਨਿਮਰ ਹਰਿਆਣਾ ਵਿਖੇ ਬਣੀ 'ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ' ਦੇ ਪ੍ਰਧਾਨ ਹਨ ਅਤੇ ਹਰ ਸਾਲ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਕਵੀ ਦਰਬਾਰ ਕਰਵਾ ਕੇ ਕਿਸੇ ਇਕ ਕਵੀ ਨੂੰ 'ਚਮਕੌਰ ਤੇ ਸਰਹਿੰਦ ਐਵਾਰਡ' ਨਾਲ ਸਨਮਾਨਿਤ ਕਰ ਰਹੇ ਹਨ। ਪੰਥਕ ਕਵੀ ਦਰਬਾਰਾਂ ਵਿਚ ਸਰਗਰਮੀ ਨਾਲ ਵਿਚਰਦੇ ਹੋਏ ਅਨੇਕਾਂ ਨਵੇਂ ਉੱਭਰ ਰਹੇ ਕਵੀਆਂ ਦੀ ਰਹਿਨੁਮਾਈ ਕਰ ਕੇ ਉਸਾਰੂ ਸੇਧ ਪ੍ਰਧਾਨ ਕਰਨਾ ਵੀ ਆਪ ਦੇ ਹਿੱਸੇ ਆਇਆ ਹੈ। ਮੌਜੂਦਾ ਸਮੇਂ ਉਨ੍ਹਾਂ ਵੱਲੋਂ 'ਭਾਈ ਘਨਈਆ' ਜੀ 'ਤੇ ਮਹਾਂਕਾਵਿ ਲਿਖਿਆ ਜਾ ਰਿਹਾ ਹੈ। •

## ਕਵਿਤਾਵਾਂ



**ਅਰਤਿੰਦਰ ਸੰਧੂ**
98153-02081

### ਹੁਣ ਤਾਂ ਸਿਖ ਤੁਰਨਾ

ਮਨ ਮੇਰੇ, ਹੁਣ ਤਾਂ ਸਿਖ ਤੁਰਨਾ
ਰੋਜ਼ ਥਿੜਕਦਾ ਜਾਵੇਂ
ਸ਼ਾਮ ਪਈ ਨੂੰ ਮਿੱਧਦਾ ਜਾਵੇਂ
ਯਾਦਾਂ ਦੇ ਸਿਰਨਾਵੇਂ।

ਨਿੱਤ ਤੂਫ਼ਾਨ ਮਚਾ ਜਾਂਦਾ ਏ
ਕੋਈ ਡਾਢਾ ਫੁਰਨਾ
ਯਾਦਾਂ ਦੇ ਸੁੱਕੇ ਪੱਤਿਆਂ 'ਤੇ
ਪੈਂਦਾ ਏ ਜਦ ਤੁਰਨਾ
ਆਪਣੀ ਹੀ ਆਹਟ ਨਾਲ ਉੱਡਣ
ਚੇਤਿਆਂ ਦੇ ਪਰਛਾਵੇਂ।

ਕੁਝ ਪਲ ਜੰਗਲਾਂ ਵਾਂਗੂ ਉੱਗੇ
ਮਨ ਦੀ ਮਿੱਟੀ ਉੱਤੇ
ਧੁੱਪਾਂ ਛਾਵਾਂ ਦੇ ਆਪਣੇ ਹੀ
ਜਮਘਟੇ ਵਿਚ ਸੁੱਤੇ
ਮਨ ਉਨ੍ਹਾਂ ਹੀ ਜੂਹਾਂ ਉੱਤੇ
ਫਿਰਦਾ ਵਾਂਗ ਨਿਥਾਵੇਂ।

ਕਿਧਰੇ ਕੁਝ ਰੋਕੇ ਅੱਥਰੂਆਂ
ਆਪਣੇ ਸਾਗਰ ਜੋੜੇ
ਜਿਸ ਦੀਆਂ ਬਾਗ਼ੀ ਹੋਈਆਂ ਛੱਲਾਂ
ਆਪਣੇ ਹੀ ਘਰ ਤੋੜੇ
ਲੈ ਕੇ ਸਭ ਇਲਜ਼ਾਮ, ਤੂਫ਼ਾਨਾਂ
ਦੇ ਵੀ ਆਪਣੇ ਨਾਵੇਂ।

ਕੁਝ ਅੱਥਰੂ ਅਨਤੋਲ ਜਿਹੇ ਤਾਂ
ਆਪਣਾ ਆਪ ਵਿਹਾ ਗਏ
ਮੌਸਮ ਸਿਰ ਆਏ ਦੋਸ਼ਾਂ ਨੂੰ
ਆਪਣੇ ਨਾਵੇਂ ਲਾ ਗਏ
ਜੀ ਕੇ ਆਪਣੇ ਹਿੱਸੇ ਦੇ ਪਲ
ਇਕ ਹਉਕੇ ਦੀ ਛਾਵੇਂ।

ਮਨ ਮੇਰੇ ਹੁਣ ਤਾਂ ਸਿਖ ਤੁਰਨਾ
ਰੋਜ਼ ਥਿੜਕਦਾ ਜਾਵੇਂ
ਸ਼ਾਮ ਪਈ ਨੂੰ ਮਿੱਧਦਾ ਜਾਵੇਂ
ਯਾਦਾਂ ਦੇ ਸਿਰਨਾਵੇਂ।

### ਘਾਹ



**ਰਾਜਬੀਰ ਸਿੰਘ ਮੱਤਾ**
84376-01702

ਪਨੀਰੀ 'ਚੋਂ
ਘਾਹ ਕੱਢਦਾ ਘੀਲਾ
ਡੂੰਘੀ ਸੋਚ 'ਚ ਬੈਠਾ
ਮੁਸਕਰਾ ਰਿਹਾ ਸੀ
ਆਪਣੇ ਦਸਵੀਂ 'ਚ ਪੜ੍ਹਦੇ
ਪੁੱਤਰ ਦੇ
ਉੱਚੇ ਸੁਪਨਿਆਂ ਨੂੰ
ਯਾਦ ਕਰਦਾ
ਕਿ ਅਚਾਨਕ ਹੀ
ਉਹਦੀ ਅੱਖ 'ਚੋਂ
ਮੋਤੀ ਵਰਗੇ ਹੰਝੂ
ਪਨੀਰੀ ਦੇ ਗੰਦਲੇ ਪਾਣੀ 'ਚ ਜਾ ਡਿੱਗੇ
ਜਦ ਉਹ ਆਪਣੇ ਪੁੱਤਰ ਨੂੰ
ਦੇਖ ਦਾ ਉਸੇ ਖੇਤ 'ਚ ਵੱਟਾਂ ਪੋਚਦਾ
ਜਿੱਥੇ ਕਦੇ ਉਹ ਵੀ
ਆਪਣੇ ਘਰ ਦੀਆਂ ਆਰਥਿਕ ਤੰਗੀਆਂ ਕਰਕੇ
ਸੀਰੀ ਰਲ਼ਿਆ ਸੀ।

ਉਹਦਾ ਪੁੱਤ, ਬਾਪੂ ਦੇ ਹੰਝੂ ਦੇਖ
ਉੱਚੀ ਸੁਰ 'ਚ ਗੁਣਗੁਣਾਉਂਦਾ ਹੈ
ਦਸਾਂ-ਨਹੁੰਆਂ ਦੀ ਕਰ ਕਮਾਈ
ਉੱਚ-ਦਰਜੇ ਦੀ ਕਰ ਪੜ੍ਹਾਈ
ਸੁੱਚੇ ਮੋਤੀਆਂ ਦਾ ਮੁੱਲ ਮੋੜਨਾ
ਬਾਪੂ ਮੈਂ ਤੇਰੇ ਹੰਝਆਂ ਦਾ ਮੁੱਲ ਮੋੜਨਾ।
ਤੇ ਗਾਉਂਦਾ-ਗਾਉਂਦਾ
ਅਸਮਾਨ ਦੀਆਂ ਨੀਲੀਆਂ ਨੀਲੱਤਣਾਂ 'ਚ
ਉੱਡਦੇ ਪੰਛੀਆਂ ਨੂੰ ਦੇਖ
ਉੱਡਣ ਦੇ ਖ਼ਿਆਲਾਂ 'ਚ
ਮਸਤ ਹੋ ਜਾਂਦਾ ਹੈ।
ਘੀਲਾ ਵੀ ਆਪਣੇ ਹੰਝੂ ਪੂੰਝਦਾ
ਪਾਸ਼ ਦੀਆਂ ਸਤਰਾਂ ਉਚਾਰਦਾ
'ਮੈਂ ਤਾਂ ਘਾਹ ਹਾਂ ...'

ਤੇ ਆਪਣੇ ਸੁਪਨੇ
ਪੁੱਤਰ ਦੀਆਂ ਅੱਖਾਂ 'ਚ
ਪੂਰੇ ਹੁੰਦੇ ਦੇਖ ਹੌਸਲੇ 'ਚ ਉੱਠ
ਲੱਗ ਜਾਂਦਾ ਏ ਉਹਦੇ ਨਾਲ
ਵੱਟਾਂ ਪੋਚਣ ਤੇ ਦੋਵੇਂ ਰਲ ਕੇ
ਸਤਰਾਂ ਉਚਾਰਦੇ ਨੇ ..

ਘਾਹਾਂ ਵਰਗੇ ਜੇਰੇ ਲੈ ਕੇ ਜਿਉਂਦੇ
ਮਨਾਂ-ਮੂੰਹੀਂ ਮਾਰ ਸਹਿ ਕੇ
ਸੀ ਨਹੀਂ ਕਰਦੇ ਅਸੀਂ ...

ਇਸ ਧਰਤੀ ਦੇ ਨਾਲ
ਮੋਹ-ਤੇਹ ਹੀ
ਸਾਡੀ ਜੜ੍ਹ ਨੂੰ ਸੰਭਾਲੀ ਰੱਖਦਾ ਏ
ਲੱਖਾਂ ਵਾਰ ਪੁੱਟਿਆਂ ਗਿਆ
ਗਲ਼ਾਂ 'ਚ ਗੂੰਠੇ ਦੇ-ਦੇ ਕੇ
ਪਰ ਅਸੀਂ ਫੇਰ ਆਪਣੀ ਪੈੜ 'ਚੋਂ
ਉੱਗ ਪੈਂਦੇ ਹਾਂ
ਉਸੇ ਹੌਸਲੇ ਨਾਲ
ਤੇ ਉੱਗਦੇ ਰਹਾਂਗੇ
ਜਦੋਂ ਤਕ ਅਸੀਂ ਅਸਮਾਨ ਨੂੰ
ਚੁੰਮ ਨਹੀਂ ਲੈਂਦੇ ...।

## ਮਿੰਨੀ ਕਹਾਣੀਆਂ

### ਮਾਂ



• **ਲੱਖਾ ਧੀਮਾਨ**, 90417-36550

ਮੈਂ ਜਦੋਂ ਕਦੇ ਵੀ ਦਿਲ ਕਰਦਾ ਹੈ ਤਾਂ ਆਪਣੀ ਪਤਨੀ ਨੂੰ ਮਿਰਚ, ਨਮਕ ਪਾ ਕੇ ਪਰੌਠਾ ਬਣਾਉਣ ਲਈ ਕਹਿੰਦਾ ਹਾਂ। ਉਹ ਜਦੋਂ ਵੀ ਮੇਰੇ ਲਈ ਪਰੌਠਾ ਬਣਾਉਂਦੀ ਹੈ ਤਾਂ ਉਸ ਦੇ ਸਵਾਦ ਵਿਚ ਫ਼ਰਕ ਰਹਿ ਜਾਂਦਾ ਹੈ ਜਿਵੇਂ ਥੋੜ੍ਹਾ ਜ਼ਿਆਦਾ ਰੜ੍ਹ ਜਾਣਾ, ਮਿਰਚ-ਨਮਕ ਦਾ ਘੱਟ-ਵੱਧ ਹੋ ਜਾਣਾ ਪਰ ਮੈਂ ਖ਼ੁਸ਼ ਹੋ ਕੇ ਖਾ ਲੈਂਦਾ ਹਾਂ।

ਉਹੀ ਪਰੌਠਾ ਜਦੋਂ ਮੇਰੇ ਬੇਟੇ ਲਈ ਬਣਦਾ ਹੈ ਤਾਂ ਉਸ ਵਿੱਚੋਂ ਮੈਂ ਖਾ ਕੇ ਸੁਆਦ ਦੇਖਦਾ ਹਾਂ ਤਾਂ ਸਭ ਕੁਝ ਇਕਸਾਰ ਮਾਤਰਾ ਵਿਚ ਮਿਲਦਾ ਹੈ। ਨਾ ਜ਼ਿਆਦਾ ਕੱਚਾ, ਨਾ ਜ਼ਿਆਦਾ ਪੱਕਾ, ਨਾ ਨਮਕ ਘੱਟ ਨਾ ਵੱਧ। ਮੈਂ ਇਸ ਦਾ ਕਾਰਨ ਪਤਨੀ ਤੋਂ ਤਾਂ ਨਹੀਂ ਪੁੱਛਿਆ ਸਕਿਆ ਪਰ ਆਪਣੇ ਬੇਟੇ ਨੂੰ ਜ਼ਰੂਰ ਪੁੱਛਿਆ ਲਿਆ ਕਿ ਪੁੱਤਰ ਇਸ ਤਰ੍ਹਾਂ ਕਿਉਂ ਹੁੰਦਾ ਹੈ?

'ਪਾਪਾ, ਤੁਹਾਡੇ ਲਈ ਪਰੌਂਠਾ ਪਤਨੀ ਬਣਾਉਂਦੀ ਹੈ ਤੇ ਮੇਰੇ ਲਈ ਮਾਂ।' ਹੁਣ ਮੈਨੂੰ ਬੇਟੇ ਵਾਲਾ ਪਰੌਂਠਾ ਜ਼ਿਆਦਾ ਸਵਾਦ ਹੋਣ ਦਾ ਕਾਰਨ ਪਤਾ ਲੱਗ ਗਿਆ ਸੀ ਕਿ ਉਸ ਵਿਚ ਮਾਂ ਸ਼ਬਦ ਆਉਣ ਨਾਲ ਹੀ ਸਵਾਦ ਵਿਚ ਇੰਨਾ ਫ਼ਰਕ ਪੈ ਜਾਂਦਾ ਹੈ। •

### ਨਸ਼ਾ ਵਿਰੋਧੀ ਰੈਲੀ

ਵਿਭਾਗੀ ਹੁਕਮਾਂ ਦੇ ਮੁਤਾਬਿਕ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਨਸ਼ਾ ਵਿਰੋਧੀ ਰੈਲੀ ਕੱਢੀ ਜਾ ਰਹੀ ਸੀ। ਸੀਨੀਅਰ ਜਮਾਤ ਦੇ ਵਿਦਿਆਰਥੀਆਂ ਦੇ ਹੱਥਾਂ ਵਿਚ ਸਕੂਲ ਦੇ ਨਾਂ ਵਾਲਾ ਬੈਨਰ ਫੜਿਆ ਹੋਇਆ ਸੀ, ਜਿਸ ਉੱਪਰ ਮੋਟੀ ਲਿਖਤ ਵਿਚ ਕੁਝ ਨਸ਼ਾ ਵਿਰੋਧੀ ਨਾਅਰੇ ਲਿਖੇ ਹੋਏ ਸਨ। ਵਿਦਿਆਰਥੀ ਲੰਮੀਆਂ ਕਤਾਰਾਂ ਬਣਾ ਕੇ ਚੱਲ ਰਹੇ ਸਨ ਜਿਨ੍ਹਾਂ ਦੀ ਅਗਵਾਈ ਸਕੂਲ ਅਧਿਆਪਕਾਂ ਵੱਲੋਂ ਕੀਤੀ ਜਾ ਰਹੀ ਸੀ। ਇਨ੍ਹਾਂ ਅਧਿਆਪਕਾਂ ਵਿਚ ਇਕ ਅਧਿਆਪਕ ਆਪਣੀ ਬੁਲੰਦ ਆਵਾਜ਼ ਵਿਚ ਨਾਅਰੇ ਲਗਾ ਰਿਹਾ ਸੀ-'ਜਾਗੋ! ਜਾਗੋ!! ਨਸ਼ੇ ਤਿਆਗੋ। ਪਾਪਾ ਜੀ! ਨਾ ਪੀਓ ਸ਼ਰਾਬ, ਮੈਨੂੰ ਲੈ ਦਿਉ ਇਕ ਕਿਤਾਬ।'

ਰੈਲੀ ਵਿਚ ਸ਼ਾਮਲ ਵਿਦਿਆਰਥੀ ਵੀ ਆਪਣੇ ਮਾਸਟਰ ਜੀ ਦੇ ਨਾਅਰਿਆਂ ਦਾ ਪੂਰੇ ਜੋਸ਼ ਨਾਲ ਜਵਾਬ ਦੇ ਰਹੇ ਸਨ। ਜਦੋਂ ਮੈਂ ਰੈਲੀ ਵਿਚ ਨਾਅਰੇ ਲਗਾਉਂਦੇ ਅਧਿਆਪਕ ਦੇ ਨੇੜੇ ਜਾ ਕੇ ਦੇਖਿਆ ਤਾਂ ਇਹ ਮੇਰੇ ਪਿੰਡ ਵਾਲਾ ਪੀਟੀ ਮਾਸਟਰ ਸੀ। ਮਾਸਟਰ ਨੂੰ ਨਾਅਰੇ ਲਾਉਂਦਿਆਂ ਦੇਖ ਕੇ ਮੈਂ ਬਹੁਤ ਹੈਰਾਨ ਹੋਇਆ ਕਿਉਂਕਿ ਪਿਛਲੇ ਹਫ਼ਤੇ ਮੈਂ ਮਾਸਟਰ ਜੀ ਨੂੰ ਇਕ ਵਿਆਹ ਵਿਚ ਮਿਲਿਆ ਸੀ ਜਿੱਥੇ ਉਹ ਇਕ ਵੱਡ-ਅਕਾਰੀ ਮੇਜ਼ ਦੁਆਲੇ ਬੈਠ ਕੇ 'ਲਾਲ ਪਰੀ' ਦੇ ਵੱਡੇ-ਵੱਡੇ ਪੈੱਗ ਨਾਲੇ ਆਪ ਗਟਕ ਰਿਹਾ ਸੀ ਤੇ ਨਾਲੇ ਦੂਜਿਆਂ ਨੂੰ ਵਰਤਾ ਰਿਹਾ ਸੀ।

• **ਰਮੇਸ਼ ਬੱਗਾ ਚੋਹਲਾ**, 94631-32719

### ਅਸਲੀ ਮਾਪੇ



'ਮੇਰੇ ਤਾਂ ਆਖੇ ਨਹੀਂ ਲੱਗਦਾ ਇਹ! ਜੀ ਤੁਸੀਂ ਈ ਖਵਾ ਦਿਉ ਇਸ ਨੂੰ ਨਾਸ਼ਤਾ, ਜੇ ਖਾ ਲਵੇ ਤਾਂ।' ਮੈਂ ਆਪਣੇ ਪੁੱਤਰ ਨੂੰ ਬਦਾਮਾਂ ਵਾਲਾ ਦੁੱਧ ਪਿਆਉਣ ਤੋਂ ਬਾਅਦ ਆਲੂ ਵਾਲਾ ਪਰੌਠਾ ਲੈ ਕੇ ਉਸ ਦੇ ਪਿੱਛੇ-ਪਿੱਛੇ ਘੁੰਮਦੀ ਨੇ ਆਪਣੇ ਪਤੀ ਨੂੰ ਆਵਾਜ਼ ਦਿੱਤੀ। ਕਿਉਂਕਿ ਮੇਰਾ ਵੀ ਡਿਊਟੀ 'ਤੇ ਜਾਣ ਦਾ ਸਮਾਂ ਹੋਣ ਵਾਲਾ ਸੀ। ਮੈਂ ਕਾਹਲੀ-ਕਾਹਲੀ ਤਿਆਰ ਹੋ ਕੇ ਸਕੂਲ ਪੁੱਜੀ। ਪਹਿਲੇ ਹੀ ਪੀਰੀਅਡ ਵਿਚ ਛੇਵੀਂ ਜਮਾਤ ਦੇ ਜੰਟੇ ਦੇ ਮੁਰਝਾਏ ਹੋਏ ਚਿਹਰੇ ਦੀ ਮਾਯੂਸੀ ਦੇਖ ਕੇ ਮੈਂ ਉਸ ਨੂੰ ਕੋਲ ਬੁਲਾ ਕੇ ਇਸ ਦਾ ਕਾਰਨ ਪੁੱਛਿਆ। ਉਹ ਭੋਲੇਪਣ ਵਿਚ ਦੱਸਣ ਲੱਗਾ 'ਮੈਡਮ ਜੀ ਅੱਜ ਮਾਂ ਨੇ ਸਵੇਰੇ ਰੋਟੀ ਨਹੀਂ ਬਣਾਈ। ਕਹਿੰਦੀ ਸਕੂਲ ਵਿਚ ਮਿਲਦਾ ਤਾਂ ਹੈ ਖਾਣਾ, ਉੱਥੇ ਖਾ ਲਵੀਂ। ਘਰੇ ਆਟਾ ਹੈ ਨੀ।' ਉਹ ਕਹਿੰਦੀ ਸੀ 'ਕੰਮ 'ਤੇ ਚੱਲੀ ਆਂ। ਆਥਣ ਦੇ ਡੰਗ ਦਾ ਆਟਾ ਉਨ੍ਹਾਂ ਤੋਂ ਲੈ ਆਊਂਗੀ।' ਉਸ ਦੀ ਗੱਲ ਸੁਣ ਕੇ ਮੇਰੀਆਂ ਅੱਖਾਂ ਅੱਗੇ ਸਵੇਰ ਵਾਲਾ ਦ੍ਰਿਸ਼ ਘੁੰਮ ਗਿਆ। ਮੈਂ ਫੌਰਨ ਸੇਵਾਦਾਰ ਤੋਂ ਆਪਣਾ ਟਿਫ਼ਨ ਮੰਗਵਾ ਕੇ ਉਸ ਨੂੰ ਆਪਣਾ ਖਾਣਾ-ਖਾਣ ਲਈ ਦੇ ਦਿੱਤਾ। ਉਸ ਨੂੰ ਖਾਣਾ ਖਾਂਦਿਆਂ ਵੇਖ ਕੇ ਮੈਨੂੰ ਰੂਹਾਨੀ ਤਸੱਲੀ ਦਾ ਅਨੁਭਵ ਹੋ ਰਿਹਾ ਸੀ। ਇਸ ਲਈ ਨਹੀਂ ਕਿ ਮੈਂ ਉਸ ਨੂੰ ਆਪਣਾ ਖਾਣਾ ਦਿੱਤਾ, ਬਲਕਿ ਇਸ ਲਈ ਕਿ ਮੈਂ ਅੱਜ ਇਸ ਕਥਨ ਨੂੰ ਸੱਚ ਕੀਤਾ ਸੀ ਕਿ 'ਬੱਚਿਆਂ ਦੇ ਅਸਲੀ ਮਾਪੇ ਤਾਂ ਉਨ੍ਹਾਂ ਦੇ ਅਧਿਆਪਕ ਹੁੰਦੇ ਹਨ।'

• **ਗੁਰਪ੍ਰੀਤ ਕੌਰ 'ਚਹਿਲ'**, 90565-26703

## ਕਵਿਤਾਵਾਂ



**ਮੱਖਣ ਸ਼ੇਰੋਂ ਵਾਲਾ**
98787-98726

### ਲੋਕ ਤੱਥ

ਦਰ ਆਇਆ ਕਦੇ ਨਾ ਭਿਖਾਰੀ ਮੋੜੀਏ।
ਕਿਸੇ ਆਖੇ ਲੱਗ ਕੇ ਨਾ ਯਾਰੀ ਤੋੜੀਏ।
ਦੁਖੀ ਤੇ ਗ਼ਰੀਬਾਂ ਨੂੰ ਨਾ ਕਰੀਏ ਮਖ਼ੌਲ ਬਈ।
ਬੱਚੇ ਯਤੀਮ ਨੂੰ ਨਾ ਬੋਲੀਏ ਮੰਦੇ ਬੋਲ ਬਈ।
ਵੀਹੀ ਵਾਲੇ ਮੋੜ 'ਤੇ ਨਾ ਵਾਹਲਾ ਖੜ੍ਹੀਏ।
ਬਜ਼ੁਰਗਾਂ ਦੀ ਗੱਲ ਵਿਚ ਨਾ ਬਿਨਾਂ ਗੱਲੋਂ ਅੜੀਏ।
ਭੁੱਲ ਕੇ ਵੀ ਵਿਹੜੇ ਲੱਗਾ ਛਾਂ ਵਾਲਾ ਰੁੱਖ ਨਾ ਵੱਢੀਏ।
ਦੁੱਖ ਵੇਲੇ ਯਾਰਾ ਦਾ ਕਦੇ ਨਾ ਹੱਥ ਛੱਡੀਏ।
ਧਾਗੇ ਤੇ ਤਵੀਤਾਂ ਨਾਲ ਭਲਾ ਕਿੱਥੋਂ ਦੁੱਖ ਘਟਦੇ।
ਪਾਖੰਡੀ ਬਾਬੇ ਸਦਾ ਘਰ ਵਸਦੇ ਹੀ ਪੱਟਦੇ।
ਬਾਬਿਆਂ ਤੇ ਕਲਾਕਾਰਾਂ ਨੇ ਪੰਜਾਬ ਖਾ ਲਿਆ।
ਬਸ ਕਰ ਰਹਿਣ ਦੇ ਹੁਣ ਤੂੰ ਮੱਖਣ ਸ਼ੇਰੋਂ ਵਾਲਿਆ।

### ਮਨ



**ਸੁਰਿੰਦਰ 'ਮਾਣੂੰਕੇ ਗਿੱਲ'**
88723-21000

ਜਦ ਵੀ ਰੋਕਿਆ
ਮਨ ਨੇ ਰੋਕਿਆ
ਮਨ ਦੀਆਂ ਸਭ ਖੇਡਾਂ ਨੇ
ਮਨ ਤੋਂ ਹੀਣੇ
ਉਲਟ ਦਿਸ਼ਾਈ
ਜਿਵੇ ਬੇਪਰਵਾਹੀ ਭੇਡਾਂ ਨੇ।
ਭੇਡਾਂ ਵਾਲੇ ਅਕਲ ਤੋਂ ਅੰਨ੍ਹੇ
ਕੀ ਲਾਵਣਗੇ ਜੀਵਨ ਬੰਨੇ
ਬੰਨ੍ਹ ਮਾਰ ਕੇ ਸਮਝਣ ਗੱਲਾਂ
ਜਿਵੇਂ ਗੱਲਾਂ ਨਹੀਂ ਕੋਈ ਖੇਡਾਂ ਨੇ
ਜਦ ਵੀ ਰੋਕਿਆ
ਮਨ ਨੇ ਰੋਕਿਆ
ਮਨ ਦੀਆਂ ਸਭ ਖੇਡਾਂ ਨੇ
ਮਨ ਤੋਂ ਹੀਣੇ
ਉਲਟ ਦਿਸ਼ਾਈ
ਜਿਵੇ ਬੇਪਰਵਾਹੀ ਭੇਡਾਂ।

---

## ਨਿੱਕੀ ਕਹਾਣੀ

### ਸੇਵਾ



ਧੀਏ ਮੇਰਾ ਵੀ ਕਮਰਾ ਸਾਫ਼ ਕਰ ਦਿੰਦੀ ਅੱਜ। ਕੂੜਾ ਈ ਕੂੜਾ ਹੋਇਆ ਪਿਐ। ਮੱਛਰ ਬੜਾ ਲੜਦਾ ਰਾਤੀਂ।' ਕੋਠੀ ਦੀ ਇਕ ਨੁੱਕਰੇ ਅਲੱਗ ਬਣਾਏ ਕਮਰੇ ਵਿਚ ਬਿਮਾਰ ਪਈ ਸੀਤੋ ਨੇ ਆਪਣੀ ਨੂੰਹ ਨੂੰ ਆਵਾਜ਼ ਮਾਰ ਕੇ ਕਿਹਾ। 'ਜਦੋਂ ਵੀ ਕਿਸੇ ਸ਼ੁਭ ਕੰਮ ਲਈ ਘਰੋਂ ਨਿਕਲੋ ਇਸ ਬੁੱਢੀ ਨੂੰ ਪਿੱਛੋਂ ਆਵਾਜ਼ ਮਾਰਨ ਦੀ ਬੜੀ ਚੰਦਰੀ ਆਦਤ ਏ।' ਨੂੰਹ ਬੁੜਬੁੜਾਈ।

'ਅੱਜ ਸੰਤਾਂ ਦੇ ਡੇਰੇ ਪ੍ਰਵਚਨ ਹੋਣੇ ਨੇ ਤੇ ਬਾਬਾ ਜੀ ਨੇ ਆਪ ਸਾਡੀ ਸੇਵਾ ਲਾਈ ਐ, ਪੰਡਾਲ ਸਾਫ਼ ਕਰਨ ਦੀ। ਜੇ ਮੈਨੂੰ ਦੇਰੀ ਹੋ ਗਈ ਤਾਂ ਸੇਵਾ ਕੋਈ ਹੋਰ ਲੈ ਜੂ। ਕੰਮ ਵਾਲੀ ਦੇਖੋ ਆਉਣ ਈ ਵਾਲੀ ਐ। ਉਹਤੋਂ ਕਰਵਾ ਲਈਂ ਕਮਰਾ ਸਾਫ਼। ਕਿਤੇ ਨੀ ਭੱਜਿਆ ਜਾਂਦਾ ਤੇਰਾ ਕਮਰਾ।' ਨੂੰਹ ਨੇ ਆਪਣੀ ਦੋ-ਟੁੱਕ ਸੁਣਾ ਦਿੱਤੀ। ਬਿਮਾਰ ਸੀਤੋ ਹੁਣ ਮੰਜੇ ਤੇ ਪਈ ਸੇਵਾ ਦੇ ਅਸਲ ਅਰਥ ਤਲਾਸ਼ ਰਹੀ ਸੀ।

• **ਗੁਰਪ੍ਰੀਤ ਕੌਰ ਚਹਿਲ**
90565-26703

## ਰਾਣੋ



**ਕੁਲਵਿੰਦਰ ਕੌਰ ਬਾਂਸਲ**
87280-80508

*ਹੁਣ ਪੇਕਾ ਘਰ ਬਦਲ ਚੁੱਕਾ ਸੀ। ਭਰਾਵਾਂ ਦੇ ਵਿਆਹ ਹੋ ਗਏ ਸਨ ਤੇ ਉਹ ਆਪਣੀ-ਆਪਣੀ ਗ੍ਰਿਹਸਥੀ ਵਿਚ ਪੈ ਗਏ। ਫਿਰ ਵੀ ਉਨ੍ਹਾਂ ਦਾ ਪਿਆਰ ਰਾਣੋ ਲਈ ਘਟਿਆ ਨਹੀਂ ਸੀ। ਜੇ ਫ਼ਰਕ ਪਿਆ ਸੀ ਤਾਂ ਬਸ ਮਾਹੌਲ ਵਿਚ ਰਾਜ ਕੁਮਾਰੀਆਂ ਦੀ ਤਰ੍ਹਾਂ ਰਹਿਣ ਵਾਲੀ ਰਾਣੋ ਅੱਜ ਆਪਣੇ ਪੇਕੇ ਘਰ ਵੀ ਇਕ ਮਹਿਮਾਨ ਦੀ ਤਰ੍ਹਾਂ ਸੀ...*



ਚੜ੍ਹਦੇ ਸੂਰਜ ਦੀ ਲਾਲੀ ਜੋ ਹਰ ਇਕ ਦੀਆਂ ਅੱਖਾਂ ਨੂੰ ਸਕੂਨ ਦਿੰਦੀ ਸੀ ਤੇ ਗੁਰਦੁਆਰਾ ਸਾਹਿਬ 'ਚੋਂ ਆਉਂਦੀ ਗੁਰਬਾਣੀ ਦੀ ਧੁਨ ਸਵੇਰ ਦੀ ਹਵਾ ਵਿਚ ਰਲ ਕੇ ਪਸ਼ੂ-ਪੰਛੀਆ ਅਤੇ ਮਨੁੱਖਤਾ ਦੇ ਕੰਨਾਂ ਵਿਚ ਸਵੇਰ ਹੋਣ ਦਾ ਅਲਾਰਮ ਵਜਾ ਰਹੀ ਸੀ। ਹਰ ਕੋਈ ਸੰਗੀਤਕ ਰਾਗ ਵਿਚ ਪਤਾ ਨੀ ਕਦੋਂ ਸਵੇਰੇ-ਸਵੇਰੇ ਕੰਮ ਨਿਪਟਾ ਦਿਨ ਦੇ ਹੋਰ ਰੁਝੇਵਿਆ ਵੱਲ ਆਪਣਾ ਧਿਆਨ ਲਗਾ ਰਿਹਾ ਸੀ। ਪਰ ਜਦੋਂ ਇਨਸਾਨ ਦਾ ਚਿੱਤ ਬੁਰੀ ਤਰ੍ਹਾਂ ਕਿਸੇ ਗੱਲ ਜਾਂ ਘਟਨਾ ਤੋਂ ਝੰਜੋੜਿਆ ਗਿਆ ਹੋਵੇ ਤਾਂ ਇਹ ਅਲੌਕਿਕ ਨਜ਼ਾਰੇ ਵੀ ਉਸ ਨੂੰ ਇੰਜ ਮਹਿਸੂਸ ਹੁੰਦੇ ਹਨ ਜਿਵੇਂ ਸਾਰਾ ਵਾਤਾਵਰਨ ਉਸ ਨੂੰ ਚਿੜਾ ਰਿਹਾ ਹੋਵੇ।

ਰਾਣੋ, ਜੋ ਘਰ ਦੀ ਛੱਤ 'ਤੇ ਸੌਂ ਰਹੀ ਸੀ, ਸੌਂ ਵੀ ਕਾਹਦੀ ਰਹੀ ਸੀ ਉਸ ਨੂੰ ਪਤਾ ਈ ਨਾ ਲੱਗਦਾ ਕਿ ਦਿਨ ਰਾਤ ਦਾ ਚੱਕਰ ਕਦੋਂ ਖ਼ਤਮ ਹੋ ਜਾਂਦਾ ਸੀ।

ਕੜਕਦੀ ਧੁੱਪ ਉਸ ਦੀਆਂ ਅੱਖਾਂ ਨੂੰ ਚੁੱਭਦੀ ਤੇ ਰਾਤ ਦਾ ਸੰਨਾਟਾ ਖਾਣ ਨੂੰ ਆਉਂਦਾ। ਆਲੇ-ਦੁਆਲੇ ਚਹਿ-ਚਹਾਉਂਦੀਆਂ ਚਿੜੀਆਂ, ਬਾਂਗ ਦਿੰਦੇ ਕੁੱਕੜ ਉਸ ਨੂੰ ਚਿੜਾ ਰਹੇ ਜਾਪਦੇ ਸਨ। ਉਸ ਦੀਆਂ ਰਾਤਾਂ ਬਹੁਤ ਲੰਮੀਆਂ ਹੋਈਆਂ ਪਈਆਂ ਸਨ। ਸਵੇਰੇ ਮੰਜੇ ਦੇ ਉੱਪਰ ਜਾਗਦਿਆਂ ਡੂੰਘੀਆਂ ਸੋਚਾਂ 'ਚ ਡੁੱਬੀ ਦਾ ਦਿਲ ਉਪਰੋਂ ਲੰਘੇ ਜਹਾਜ਼ ਦੀ ਅਵਾਜ਼ ਨੇ ਝੰਜੋੜਿਆ ਤੇ ਉਹ ਆਕਾਸ਼ ਵੱਲ ਨੂੰ ਨਿਗਾਹ ਕਰ ਕੇ ਮਨ ਈ ਮਨ ਸੋਚ ਰਹੀ ਸੀ ਕਿ ਇਹ ਜਹਾਜ਼ ਵੀ ਕਿਹੋ-ਜਿਹੀ ਕਾਢ ਕੱਢੀ ਏ ਵਿਗਿਆਨੀਆਂ ਨੇ, ਇਕ ਦੇਸ਼ 'ਚੋਂ ਦੂਜੇ ਦੇਸ਼ 'ਚ ਚੁੱਕ ਕੇ ਇਨਸਾਨਾਂ ਨੂੰ ਲਿਜਾਈ ਜਾਂਦਾ ਹੈ ਤੇ ਇਹ ਪ੍ਰਦੇਸਾਂ ਨੂੰ ਜਾਣ ਵਾਲੇ ਲੋਕ ਆਪਣੇ ਦੇਸ਼ ਨੂੰ ਭੁੱਲ ਬੇਗਾਨੇ ਦੇਸ਼ਾਂ ਦੇ ਹੋ ਕੇ ਰਹਿ ਜਾਂਦੇ ਹਨ। ਸੋਚਾਂ 'ਚ ਡੁੱਬੀ ਰਾਣੋ ਨੂੰ ਆਲੇ-ਦੁਆਲੇ ਚੜ੍ਹੀ ਧੁੱਪ ਦੀ ਵੀ ਕੋਈ ਸੁੱਧ ਨਹੀਂ ਸੀ। ਪੰਜਾਂ ਭਰਾਵਾਂ ਦੀ ਇਕੱਲੀ ਛੋਟੀ ਭੈਣ ਹੋਣ ਕਰਕੇ ਉਹ ਛੋਟੇ ਹੁੰਦਿਆਂ ਤੋਂ ਹੀ ਨਿਡਰ ਤੇ ਸਾਹਸੀ ਸੀ। ਦੁਨੀਆ ਦੀ ਹਰ ਸ਼ੈਅ, ਜਿਸ ਵੱਲ ਉਂਗਲ ਕੀਤੀ ਉਸ ਨੂੰ ਮਿਲੀ। ਉਸ ਨੂੰ ਨਹੀਂ ਸੀ ਪਤਾ ਸਵਰਗ ਕਿਸ ਨੂੰ ਕਹਿੰਦੇ ਹਨ ਪਰ ਉਸ ਲਈ ਤਾਂ ਇਹ ਧਰਤੀ ਈ ਸਵਰਗ ਸੀ।

ਰਾਣੋ, ਜੋ ਆਪਣੇ ਭਰਾਵਾਂ ਤੇ ਮਾਤਾ-ਪਿਤਾ ਦੀ ਰਾਜਕੁਮਾਰੀ ਸੀ। ਆਪਣੀ ਰਾਜਕੁਮਾਰੀ ਨੂੰ ਉਹ ਰਾਜ ਕਰਦਾ ਵੇਖਣਾ ਚਾਹੁੰਦੇ ਸਨ। ਹੌਲੀ-ਹੌਲੀ ਰਾਣੋ ਵੱਡੀ ਹੁੰਦੀ ਗਈ। ਉਹ ਪੜ੍ਹਾਈ ਵਿੱਚੋਂ ਅੱਵਲ ਆਉਂਦੀ, ਉੱਚਾ ਲੰਮਾਂ ਕੱਦ ਹੱਦੋਂ ਵੱਧ ਸੋਹਣੀ, ਮੰਨੋ ਧਰਤੀ 'ਤੇ ਕੋਈ ਪਰੀ ਉਤਰ ਆਈ ਹੋਵੇ। ਗੱਲ ਕਰਨ ਦਾ ਸਲੀਕਾ ਤੇ ਬਾਣੀ ਵਿਚ ਅਦਬ, ਮਿਠਾਸ ਸਕੂਲ ਵਿਚ ਸਾਰੇ ਅਧਿਆਪਕਾਂ ਦੀ ਵੀ ਉਹ ਚਹੇਤੀ ਬਣ ਗਈ। ਉਸ ਨੂੰ ਵੱਡੀ ਹੁੰਦੀ ਵੇਖ ਘਰ 'ਚ ਉਸ ਦੇ ਰਿਸ਼ਤੇ ਦਾ ਫ਼ਿਕਰ ਪੈਣਾ ਵੀ ਸੁਭਾਵਿਕ ਸੀ। ਇਸੇ ਫ਼ਿਕਰ ਨੂੰ ਵੇਖਦਿਆਂ ਉਸ ਦੇ ਰਿਸ਼ਤੇ ਦੀਆਂ ਗੱਲਾਂ ਚੱਲਣ ਲੱਗੀਆਂ ਕਈ ਰਿਸ਼ਤੇ ਆਏ ਤੇ ਗਏ ਪਰ ਰਾਣੋ ਦੇ ਮੇਚ ਦਾ ਕੋਈ ਰਿਸ਼ਤਾ ਨਾ ਲੱਭਾ। ਆਖ਼ਰ ਉਸ ਦੀ ਸਕੂਲ ਅਧਿਆਪਕਾ ਨੇ ਉਸ ਲਈ ਇਕ ਰਿਸ਼ਤਾ ਵਿਦੇਸ਼ ਗਏ ਮੁੰਡੇ ਦਾ ਲੈ ਆਂਦਾ ਜੋ ਕਿ ਰਾਣੋ ਲਈ ਢੁਕਵਾਂ ਸੀ। ਮੁੰਡਾ ਇਕੱਲਾ ਅਤੇ ਬਾਹਰ ਗਿਆ ਹੋਇਆ ਸੀ। ਪੈਸੇ-ਧੇਲੇ ਦੀ ਵੀ ਕੋਈ ਕਮੀ ਨਹੀਂ। ਸਭ ਕੁਝ ਪੱਕਾ ਹੋ ਗਿਆ ਬਸ ਮੁਸ਼ਕਿਲ ਸੀ ਤਾਂ ਇਕ ਕਿ ਮੁੰਡਾ ਬਾਹਰੋਂ ਇੰਨੀ ਜਲਦੀ ਨਹੀਂ ਸੀ ਆ ਸਕਦਾ। ਮੁੰਡੇ ਦੇ ਪਰਿਵਾਰ ਵਾਲੇ ਬਹੁਤ ਸਾਊ ਤੇ ਨਿੱਘੇ ਸੁਭਾਅ ਦੇ ਸਨ। ਇੰਨਾ ਚੰਗਾ ਰਿਸ਼ਤਾ ਹੱਥੋਂ ਨਿਕਲ ਜਾਣ ਦੇ ਡਰੋਂ ਝੱਟ ਮੰਗਣੀ, ਪੱਟ ਵਿਆਹ ਕਰਨ ਦਾ ਫ਼ੈਸਲਾ ਕੀਤਾ ਗਿਆ। ਜਿਸ ਅਨੁਸਾਰ ਮੁੰਡਾ ਤਾਂ ਬਾਹਰੋਂ ਆ ਨਹੀ ਸੀ ਸਕਦਾ ਕਿਉਂਕਿ ਮੁੰਡਾ ਹਾਲੇ ਉੱਥੇ ਪੱਕਾ ਨਹੀਂ ਸੀ। ਇਸ ਕਰਕੇ ਇਹ ਫ਼ੈਸਲਾ ਹੋਇਆ ਕਿ ਵਿਆਹ ਮੁੰਡੇ ਦੀ ਫ਼ੋਟੋ ਨਾਲ ਈ ਕਰ ਦਿੱਤਾ ਜਾਵੇ। ਮੁੰਡੇ ਦਾ ਕੀ ਏ ਉਸ ਨੇ ਤਾਂ ਅੱਜ ਨਾ ਕੱਲ੍ਹ ਆ ਹੀ ਜਾਣਾ ਹੈ। ਰਾਣੋ ਦਾ ਵਿਆਹ ਉਸ ਦੀ ਫੋਟੋ ਨਾਲ ਕਰ ਦਿੱਤਾ ਗਿਆ। ਕਈ ਲੋਕ ਗੱਲਾਂ ਵੀ ਕਰ ਰਹੇ ਸਨ ਕਿ ਇਹ ਕਿਵੇਂ ਦਾ ਵਿਆਹ ਹੋਇਆ ਜਿਸ ਵਿਚ ਲਾੜਾ ਹੈ ਈ ਨਹੀਂ ਪਰ ਲੋਕਾਂ ਦੀ ਪਰਵਾਹ ਬਿਨਾਂ ਕੀਤੇ ਇਹ ਵਿਆਹ ਸਪੰਨ ਹੋ ਗਿਆ। ਸਮਾਂ ਬੀਤ ਦਾ ਗਿਆ। ਰਾਣੋ ਆਪਣੇ ਸਹੁਰੇ ਘਰ ਰਹਿਣ ਲੱਗੀ ਤੇ ਆਪਣੇ ਸੱਸ, ਸਹੁਰੇ ਦੀ ਸੇਵਾ ਵਿਚ ਉਸ ਨੇ ਕੋਈ ਕਸਰ ਨਾ ਛੱਡੀ, ਉਸ ਨੂੰ ਧਰਵਾਸ ਸੀ ਕਿ ਜਲਦੀ ਹੀ ਉਸ ਦਾ ਪਤੀ ਕਮਲ ਵਿਦੇਸ਼ੋਂ ਆ ਕੇ ਉਸ ਨੂੰ ਵਿਦੇਸ਼ ਨਾਲ ਲੈ ਜਾਵੇਗਾ।

ਸਮਾਂ ਬੀਤਦਾ ਗਿਆ ਪਰ ਕਮਲ ਨਾ ਆਇਆ। ਹੁਣ ਰਾਣੋ ਦੀ ਆਸ ਟੁੱਟਣ ਲੱਗੀ। ਉਸ ਦੀ ਨਿਰਾਸ਼ਾ ਨੂੰ ਵੇਖ ਕੇ ਕਮਲ ਦੇ ਮਾਤਾ-ਪਿਤਾ ਨੇ ਉਸ ਨੂੰ ਬੁਲਾ ਈ ਲਿਆ ਅਤੇ ਕਮਲ ਦੋ ਕੁ ਮਹੀਨਿਆਂ ਦੀ ਛੁੱਟੀ ਆ ਗਿਆ। ਰਾਣੋ ਦੀ ਜ਼ਿੰਦਗੀ ਵਿਚ ਬਿਨਾਂ ਸਾਵਣ ਬਹਾਰ ਆ ਗਈ ਤੇ ਉਸ ਦੀ ਜ਼ਿੰਦਗੀ ਹਰੀ-ਭਰੀ ਹੋ ਗਈ। ਹਰ ਪਾਸੇ ਸੰਗੀਤਕ ਰਸ ਉਸ ਦੇ ਕੰਨਾਂ ਨੂੰ ਸੁਣਾਈ ਦੇਣ ਲੱਗਾ। ਉਸ ਦੀ ਤਿੰਨ ਸਾਲ ਦੀ ਸਾਰੀ ਪੀੜਾ ਲੱਥ ਗਈ ਪਰ ਇਹ ਸਮਾਂ ਅੱਖ ਦੇ ਫੋਰ ਵਾਂਗ ਗੁਜ਼ਰ ਗਿਆ। ਕਮਲ ਦੇ ਵਾਪਸ ਜਾਣ ਦਾ ਸਮਾਂ ਆ ਗਿਆ। ਜਾਂਦੇ ਹੋਏ ਉਹ ਰਾਣੋ ਨੂੰ ਆਪਣੇ ਕੋਲ ਜਲਦ ਹੀ ਬੁਲਾਉਣ ਦੀ ਉਮੀਦ ਦੇ ਗਿਆ।

ਕਹਿੰਦੇ ਹਨ ਕਿ ਉਮੀਦ ਦੇ ਸਹਾਰੇ ਇਨਸਾਨ ਸਾਰੀ ਜ਼ਿੰਦਗੀ ਕੱਟ ਲੈਂਦਾ ਹੈ, ਬਸ ਉਮੀਦ ਹੋਣੀ ਚਾਹੀਦੀ ਹੈ, ਇਸ ਦੇ ਸਹਾਰੇ ਦੁਨੀਆ ਜਿਉਂਦੀ ਹੈ, ਇਹੀ ਉਮੀਦ ਰਾਣੋ ਨੂੰ ਕਮਲ ਵੱਲੋਂ ਮਿਲੀ ਸੀ। ਕਮਲ ਵਾਪਸ ਚਲਿਆ ਗਿਆ। 4 ਸਾਲ ਫਿਰ ਬੀਤ ਗਏ। ਕਮਲ ਦੇ ਮਾਂ-ਬਾਪ ਵੀ ਹੁਣ ਬਿਰਧ ਹੋ ਗਏ ਸਨ। ਸਮਾਂ ਬੀਤ ਦਾ ਗਿਆ। ਕਮਲ ਦਾ ਫੋਨ ਆਉਂਦਾ ਪਰ ਕਦੀ-ਕਦੀ ਪਰ ਉਹ ਜ਼ਿਆਦਾ ਗੱਲ ਆਪਣੇ ਮਾਂ-ਬਾਪ ਨਾਲ ਈ ਕਰਦਾ। ਤੇ ਫਿਰ ਕਮਲ ਦੇ ਪਿਤਾ ਦਾ ਦੇਹਾਂਤ ਹੋ ਗਿਆ ਪਰ ਉਸ ਨੂੰ ਆਉਣ ਲਈ ਛੁੱਟੀ ਨਾ ਮਿਲੀ ਫਿਰ ਉਸ ਦੀ ਮਾਂ ਵੀ ਚੱਲ ਵਸੀ। ਹੁਣ ਰਾਣੋ ਨੂੰ ਉਹ ਸੁੰਨਾ ਘਰ ਵੱਢ ਖਾਣ ਨੂੰ ਆਉਂਦਾ ਤੇ ਉਹ ਆਪਣੇ ਪੇਕੇ ਘਰ ਆ ਗਈ।

ਪੇਕਾ ਘਰ ਵੀ ਹੁਣ ਬਦਲ ਚੁੱਕਾ ਸੀ। ਭਰਾਵਾਂ ਦੇ ਵਿਆਹ ਹੋ ਗਏ ਸਨ ਤੇ ਉਹ ਆਪਣੀ-ਆਪਣੀ ਗ੍ਰਿਹਸਥੀ ਵਿਚ ਪੈ ਗਏ ਸਨ ਪਰ ਫਿਰ ਵੀ ਭਰਾਵਾਂ ਦਾ ਪਿਆਰ ਰਾਣੋ ਲਈ ਘਟਿਆ ਨਹੀਂ ਸੀ। ਜੇ ਫ਼ਰਕ ਪਿਆ ਸੀ ਤਾਂ ਬਸ ਮਾਹੌਲ ਵਿਚ ਰਾਜ ਕੁਮਾਰੀਆਂ ਦੀ ਤਰ੍ਹਾਂ ਰਹਿਣ ਵਾਲੀ ਰਾਣੋ ਅੱਜ ਆਪਣੇ ਪੇਕੇ ਘਰ ਵੀ ਇਕ ਮਹਿਮਾਨ ਦੀ ਤਰ੍ਹਾਂ ਮਹਿਸੂਸ ਕਰ ਰਹੀ ਸੀ। ਭਰਜਾਈਆਂ ਦੇ ਆਉਣ ਨਾਲ ਪੇਕਾ ਘਰ ਵੀ ਬੇਗਾਨਾ ਜਿਹਾ ਜਾਪ ਰਿਹਾ ਸੀ। ਮਾਂ-ਬਾਪ ਵੀ ਬੇਗ਼ਾਨੀਆਂ ਵੱਸ ਪੈ ਗਏ ਸਨ। ਕੁਝ ਸਮਾਂ ਤਾਂ ਵਧੀਆ ਨਿਕਲਿਆ ਪਰ ਹੁਣ ਪੇਕਾ ਘਰ 'ਚ ਵੀ ਘੁਸਰ-ਮੁਸਰ ਜਿਹੀ ਹੋਣ ਲੱਗ ਪਈ ਸੀ। ਰਾਣੋ ਦੀ ਪਿੱਠ ਪਿੱਛੇ ਅਜੀਬੋ-ਗ਼ਰੀਬ ਗੱਲਾਂ ਕਰਦਾ ਹਰ ਕੋਈ। ਲੋਕ ਰਾਣੋ ਨੂੰ ਅਜਿਹੇ ਸਵਾਲ ਕਰਦੇ ਕਿ ਉਸ ਨੂੰ ਸੁਣਨੇ ਵੀ ਔਖੇ ਹੋ ਜਾਂਦੇ। ਮਾਂ-ਬਾਪ ਨੂੰ ਆਪਣਾ ਦੁੱਖ ਦੱਸ ਕੇ ਉਹ ਹੋਰ ਦੁੱਖੀ ਨਹੀਂ ਸੀ ਕਰਨਾ ਚਾਹੁੰਦੀ। ਉੱਧਰੋਂ ਕਮਲ ਦਾ ਕੋਈ ਅਤਾ-ਪਤਾ ਨਹੀਂ। ਹਰ ਰੋਜ਼ ਜਹਾਜ਼ ਆਕਾਸ਼ ਵਿੱਚੋਂ ਲੰਘਦੇ, ਉਨ੍ਹਾਂ ਨੂੰ ਵੇਖ ਰਾਣੋ ਦਾ ਤ੍ਰਾਹ ਨਿਕਲ ਜਾਂਦਾ। ਉਸ ਦੀਆਂ ਅੱਖਾਂ ਦੇ ਹੰਝੂ ਮੁੱਕ ਗਏ ਤੇ ਕਮਲ ਦੀ ਉਡੀਕ ਵਿਚ ਅੱਖਾਂ ਪੱਥਰਾ ਗਈਆਂ। ਇਕ ਦਿਨ ਕਮਲ ਦੇ ਆਉਣਾ ਖ਼ਬਰ ਆਈ। ਰਾਣੋ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਮਨ ਹੀ ਮਨ ਰਾਣੋ ਨੇ ਫ਼ੈਸਲਾ ਕੀਤਾ ਕਿ ਹੁਣ ਜਦੋਂ ਕਮਲ ਇੱਥੇ ਆਵੇਗਾ ਤਾਂ ਉਸ ਨੂੰ ਵਾਪਸ ਤਾਂ ਹੀ ਜਾਣ ਦੇਵੇਂਗੀ ਜੇਕਰ ਉਸ ਨੂੰ ਨਾਲ ਲੈ ਕੇ ਜਾਵੇਗਾ, ਨਹੀ ਤਾਂ ਉਸ ਨੂੰ ਵਾਪਸ ਨਹੀਂ ਜਾਣ ਦੇਵੇਂਗੀ।

ਕਮਲ ਆ ਗਿਆ, ਸਾਰੇ ਗਿਲੇ-ਸ਼ਿਕਵੇ ਹੋਣ ਤੋਂ ਬਾਅਦ ਉਸ ਨੇ ਰਾਣੋ ਨੂੰ ਦਿਲਾਸਾ ਦਿੱਤਾ ਕਿ ਮੈਨੂੰ ਛੁੱਟੀ ਨਹੀ ਸੀ ਮਿਲੀ ਇਸ ਕਾਰਨ ਮੈਂ ਇੰਨਾਂ ਸਮਾਂ ਨਹੀਂ ਆ ਸਕਿਆ।

# ਰੱਬ ਦਾ ਭਾਣਾ

ਮੋਨਿਕਾ ਗੋਇਲ

ਸਭ ਤੋਂ ਉੱਚਾ ਦਰ ਤੇਰਾ,
ਹੋਰ ਦਰਵਾਜੇ ਅਸੀਂ ਲੰਘਣਾ ਨਹੀਂ...
ਤੂੰ ਦਾਤਾ ਨਾ ਖਾਲੀ ਮੋੜੀਂ, ਕੁਝ ਹੋਰ ਕਿਸੇ ਕੋਲੋਂ ਮੰਗਣਾ ਨਹੀਂ...

ਰੱਬ ਦਾ ਭਾਣਾ ਅਸੀਂ ਸਾਰੇ ਮੰਨਦੇ ਹਾਂ। ਸਾਇੰਸ ਨੇ ਭਾਵੇਂ ਕਿੰਨੀ ਤਰੱਕੀ ਕਰ ਲਈ ਹੋਵੇ ਪਰ ਕੋਈ ਸ਼ਕਤੀ ਹੈ ਜੋ ਸੰਸਾਰ ਨੂੰ ਚਲਾ ਰਹੀ ਹੈ। ਇਹੀ ਸ਼ਕਤੀ ਰੱਬ ਜਾਂ ਪਰਮਾਤਮਾ ਹੈ। ਉਸ ਅੱਗੇ ਸਾਰੀ ਸ਼ਕਤੀਆਂ ਫੇਲ੍ਹ ਹਨ। ਗ਼ਰੀਬ ਹੋਵੇ ਜਾਂ ਅਮੀਰ, ਸਭ ਉਸ ਦੇ ਦਰ 'ਤੇ ਮੱਥਾ ਟੇਕਦੇ ਤੇ ਅਰਦਾਸਾਂ ਕਰਦੇ ਹਨ। ਉਸ ਅਜ਼ੀਮ ਸ਼ਕਤੀ ਦੇ ਹੱਥ ਸਾਰਿਆਂ ਦੀ ਡੋਰ ਹੈ। ਕਈ ਵਾਰ ਅਸੀਂ ਸੋਚਦੇ ਕੁਝ ਹੋਰ ਹਾਂ ਤੇ ਹੁੰਦਾ ਕੁਝ ਹੋਰ ਹੈ। ਜਿਸ ਕਾਰਨ ਮਨ 'ਚ ਤਣਾਅ ਪੈਦਾ ਹੋ ਜਾਂਦਾ ਹੈ। ਜੇ ਅਸੀਂ ਰੱਬ ਦਾ ਭਾਣਾ ਸਵੀਕਾਰ ਕਰ ਲਈਏ ਤਾਂ ਇਹ ਤਣਾਅ ਕੁਝ ਮਿੰਟਾਂ ਵਿਚ ਹੀ ਖ਼ਤਮ ਹੋ ਜਾਂਦਾ ਹੈ।

ਬਹੁਤ ਸਾਰੀਆਂ ਉਦਾਹਰਣਾਂ ਇਤਿਹਾਸ 'ਚ ਦਰਜ ਹਨ ਜਿਨ੍ਹਾਂ ਤੋਂ ਪਰਮਾਤਮਾ ਦੀ ਸ਼ਕਤੀ ਦਾ ਪਤਾ ਚੱਲਦਾ ਹੈ। ਰੱਬ ਦਾ ਨਾਂ ਲੈਣ ਨਾਲ ਬੰਦਾ ਕਈ ਗ਼ਲਤ ਕੰਮਾਂ ਤੋਂ ਬਚ ਜਾਂਦਾ ਹੈ। ਪੂਜਾ-ਪਾਠ ਕਰਨ ਵਾਲੇ ਬੰਦੇ ਦੇ ਚਿਹਰੇ 'ਤੇ ਵੱਖਰਾ ਹੀ ਨੂਰ ਹੁੰਦਾ ਹੈ। ਜਦੋਂ ਅਸੀਂ ਰੱਬ ਨਾਲ ਜੁੜਦੇ ਹਾਂ ਤਾਂ ਇਕ ਵੱਖਰੀ ਸ਼ਕਤੀ ਦਾ ਅਹਿਸਾਸ ਹੁੰਦਾ ਹੈ। ਚਿੰਤਾਵਾਂ ਤੇ ਫ਼ਿਕਰ ਮੁੱਕ ਜਾਂਦੇ ਹਨ ਤੇ ਸਾਰੇ ਡਰ ਖ਼ਤਮ ਹੋ ਜਾਂਦੇ ਹਨ। ਵਿਗੜੇ ਕੰਮ ਸੰਵਰਨ ਲਗਦੇ ਹਨ। ਇਕ ਪਰਮ ਸ਼ਾਂਤੀ ਤੇ ਆਨੰਦ ਦਾ ਅਹਿਸਾਸ ਹਰ ਪਲ ਹੁੰਦਾ ਹੈ ਤੇ ਸਾਨੂੰ ਪਰੇਸ਼ਾਨੀਆਂ ਦੀ ਥਾਂ ਸਕੂਨ ਦਾ ਅਹਿਸਾਸ ਪ੍ਰਾਪਤ ਹੋਣ ਲਗਦਾ ਹੈ।

ਬਿਨਾਂ ਸ਼ੱਕ ਇਨਸਾਨ ਅਨੰਤ ਸ਼ਕਤੀਆਂ ਦਾ ਸਵਾਮੀ ਹੈ ਪਰ ਇਸ ਤੋਂ ਵੀ ਵੱਡੀ ਸ਼ਕਤੀ ਪਰਮਾਤਮਾ ਦੀ ਹੈ, ਜੋ ਪਲ ਵਿਚ ਕਿਸੇ ਨੂੰ ਵੀ ਅਰਸ਼ ਤੋਂ ਫਰਸ਼ ਤੇ ਫਰਸ਼ ਤੋਂ ਅਰਸ਼ 'ਤੇ ਲੈ ਜਾਂਦੀ ਹੈ। ਕੋਈ ਇਨਸਾਨ ਉਸ ਪਰਮਾਤਮਾ ਤੋਂ ਵੱਡਾ ਨਹੀਂ ਹੈ। ਅਜਿਹੇ ਲੋਕਾਂ ਦਾ ਅੰਤ ਨਿਸ਼ਚਿਤ ਹੈ, ਭਾਵੇਂ ਦੇਰ ਨਾਲ ਹੀ ਸਹੀ। ਸਵਰਗ-ਨਰਕ ਇਥੇ ਹੀ ਹਨ। ਸਭ ਨੇ ਆਪਣੀ ਜ਼ਿੰਦਗੀ 'ਚ ਜੋ ਚੰਗੇ ਜਾਂ ਮਾੜੇ ਕੰਮ ਕੀਤੇ ਹਨ, ਉਨ੍ਹਾਂ ਦਾ ਫਲ ਇਸ ਜਨਮ ਵਿਚ ਭੋਗ ਕੇ ਹੀ ਜਾਣਾ ਹੈ। ਇਤਿਹਾਸ ਗਵਾਹ ਹੈ ਕਿ ਜਿਨ੍ਹਾਂ ਨੇ ਆਪਣੇ ਆਪ ਨੂੰ ਪਰਮਾਤਮਾ ਤੋਂ ਵੱਡਾ ਸਮਝ ਕੇ ਨਿਤਾਣਿਆਂ ਉੱਪਰ ਜ਼ੁਲਮ ਕੀਤੇ ਉਨ੍ਹਾਂ ਦਾ ਆਖ਼ਰ ਦੁਖਦਾਈ ਅੰਤ ਹੋਇਆ।

ਇਹ ਸੱਚ ਹੈ ਕਿ ਜੇ ਉਹ ਅਜ਼ੀਮ ਸ਼ਕਤੀ ਸਾਡੇ ਨਾਲ ਹੈ ਤਾਂ ਅਸੀਂ ਜਿੱਤਾਂਗੇ ਜ਼ਰੂਰ। ਜ਼ਰੂਰਤ ਹੈ ਉਸ ਪਰਮਾਤਮਾ ਦੇ ਫ਼ੈਸਲੇ ਨੂੰ ਮੰਨਣ ਦੀ ਤੇ ਇਹ ਸਮਝਣ ਦੀ ਕਿ ਉਸ ਪਰਮਾਤਮਾ ਦਾ ਫ਼ੈਸਲਾ ਸਾਡੇ ਲਈ ਕਦੇ ਗ਼ਲਤ ਨਹੀਂ ਹੋ ਸਕਦਾ। ਪਰਮਾਤਮਾ ਸਾਡੇ ਨਾਲ ਹੈ। ਅਸੀਂ ਇਕੱਲੇ ਨਹੀਂ ਹਾਂ, ਇਸ ਵਿਚਾਰ ਨੂੰ ਅਸੀ ਜਿੰਨਾਂ ਆਪਣੀ ਜ਼ਿੰਦਗੀ ਵਿਚ ਅਮਲ 'ਚ ਲਿਆਵਾਂਗੇ, ਓਨਾ ਹੀ ਸਾਡੇ ਵਿਚਾਰਾਂ ਦੀ ਸ਼ੁੱਧਤਾ ਵਧਦੀ ਜਾਵੇਗੀ ਤੇ ਅਸੀਂ ਇਕ ਵਧੀਆ ਜ਼ਿੰਦਗੀ ਜੀ ਸਕਾਂਗੇ। ਤੇਰੇ ਬਿਨਾਂ ਆਸ ਕਿਤੇ ਹੋਰ 'ਤੇ ਨਾ ਧਰਾਂ

**ਏਨਾ ਸਬਰ ਬਖ਼ਸ਼ੀਂ ਮਾਲਕਾ**
**ਕਿ ਮੈਂ ਸ਼ਿਕਵਾ ਨਹੀਂ**
**ਸਦਾ ਤੇਰਾ ਸ਼ੁਕਰਾਨਾ ਹੀ ਕਰਾਂ।** •

98729-92117



# ਰਾਗ ਨਾਦ ਸਬਦਿ ਸੋਹਣੇ 12

ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ, 'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥' ਭਾਵ ਉਹੀ ਰਾਗ ਸਫਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 12ਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਟੋਡੀ' ਬਾਰੇ...



## ਰਾਗ ਟੋਡੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਗੁਰਬਾਣੀ ਨੂੰ ਰਾਗ ਤਰਤੀਬ ਦਿੰਦੇ ਹੋਏ ਰਾਗ ਟੋਡੀ ਨੂੰ ਬਾਰਵ੍ਹੇਂ ਸਥਾਨ 'ਤੇ ਰੱਖਿਆ ਹੈ। ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 711 ਤੋਂ ਲੈ ਕੇ ਪੰਨਾ ਨੰਬਰ 718 ਤਕ ਇਹ ਸੁਸ਼ੋਭਿਤ ਹੈ। ਕੇਵਲ ਅੱਠ ਪੰਨਿਆ ਉੱਪਰ ਦਰਜ ਇਸ ਰਾਗ ਵਿਚ ਗੁਰੂ ਸਾਹਿਬਾਨਾਂ ਵੱਲੋਂ ਉਚਾਰੀ ਗਈ ਬਾਣੀ 'ਚੋਂ ਗੁਰੂ ਰਾਮਦਾਸ ਜੀ ਦਾ ਇਕ ਸ਼ਬਦ, ਗੁਰੂ ਅਰਜਨ ਦੇਵ ਜੀ ਦੇ 30 ਸ਼ਬਦ ਅਤੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦਾ ਇਕ ਸ਼ਬਦ ਮਿਲਾ ਕੇ ਕੁੱਲ 32 ਸ਼ਬਦ ਦਰਜ ਹਨ। ਇਸ ਤੋਂ ਇਲਾਵਾ ਭਗਤ ਨਾਮਦੇਵ ਜੀ ਦੇ ਉਚਾਰਣ ਕੀਤੇ ਹੋਏ ਤਿੰਨ ਸ਼ਬਦ ਰਾਗ ਟੋਡੀ ਦੇ ਅੰਤਰਗਤ ਆਉਂਦੇ ਹਨ।

ਇਤਿਹਾਸਕ ਤੇ ਸੰਗੀਤਕ ਪੱਖ ਤੋਂ ਇਸ ਰਾਗ ਦਾ ਟੋਡੀ ਰਾਗ ਦੇ ਨਾਂ ਵਜੋਂ ਬਹੁਤਾ ਜ਼ਿਕਰ ਨਹੀਂ ਮਿਲਦਾ, ਹਾਲਾਂਕਿ ਰਾਗ ਤੋੜੀ ਦਾ ਕਈ ਪ੍ਰਾਚੀਨ ਸੰਗੀਤਕ ਗ੍ਰੰਥਾਂ ਵਿਚ ਵੇਰਵਾ ਉਪਲਬਧ ਹੈ। ਇਸ ਦੇ ਨਾਲ ਹੀ ਇਸ ਰਾਗ ਨੂੰ ਗੰਭੀਰ ਪ੍ਰਕਿਰਤੀ ਦਾ ਰਾਗ ਮੰਨਿਆ ਗਿਆ ਹੈ। ਰਾਗ ਟੋਡੀ ਦੇ ਮਿਸ਼ਰਨ ਨਾਲ ਕਈ ਕਿਸਮਾਂ ਦੇ ਰਾਗ ਹੋਂਦ ਵਿਚ ਆਏ ਹਨ। ਇਹ ਬੜੇ ਸਰਲ ਅਤੇ ਮਧੁਰ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਇਹ ਇਕ ਸੁਤੰਤਰ ਰਾਗ ਹੈ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਟੋਡੀ ਠਾਟ ਦੀ ਸੰਪੂਰਣ ਰਾਗਣੀ ਹੈ। ਰਿਸ਼ਭ ਗਾਂਧਾਰ ਧੈਵਤ ਕੋਮਲ, ਮੱਧਮ ਤੀਵਰ ਅਤੇ ਬਾਕੀ ਸੁਰ ਸ਼ੁੱਧ ਹਨ। ਧੈਵਤ ਵਾਦੀ ਅਤੇ ਗੰਧਾਰ ਸੰਵਾਦੀ ਹੈ। ਗਾਉਣ ਦਾ ਵੇਲਾ ਦਿਨ ਦਾ ਦੂਜਾ ਪਹਿਰ ਹੈ। •

98150-24920

# ਅਰਸ਼-ਏ-ਮੁਅੱਲਾ



ਅਰਸ਼-ਏ-ਮੁਅੱਲਾ ਜਾਂ ਅਰਸ਼-ਏ-ਆਜ਼ਮ ਉਸ ਅਸਮਾਨ ਨੂੰ ਕਹਿੰਦੇ ਹਨ, ਜਿਸ ਨੇ ਸਾਰੇ ਅਸਮਾਨਾਂ ਨੂੰ ਘੇਰੇ ਵਿਚ ਲਿਆ ਹੋਇਆ ਹੈ। ਇਸਲਾਮੀ ਵਿਸ਼ਵਾਸ ਮੁਤਾਬਿਕ ਅਰਸ਼-ਏ-ਆਜ਼ਮ ਉੱਤੇ ਖ਼ੁਦਾ ਦਾ ਤਖ਼ਤ ਹੈ। ਕੁਰਆਨ ਮਜੀਦ ਵਿਚ ਜ਼ਮੀਨ ਅਤੇ ਅਸਮਾਨਾਂ ਦਾ ਜ਼ਿਕਰ ਅਕਸਰ ਆਉਂਦਾ ਹੈ, ਇਕ ਅਸਮਾਨ ਦਾ ਨਹੀਂ। ਇਸਲਾਮੀ ਸ਼ਰੀਅਤ ਮੁਤਾਬਿਕ ਸ਼ਬੇ-ਮੇਅਰਾਜ ਨੂੰ ਹਜ਼ਰਤ ਮੁਹੰਮਦ ਸਾਹਿਬ ਨੂੰ ਅੱਲਾਹ ਪਾਕ ਨੇ ਮਿਲਣ ਲਈ ਅਰਸ਼-ਏ-ਮੁਅੱਲਾ ਉੱਪਰ ਬੁਲਾਇਆ ਸੀ ਤਾਂ ਆਪ ਵੱਖ-ਵੱਖ ਅਸਮਾਨਾਂ ਨੂੰ ਲੰਘ ਕੇ ਅਰਸ਼-ਏ-ਆਜ਼ਮ 'ਤੇ ਪੁਹੁੰਚੇ ਸਨ। ਵੱਖ-ਵੱਖ ਅਸਮਾਨਾਂ ਉੱਪਰ ਪਹਿਲਾਂ ਹੋ ਚੁੱਕੇ ਨਬੀਆਂ ਨੂੰ ਵੀ ਮਿਲੇ ਸਨ। ਅਰਸ਼-ਏ-ਆਜ਼ਮ ਉੱਤੇ ਉਨ੍ਹਾਂ ਦੀ ਖ਼ੁਦਾ ਨਾਲ ਮੁਲਾਕਾਤ ਹੋਈ ਅਤੇ ਵਾਰਤਾਲਾਪ ਵੀ ਹੋਈ। ਕੁਰਆਨ ਮਜੀਦ ਦੀ ਸੂਰਹਾ ਅਲ-ਆਰਾਫ਼ ਦੀ ਆਇਤ ਨੰਬਰ 54 ਵਿਚ ਜ਼ਿਕਰ ਹੈ ਕਿ ਅੱਲਾਹ ਨੇ ਅਸਮਾਨਾਂ ਅਤੇ ਧਰਤੀ ਨੂੰ ਛੇ ਦਿਨਾਂ ਵਿਚ ਸਾਜਿਆ ਅਤੇ ਫਿਰ ਅਰਸ਼-ਏ-ਆਜ਼ਮ ਉੱਪਰ ਆਪਣੇ 'ਤੇ ਤਖ਼ਤ 'ਤੇ ਬਿਰਾਜਮਾਨ ਹੋਇਆ। ਪੰਜਾਬੀ ਸੂਫ਼ੀ ਦਰਵੇਸ਼ਾਂ ਨੇ ਆਪਣੇ ਕਲਾਮ ਵਿਚ ਅਰਸ਼-ਏ-ਆਜ਼ਮ ਨੂੰ ਅਰਸ਼-ਏ-ਮੁਅੱਲਾ ਵੀ ਕਿਹਾ ਹੈ। ਅਰਸ਼-ਏ-ਆਜ਼ਮ ਦਾ ਇਕ ਅਰਥ 'ਅੱਲਾਹ ਦਾ ਤਖ਼ਤ' ਵੀ ਲਿਆ ਜਾਂਦਾ ਹੈ। ਕੁਰਆਨ ਮਜੀਦ ਦੀ ਸੂਰਹਾ ਅਤ-ਤੌਬਾ ਦੀ ਆਖ਼ਰੀ ਆਇਤ ਵਿਚ ਜ਼ਿਕਰ ਆਇਆ ਹੈ ਕਿ ਅੱਲਾਹ ਤੋਂ ਸਿਵਾ ਕੋਈ ਇਸ਼ਟ ਨਹੀਂ ਹੈ ਅਤੇ ਇਹ ਮਹਾਨ ਅਰਸ਼ ਦਾ ਮਾਲਕ ਹੈ।

• ਪ੍ਰੋ. ਗੁਰਚਰਨ ਸਿੰਘ ਤਲਵਾੜਾ
94634-63193

# ਪੁਰਾਤਨ ਕੀਰਤਨ ਸ਼ੈਲੀ ਨੂੰ ਸੰਭਾਲਣ ਦੀ ਲੋੜ

ਤੀਰਥ ਸਿੰਘ ਢਿੱਲੋਂ



ਭਗਤੀ ਦੇ ਸਭ ਪੜਾਵਾਂ ਤੇ ਜੁਗਤੀਆਂ ਵਿੱਚੋਂ ਗੁਰੂ ਸਾਹਿਬਾਨ ਨੇ ਕੀਰਤਨ ਕਰਨ ਤੇ ਸੁਣਨ ਨੂੰ ਪ੍ਰਧਾਨਤਾ ਦਿੱਤੀ ਹੈ :

**ਕਲਜੁਗ ਮਹਿ ਕੀਰਤਨ ਪ੍ਰਧਾਨਾ॥**
**ਗੁਰਮੁਖ ਜਪੀਐ ਲਾਇ ਧਿਆਨਾ॥**

ਜਿਸ ਥਾਂ ਰੱਬੀ ਬਾਣੀ ਦਾ ਕੀਰਤਨ ਹੁੰਦਾ ਹੈ ਜਾਂ ਪਰਮਾਤਮਾ ਦੀ ਉਸਤਤ, ਗਾਇਨ ਕੀਤਾ ਜਾਂਦਾ ਹੈ, ਉਹ ਅਸਥਾਨ ਬੈਕੁੰਠ ਬਣ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਜਦੋਂ ਵਿਸ਼ੇ-ਵਿਕਾਰਾਂ 'ਚ ਸੜਦੇ ਸੰਸਾਰ ਨੂੰ ਰੂਹਾਨੀ ਸੀਤਲਤਾ ਪ੍ਰਦਾਨ ਕਰਨ ਹਿੱਤ ਚਾਰ ਉਦਾਸੀਆਂ ਲਈ ਰਵਾਨਾ ਹੋਏ ਤਾਂ ਉਨ੍ਹਾਂ ਦੇ ਨਾਲ ਭਾਈ ਬਾਲਾ ਤੇ ਭਾਈ ਮਰਦਾਨਾ ਸਨ। ਭਾਈ ਮਰਦਾਨਾ ਰਬਾਬ ਛੇੜਦੇ ਤੇ ਗੁਰੂ ਸਾਹਿਬ ਕੀਰਤਨ ਗਾਇਨ ਕਰਦੇ। ਸਤਿਗੁਰਾਂ ਦੀ ਰਸ ਗੁੱਝੀ ਆਵਾਜ਼ ਤੇ ਭਾਈ ਮਰਦਾਨੇ ਦੀ 'ਤੂੰ ਤੂੰ' ਕਰਦੀ ਰਬਾਬ ਦੀ ਟੁਣਕਾਰ ਨਾਲ ਅਜਿਹਾ ਆਲੌਕਿਕ ਸਮਾਂ ਬੱਝਦਾ ਕਿ ਸਰੋਤੇ ਵਿਸਮਾਦ ਵਿਚ ਆ ਕੇ ਪ੍ਰਭੂ ਧਿਆਨ 'ਚ ਲੀਨ ਹੋ ਜਾਂਦੇ। ਇਹ ਕੀਰਤਨ ਦਾ ਅਸਰ ਹੀ ਸੀ ਕਿ ਸੱਜਣ ਵਰਗੇ ਠੱਗ, ਨੂਰਸ਼ਾਹ ਵਰਗੀਆਂ ਜਾਦੂਗਰਨੀਆਂ ਤੇ ਵਲੀ ਕੰਧਾਰੀ ਵਰਗੇ ਹੰਕਾਰੀ ਵੀ ਨੇਕ ਤੇ ਕਾਮਿਲ ਇਨਸਾਨ ਬਣ ਗਏ। ਗੁਰੂ ਜੀ ਨੇ ਲੋਕਾਈ ਨੂੰ ਪ੍ਰਭੂ ਚਰਨਾਂ ਨਾਲ ਜੋੜਨ ਲਈ ਕੀਰਤਨ ਨੂੰ ਮਾਧਿਅਮ ਬਣਾਇਆ। ਗੁਰੂ ਸਾਹਿਬ ਦੀ ਸ਼ਾਹਕਾਰ ਰਚਨਾ ਜਪੁਜੀ ਸਾਹਿਬ ਨੂੰ ਛੱਡ ਕੇ ਸਾਰੀ ਬਾਣੀ ਰਾਗਾਂ 'ਚ ਹੈ। ਬਾਕੀ ਪੰਜ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਵੀ ਰਾਗਾਂ ਵਿਚ ਦਰਜ ਹੈ।

ਇਸ ਪਰੰਪਰਾ ਨੂੰ ਅੱਗੇ ਤੋਰਦਿਆਂ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਖ਼ੁਦ ਸਾਰੰਦੇ ਸਾਜ਼ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਦੀ ਸੇਵਾ ਨਿਭਾਈ। ਗੁਰੂ ਹਰਗੋਬਿੰਦ ਸਾਹਿਬ ਨੇ ਢਾਡੀ ਪਰੰਪਰਾ ਦੀ ਸ਼ੁਰੂਆਤ ਕੀਤੀ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਰਾਗ ਸੰਗੀਤ ਦੇ ਵੱਡੇ ਗਿਆਤਾ ਤੇ ਮਹਾਨ ਕੀਰਤਨਕਾਰ ਸਨ। ਉਨ੍ਹਾਂ ਨੇ 'ਤਾਊਸ' ਸਾਜ਼ ਈਜਾਦ ਕੀਤਾ। ਉਨ੍ਹਾਂ ਨੇ ਸੰਗੀਤਕ ਵੰਨਗੀਆਂ 'ਹੋਰੀ' ਤੇ 'ਤਰਾਨਾ' ਦੀਆਂ ਬੰਦਿਸ਼ਾਂ ਬਣਾਈਆਂ ਤੇ ਮਹਾਨ ਰਚਨਾ 'ਮਿੱਤਰ ਪਿਆਰੇ ਨੂੰ' 'ਖ਼ਿਆਲ' ਅੰਗ ਵਿਚ ਰਚੀ।

ਗੁਰੂ ਕਾਲ ਤੋਂ ਦੇਸ਼ ਦੀ ਵੰਡ ਤਕ ਪੰਥ 'ਚ ਰਬਾਬੀਆਂ ਦਾ ਬੜਾ ਸਤਿਕਾਰ ਸੀ। ਭਾਈ ਸੱਤਾ ਬਲਵੰਡ, ਭਾਈ ਚਾਂਦ, ਭਾਈ ਅਰੂੜਾ, ਭਾਈ ਮਹਿਤਾਬ, ਭਾਈ ਦੇਸਾ ਤੇ ਭਾਈ ਲਾਲ ਜੀ ਨਾਮਵਰ ਰਾਗੀ ਹੋਏ ਹਨ, ਜਿਨ੍ਹਾਂ ਨੇ ਲੰਮਾ ਸਮਾਂ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਦੀ ਸੇਵਾ ਕੀਤੀ। ਭਾਈ ਲਾਲ (ਛੋਟੇ) ਕੁਝ ਸਮਾਂ ਪਹਿਲਾਂ ਵਿਛੋੜਾ ਦੇ ਗਏ ਹਨ। ਮੰਦੇਭਾਗੀਂ ਕੁਝ ਕਾਰਨਾਂ ਕਰਕੇ ਰਬਾਬੀਆਂ ਦੀ ਗਿਣਤੀ ਉਂਗਲਾਂ 'ਤੇ ਗਿਣਨ ਜੋਗੀ ਰਹਿ ਗਈ ਹੈ। ਰਬਾਬੀਆਂ ਤੋਂ ਇਲਾਵਾ ਪੁਰਾਣੇ ਸਮੇਂ ਵਿਚ ਭਾਈ ਹੀਰਾ ਸਿੰਘ, ਭਾਈ ਜਵਾਲਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਗਿਆਨ ਸਿੰਘ ਅਲਮਸਤ, ਉਸਤਾਦ ਦਰਸ਼ਨ ਸਿੰਘ ਕੋਮਲ, ਉੱਤਮ ਸਿੰਘ ਪਤੰਗ, ਭਾਈ ਧਰਮ ਸਿੰਘ ਜ਼ਖ਼ਮੀ, ਸੰਤ ਸਰਵਣ ਸਿੰਘ ਗੰਧਰਵ (ਡਮੇਲੀ), ਭਾਈ ਬਖ਼ਸ਼ੀਸ਼ ਸਿੰਘ, ਭਾਈ ਹਰੀ ਸਿੰਘ, ਸੰਤ ਸੁਜਾਨ ਸਿੰਘ, ਭਾਈ ਬਹਾਦਰ ਸਿੰਘ, ਭਾਈ ਪੂਰਨ ਸਿੰਘ, ਭਾਈ ਪਿਆਰਾ ਸਿੰਘ, ਭਾਈ ਬਲਬੀਰ ਸਿੰਘ ਤੇ ਪ੍ਰੋਫੈਸਰ ਹਰਚੰਦ ਸਿੰਘ (ਲੁਧਿਆਣਾ) ਨੇ ਲੰਮਾ ਸਮਾਂ ਰਾਗਬੱਧ ਸ਼ੈਲੀ ਰਾਹੀਂ ਕੀਰਤਨ ਦੀ ਸੇਵਾ ਕੀਤੀ। ਸੰਤ ਸਰਵਣ ਸਿੰਘ, ਪ੍ਰੋ. ਕਰਤਾਰ ਸਿੰਘ ਲੁਧਿਆਣਾ, ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ (ਦਿੱਲੀ) ਨੇ ਕੀਰਤਨ ਬਾਰੇ ਵਡਮੁੱਲੀਆਂ ਪੁਸਤਕਾਂ ਲਿਖੀਆਂ। ਕੀਰਤਨ ਦੇ ਮਹਾਨ ਗਿਆਤਾ ਡਾ. ਗੁਰਨਾਮ ਸਿੰਘ ਪਟਿਆਲਾ ਨੇ ਬਹੁਮੁੱਲੇ ਖੋਜ ਕਾਰਜ ਕੀਤੇ।



ਗੁਰੂ ਗ੍ਰੰਥ ਸਾਹਿਬ, ਵਿਸ਼ਵ ਦਾ ਇੱਕੋ-ਇਕ ਗ੍ਰੰਥ ਹੈ, ਜਿਹੜਾ ਰਾਗ-ਆਧਾਰਿਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁੱਲ 31 ਰਾਗ ਹਨ। ਗਉੜੀ ਰਾਗ ਦੇ ਅੱਠ ਪ੍ਰਕਾਰ ਹਨ। ਮਾਝ ਰਾਗ ਸਿਰਫ਼ ਗੁਰੂ ਗ੍ਰੰਥ ਸਾਹਿਬ ਵਿਚ ਹੈ। ਇਸ ਦੀ ਈਜਾਦ ਗੁਰੂ ਅਰਜਨ ਦੇਵ ਜੀ ਨੇ ਕੀਤੀ। ਰਾਗ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਗੁਰਬਾਣੀ ਦਾ ਫ਼ੁਰਮਾਨ ਹੈ :

**ਰਾਗ ਰਤਨ ਪਰਵਾਰ ਪਰੀਆ।**
**ਸਬਦ ਗਾਵਣ ਆਈਆ॥**

ਭਾਰਤ ਤੇ ਖ਼ਾਸਕਰ ਪੰਜਾਬ 'ਚ ਕੀਰਤਨ ਦਰਬਾਰਾਂ ਦੀ ਪਰੰਪਰਾ 60ਵਿਆਂ ਵਿਚ ਸ਼ੁਰੂ ਹੋਈ। ਸ੍ਰੀ ਦਰਬਾਰ ਸਾਹਿਬ ਦੇ ਦੀਵਾਨ ਹਾਲ ਮੰਜੀ ਸਾਹਿਬ ਵਿਚ ਉੱਚ ਕੋਟੀ ਦਾ ਕੀਰਤਨ ਦਰਬਾਰ ਹੁੰਦਾ ਆ ਰਿਹਾ ਹੈ ਪਰ ਜਿਥੇ ਸੰਗੀਤ ਦੇ ਹੋਰਨਾਂ ਖੇਤਰਾਂ 'ਚ ਤਬਦੀਲੀਆਂ ਆਈਆਂ ਹਨ, ਉੱਥੇ ਗੁਰਬਾਣੀ ਕੀਰਤਨ ਦੇ ਖੇਤਰ ਵਿਚ ਵੀ ਵੀਡੀਓ ਐਲਬਮ ਸਭਿਆਚਾਰ ਤੇ ਹੋਰ ਕਾਰਨਾਂ ਕਰਕੇ ਮੋੜਾ ਆਇਆ ਹੈ। ਪ੍ਰਸਿੱਧ ਤਰਜ਼ਾਂ ਤੇ ਇੱਕੋ ਹੀ ਤਾਲ (ਕਹਿਰਵਾ) ਉੱਤੇ ਸਮੁੱਚਾ ਕੀਰਤਨ ਹੋਣ ਲੱਗ ਪਿਆ ਹੈ। ਮੋਬਾਈਲ ਮੂਹਰੇ ਰੱਖ ਕੇ ਸ਼ਬਦ ਪੜ੍ਹਨ ਦੀ ਪਿਰਤ ਚੱਲ ਪਈ ਹੈ। ਕਈ ਰਾਗੀ ਜਥੇ ਹਰ ਥਾਂ ਕੁਝ ਚੋਣਵੇਂ ਸ਼ਬਦ ਹੀ ਗਾਉਂਦੇ ਹਨ।

> **ਗੁਰੂ ਗ੍ਰੰਥ ਸਾਹਿਬ ਸ਼ੁੱਧ ਰਾਗਾਂ, ਪੁਰਾਤਨ ਰੀਤਾਂ-ਬੰਦਿਸ਼ਾਂ, ਤਾਲਾਂ, ਛੰਤਾਂ, ਵਾਰਾਂ, ਅਲਾਹੁਣੀਆਂ ਆਦਿ ਸੰਗੀਤਕ ਵੰਨਗੀਆਂ ਦਾ ਬੇਜੋੜ ਖ਼ਜ਼ਾਨਾ ਹੈ। ਇਨ੍ਹਾਂ ਸੰਗੀਤਕ ਸਿਨਫ਼ਾਂ ਨੂੰ ਕਾਇਮ ਰੱਖਣਾ ਸਮੇਂ ਦੀ ਮੁੱਖ ਮੰਗ ਹੈ...**

ਗੁਰੂ ਗ੍ਰੰਥ ਸਾਹਿਬ ਸ਼ੁੱਧ ਰਾਗਾਂ, ਪੁਰਾਤਨ ਰੀਤਾਂ-ਬੰਦਿਸ਼ਾਂ, ਤਾਲਾਂ, ਛੰਤਾਂ, ਵਾਰਾਂ, ਅਲਾਹੁਣੀਆਂ ਆਦਿ ਸੰਗੀਤਕ ਵੰਨਗੀਆਂ ਦਾ ਬੇਜੋੜ ਖ਼ਜ਼ਾਨਾ ਹੈ। ਪੁਰਾਤਨ ਰਾਗੀ, ਫਰੋਦਸਤ, ਦੀਪਚੰਦੀ, ਆੜਾ ਚੌਤਾਲ, ਇਕ ਤਾਲ, ਪੜਤਾਲ, ਧਰੁਪਦ, ਧਮਾਰ ਆਦਿ ਬਿਖੜੇ ਤਾਲਾਂ ਦੀ ਵਰਤੋਂ ਨਾਲ ਸਮਾਂ ਬੰਨ੍ਹ ਦਿੰਦੇ ਸਨ। ਕੀਰਤਨ ਦੇ ਚਾਰੇ ਅੰਗਾਂ, 'ਸ਼ਾਨ', 'ਵਿਲੰਬਤ ਵਿਚ ਮੰਗਲਾਚਰਨ', 'ਸਮੇਂ ਦੇ ਰਾਗਾਂ' ਤੇ 'ਪੁਰਾਤਨ ਬੰਦਿਸ਼ਾਂ' ਦੇ ਗਾਇਨ ਕਾਰਨ ਹੀ ਕੀਰਤਨ ਨੂੰ ਸ਼ਬਦ 'ਚੌਂਕੀ' ਦਾ ਨਾਂ ਦਿੱਤਾ ਗਿਆ ਹੈ। ਹੁਣ ਜਿਥੇ ਸੰਗਤਾਂ ਵਿਚ ਰਾਗਬੱਧ ਕੀਰਤਨ ਪ੍ਰਤੀ ਉਦਾਸੀਨਤਾ ਹੈ, ਉੱਥੇ ਰਾਗੀਆਂ ਨੇ ਵੀ ਮਿਹਨਤ ਛੱਡ ਦਿੱਤੀ ਹੈ। ਗੁਣੀਜਨ, ਪੱਛੜ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਵਿਚ ਤੰਤੀ ਸਾਜ਼ਾਂ ਦੀ ਵਰਤੋਂ ਸ਼ੁਰੂ ਕਰਵਾਈ ਸੀ।

ਇਸ ਲੋਪ ਹੁੰਦੇ ਜਾ ਰਹੇ ਕੀਰਤਨ ਵਿਰਸੇ ਨੂੰ ਸੰਭਾਲਣ ਹਿੱਤ ਜਲੰਧਰ ਛਾਉਣੀ ਲਾਗਲੇ ਪਿੰਡ ਢਿਲਵਾਂ ਦੀ ਸੰਗਤ ਨੇ 1972 ਤੋਂ 1978 ਤਕ ਤੰਤੀ ਸਾਜ਼ਾਂ ਉੱਤੇ ਆਧਾਰਿਤ 7 ਕਲਾਸੀਕਲ ਤੇ ਨੀਮ ਕਲਾਸੀਕਲ ਆਲੌਕਿਕ ਕੀਰਤਨ ਦਰਬਾਰ ਕਰਵਾ ਕੇ ਪੁਰਾਤਨ ਕੀਰਤਨ ਸ਼ੈਲੀ ਨੂੰ ਸੁਰਜੀਤ ਕਰਨ ਦਾ ਉਪਰਾਲਾ ਕੀਤਾ ਸੀ। ਉਸ ਪਿੱਛੋਂ 1991 ਵਿਚ ਸੰਤ ਸੁੱਚਾ ਸਿੰਘ (ਜਵੱਦੀ ਕਲਾਂ) ਨੇ ਲੁਧਿਆਣੇ ਵਿਚ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਸ਼ੁਰੂਆਤ ਕੀਤੀ, ਜਿਸ ਨੂੰ ਸੰਤ ਅਮਰ ਸਿੰਘ ਜਾਰੀ ਰੱਖ ਰਹੇ ਹਨ। ਨਾਮਧਾਰੀ ਪੰਥ ਨੇ ਕੀਰਤਨ ਦੇ ਇਸ ਪੁਰਾਤਨ ਵਿਰਸੇ ਨੂੰ ਸਾਂਭਿਆ ਹੋਇਆ ਹੈ। ਸ੍ਰੀ ਆਨੰਦਪੁਰ ਸਾਹਿਬ ਵਿਚ ਪ੍ਰੋ. ਕਰਤਾਰ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਡਾ. ਗੁਰਨਾਮ ਸਿੰਘ ਤੇ ਦੌਧਰ ਟਕਸਾਲ ਦੇ ਉੱਦਮ ਵੀ ਪ੍ਰਸ਼ੰਸਾਯੋਗ ਹਨ। ਡਾ. ਗੁਰਨਾਮ ਸਿੰਘ ਨੇ 31 ਰਾਗਾਂ ਨੂੰ ਸ਼ੁੱਧ ਰੂਪ ਵਿਚ ਗਾਇਨ ਕਰ ਕੇ ਅਤੇ ਰਿਕਾਰਡ ਕਰਵਾ ਕੇ ਮਹਾਨ ਸੇਵਾ ਕੀਤੀ ਹੈ। ਅਜੋਕੇ ਦੌਰ ਵਿਚ ਵੀ ਪਦਮਸ੍ਰੀ ਭਾਈ ਨਿਰਮਲ ਸਿੰਘ ਖ਼ਾਲਸਾ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਹਜ਼ੂਰੀ ਰਾਗੀ ਭਾਈ ਰਣਧੀਰ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਨਰਿੰਦਰ ਸਿੰਘ (ਬਨਾਰਸ), ਡਾ. ਗੁਰਨਾਮ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਿੰਦਰ ਸਿੰਘ ਬਟਾਲਾ ਤੇ ਭਾਈ ਗੁਰਮੀਤ ਸਿੰਘ 'ਸ਼ਾਂਤ' ਆਦਿ ਚੋਣਵੇਂ ਜਥੇਦਾਰ ਸਾਬਤ-ਕਦਮੀ ਇਸ ਪਰੰਪਰਾ 'ਤੇ ਪਹਿਰਾ ਦੇ ਰਹੇ ਹਨ। ਭਾਈ ਦਿਲਬਾਗ ਸਿੰਘ, ਗੁਲਬਾਗ ਸਿੰਘ ਦੇ ਜਥੇ ਵੱਲੋਂ ਸ਼ੁੱਧ ਰਾਗਾਂ ਵਿਚ ਕੀਤੇ ਕੀਰਤਨ ਨੂੰ ਸੰਗਤ ਭੁੱਲ ਨਹੀਂ ਸਕਦੀ। ਪੁਰਾਤਨ ਕੀਰਤਨ ਸ਼ੈਲੀ ਨੂੰ ਲੋਪ ਹੋਣ ਤੋਂ ਬਚਾਉਣਾ ਸਮੇਂ ਦੀ ਮੁੱਖ ਲੋੜ ਹੈ, ਜਿਸ ਲਈ ਸਭ ਨੂੰ ਉਪਰਾਲੇ ਕਰਨੇ ਚਾਹੀਦੇ ਹਨ। •

98154-61710

**ਮਹਾਤਮਾ ਬੁੱਧ ਨੇ ਜਿਥੇ ਵਿਲਾਸਤਾ ਅਤੇ ਐਸ਼ੋ-ਇਸ਼ਰਤ ਵਾਲੇ ਜੀਵਨ ਨੂੰ ਰੱਦ ਕੀਤਾ ਹੈ ਉੱਥੇ ਦੁੱਖਦਾਈ ਅਤੇ ਚੋਟੀ ਦੇ ਸੰਜਮੀ ਜੀਵਨ ਤੋਂ ਵੀ ਕਿਨਾਰਾ ਕੀਤਾ ਹੈ...**

# ਭਗਵਾਨ ਬੁੱਧ ਦਾ ਅਸ਼ਟਾਂਗ ਮਾਰਗ

ਰਮੇਸ਼ ਬੱਗਾ ਚੋਹਲਾ

ਪ੍ਰਾਚੀਨ ਸਮੇਂ ਦੌਰਾਨ ਭਾਰਤ ਵਿਚ ਦੋ ਧਾਰਮਿਕ ਪਰੰਪਰਾਵਾਂ ਮੌਜੂਦ ਰਹੀਆਂ ਹਨ। ਪਹਿਲੀ ਨੂੰ 'ਵੈਦਿਕ' ਅਤੇ ਦੂਜੀ ਨੂੰ 'ਸ਼੍ਰਮਣਿਕ' ਪਰੰਪਰਾ ਕਿਹਾ ਜਾਂਦਾ ਹੈ। ਦੂਜੀ ਪਰੰਪਰਾ ਵਿਚ ਦੋ ਧਰਮਾਂ, ਜੈਨ ਧਰਮ ਅਤੇ ਬੁੱਧ ਧਰਮ ਦਾ ਬੋਲਬਾਲਾ ਰਿਹਾ ਹੈ। ਬੁੱਧ ਧਰਮ ਇਸ ਪਰੰਪਰਾ ਵਿਚ ਜੈਨ ਧਰਮ ਤੋਂ ਬਾਅਦ ਵਿਚ ਆਉਂਦਾ ਹੈ ਪਰ ਇਸ ਦੀ ਹੋਂਦ 2500 ਸਾਲ ਤੋਂ ਵੱਧ ਪੁਰਾਣੀ ਮੰਨੀ ਜਾਂਦੀ ਹੈ।

ਭਾਰਤ ਦੇ ਇਸ ਪੁਰਾਤਨ ਧਰਮ ਦਾ ਆਰੰਭ ਭਗਵਾਨ ਗੌਤਮ ਬੁੱਧ ਤੋਂ ਹੁੰਦਾ ਹੈ ਪਰ ਇਸ ਦਾ ਇਤਿਹਾਸ ਨਿਰਵਿਘਨ ਨਹੀਂ ਰਿਹਾ। ਭਾਵੇਂ ਭਗਵਾਨ ਬੁੱਧ ਦੇ ਪੈਰੋਕਾਰਾਂ ਦੀ ਗਿਣਤੀ ਕਾਫ਼ੀ ਘੱਟ ਗਈ ਹੈ ਪਰ ਇਸ ਦੇ ਸਿਧਾਂਤ ਅਜੇ ਵੀ ਸਾਰਥਕ ਹਨ। ਪੇਸ਼ ਹਨ ਬੁੱਧ ਧਰਮ ਦੇ ਮੁੱਖ ਸਿਧਾਂਤ :

ਬੁੱਧ ਧਰਮ ਨੇ 'ਮੱਧ ਮਾਰਗ' ਦੇ ਸਿਧਾਂਤ ਨੂੰ ਅਪਣਾਇਆ। ਇਸ ਸਿਧਾਂਤ ਅਨੁਸਾਰ ਮਹਾਤਮਾ ਬੁੱਧ ਨੇ ਜਿਥੇ ਵਿਲਾਸਤਾ ਅਤੇ ਐਸ਼ੋ-ਇਸ਼ਰਤ ਵਾਲੇ ਜੀਵਨ ਨੂੰ ਰੱਦ ਕੀਤਾ ਹੈ ਉੱਥੇ ਦੁੱਖਦਾਈ ਅਤੇ ਚੋਟੀ ਦੇ ਸੰਜਮੀ ਜੀਵਨ ਤੋਂ ਵੀ ਕਿਨਾਰਾ ਕੀਤਾ ਹੈ। ਉਨ੍ਹਾਂ ਨੇ ਇਨ੍ਹਾਂ ਦੋਵਾਂ ਦੇ ਵਿਚਕਾਰਲਾ ਰਾਹ ਸਵੀਕਾਰ ਕੀਤਾ ਹੈ, ਜਿਸ ਨੂੰ ਮੱਧ ਮਾਰਗ ਦਾ ਨਾਂ ਦਿੱਤਾ ਗਿਆ ਹੈ। ਭਗਵਾਨ ਗੌਤਮ ਬੁੱਧ ਅਨੁਸਾਰ ਇਹ ਮਾਰਗ ਸ਼ਾਂਤੀ, ਆਨੰਦ ਅਤੇ ਮੁਕਤੀ ਦਾ ਦਾਤਾ ਹੈ। ਇਸ ਮਾਰਗ ਦੇ ਅੱਠ ਅੰਗ ਜਾਂ ਭਾਗ ਹੋਣ ਕਾਰਨ ਹੀ ਇਸ ਨੂੰ 'ਅਸ਼ਟਾਂਗ ਮਾਰਗ' ਕਿਹਾ ਜਾਂਦਾ ਹੈ। ਇਹ ਅੱਠ ਭਾਗ ਹਨ :

- **ਸਮਯਕ ਦ੍ਰਿਸ਼ਟੀ (ਸੱਚੇ ਵਿਚਾਰ)**
- **ਸਮਯਕ ਸੰਕਲਪ (ਸੱਚੀ ਨੀਅਤ)**
- **ਸਮਯਕ ਵਾਕ (ਸੱਚਾ ਬੋਲ)**
- **ਸਮਯਕ ਕਰਮ (ਸੱਚਾ ਵਿਹਾਰ)**
- **ਸਮਯਕ ਆਜੀਵਕਾ (ਸੱਚੀ ਰੋਜ਼ੀ)**
- **ਸਮਯਕ ਵਿਆਯਾਮ (ਸੱਚਾ ਯਤਨ)**
- **ਸਮਯਕ ਸੰਮ੍ਰਿਤੀ (ਸੱਚਾ ਮਨੋਯੋਗ)**
- **ਸਮਯਕ ਸਮਾਧੀ (ਸੱਚਾ ਧਿਆਨ)**

ਇਨ੍ਹਾਂ ਅੱਠਾਂ ਭਾਗਾਂ ਵਿਚ ਬੁੱਧ-ਮੱਤ ਦੀ ਸਦਾਚਾਰਿਕਤਾ, ਧਾਰਮਿਕਤਾ ਤੇ ਦਾਰਸ਼ਨਿਕਤਾ ਝਲਕਦੀ ਹੈ। ਇਨ੍ਹਾਂ ਨੂੰ ਅਸੀਂ ਸ਼ੀਲ, ਸਮਾਧੀ ਅਤੇ ਪ੍ਰਗਿਆ ਸ਼ਬਦਾਂ ਨਾਲ ਜਾਣ ਸਕਦੇ ਹਾਂ, ਜੋ ਅਜੋਕੇ ਸਮੇਂ ਵੀ ਮੁਕਤੀ ਤੇ ਨਿਰਵਾਣ ਦਾ ਰਾਹ ਦਰਸਾਉਂਦੇ ਹਨ। ਇਸ ਰਾਹ 'ਤੇ ਚੱਲ ਕੇ ਕੋਈ ਵੀ ਵਿਅਕਤੀ ਜਿਥੇ ਭਗਵਾਨ ਬੁੱਧ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਸਕਦਾ ਹੈ ਉੱਥੇ ਆਪਣਾ ਜੀਵਨ ਪੰਧ ਵੀ ਸੁਖਾਲਾ ਬਣਾ ਸਕਦਾ ਹੈ। •

94631-32719



**ਹਿੰਦੂ ਧਰਮ ਦੀ ਮਾਨਤਾ ਅਨੁਸਾਰ ਮੰਨੇ ਜਾਂਦੇ 51 ਸ਼ਕਤੀ-ਪੀਠਾਂ ਵਿੱਚੋਂ ਇਹ ਅਸਥਾਨ ਵੀ ਇਕ ਸ਼ਕਤੀ-ਪੀਠ ਹੈ। 'ਅਮੂਵਚੀ ਤਿਉਹਾਰ' ਮੌਕੇ ਤਿੰਨ ਦਿਨ ਮੇਲਾ ਚੱਲਦਾ ਹੈ ਤੇ ਦੁਨੀਆ ਭਰ ਤੋਂ ਵੱਡੀ ਗਿਣਤੀ 'ਚ ਲੋਕ ਇਸ 'ਚ ਸ਼ਾਮਲ ਹੁੰਦੇ ਹਨ...**

# ਸਿੱਧ ਸ਼ਕਤੀ ਪੀਠ ਕਾਮੱਖਿਆ ਦੇਵੀ

ਪ੍ਰੇਮ ਕੁਮਾਰ ਧੀਮਾਨ

ਉੱਤਰ-ਪੂਰਬ ਦਾ ਮੁੱਖ ਦੁਆਰ ਮੰਨੇ ਜਾਂਦੇ ਸੂਬੇ ਅਸਾਮ ਵਿਚ ਪੂਰਬ ਵਾਲੇ ਪਾਸੇ ਸਥਿਤ ਮਾਂ ਕਾਮੱਖਿਆ ਦੇਵੀ ਦਾ ਮੰਦਰ ਕਾਮਰੂਪ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਨੀਲਾਚਲ ਪਰਬਤ 'ਤੇ ਸਭ ਤੋਂ ਪੁਰਾਣਾ ਤੇ ਮਾਨਤਾ ਵਾਲਾ ਧਾਰਮਿਕ ਸਥਾਨ ਹੈ ਇਹ।

ਹਿੰਦੂ ਧਰਮ ਦੀ ਮਾਨਤਾ ਅਨੁਸਾਰ ਮੰਨੇ ਜਾਂਦੇ 51 ਸ਼ਕਤੀ-ਪੀਠਾਂ ਵਿੱਚੋਂ ਇਹ ਅਸਥਾਨ ਵੀ ਇਕ ਸ਼ਕਤੀ-ਪੀਠ ਹੈ। ਪੌਰਾਣਿਕ ਤੇ ਹਿੰਦੂ ਮਿਥਿਹਾਸ ਅਨੁਸਾਰ ਇਸ ਸਥਾਨ ਤੇ ਦੇਵੀ ਸਤੀ ਦੇ ਸਰੀਰ ਦਾ ਇਕ ਭਾਗ ਇਥੇ ਡਿਗਿਆ ਸੀ, ਜਿਸ ਕਾਰਨ ਇਹ ਮੰਦਰ ਵਿਚ ਉਸ ਅੰਗ ਦੇ ਨਾਂ 'ਤੇ ਕੁੰਡ ਵੀ ਬਣਿਆ ਹੋਇਆ ਹੈ। ਸਤੀ ਮਾਤਾ ਦੇ ਪਿਤਾ ਪਰਜਾਪਤੀ ਦਕਸ਼ ਵੱਲੋਂ ਹਰਿਦੁਆਰ (ਕਨਖਲ) ਵਿਖੇ ਕਰਵਾਏ ਗਏ ਬ੍ਰਹਿਸਪਤੀ ਸਰਵ ਨਾਮਕ ਯੱਗ ਵਿੱਚ ਆਪਣੇ ਪਤੀ ਮਹਾਂਦੇਵ ਸ਼ਿਵ ਦਾ ਸਥਾਨ ਨਾ ਦੇਖ ਕੇ ਅਪਮਾਨ ਨਾਲ ਦੁੱਖੀ ਜਗਦੰਬਾ ਸਤੀ ਨੇ ਯੱਗ ਦੇ ਹਵਨਕੁੰਡ ਵਿਚ ਛਾਲ ਮਾਰ ਕੇ ਆਪਣੇ ਪ੍ਰਾਣ ਤਿਆਗ ਦਿੱਤੇ ਤੇ ਯੱਗ ਖੰਡਿਤ ਕਰ ਦਿੱਤਾ ਸੀ। ਕ੍ਰੋਧ ਵਿਚ ਆਏ ਭਗਵਾਨ ਸ਼ਿਵ ਨੇ ਸਤੀ ਦੇ ਸਰੀਰ ਨੂੰ ਹਵਨ ਕੁੰਡ ਵਿੱਚੋਂ ਕੱਢ ਕੇ ਆਪਣੇ ਮੋਢਿਆਂ ਉੱਪਰ ਚੁੱਕ ਕੇ ਤਾਂਡਵ ਕਰਨਾ ਸ਼ੁਰੂ ਕਰ ਦਿੱਤਾ। ਸ੍ਰਿਸ਼ਟੀ ਦੇ ਵਿਨਾਸ਼ ਦੇ ਡਰ ਤੋਂ ਭਗਵਾਨ ਵਿਸ਼ਨੂੰ ਨੇ ਭਗਵਾਨ ਸ਼ਿਵ ਨੂੰ ਸ਼ਾਂਤ ਕਰਨ ਲਈ ਆਪਣੇ ਸੁਦਰਸ਼ਨ ਚੱਕਰ ਨਾਲ ਸਤੀ ਦੇ 51 ਟੁਕੜੇ ਕਰ ਦਿੱਤੇ।

ਅਸਾਮ ਦੀ ਰਾਜਧਾਨੀ ਦਿਸਪੁਰ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਸਤੀ ਦੇ ਸਰੀਰ ਦਾ ਹਿੱਸਾ ਨੀਲਾਚਲ ਪਰਬਤ 'ਤੇ ਡਿੱਗਾ ਮੰਨਿਆ ਜਾਂਦਾ ਹੈ। ਇਸ ਸਥਾਨ 'ਤੇ ਸਤੀ ਦੀ ਯਾਦ ਵਿਚ ਸੂਬਾ ਪੱਧਰੀ 'ਅਮੂਵਾਚੀ ਤਿਉਹਾਰ' ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੌਰਾਨ ਸਤੀ ਮੰਦਰ ਦੇ ਦਰਵਾਜ਼ੇ ਤਿੰਨ ਦਿਨ ਲਈ ਬੰਦ ਰੱਖੇ ਜਾਂਦੇ ਹਨ ਕਿਉਂਕਿ ਇਨ੍ਹਾਂ ਦਿਨਾਂ ਵਿਚ ਸਤੀ ਰਾਜਸਵਲਾ ਹੁੰਦੀ ਹੈ। ਪੁਰਾਣੇ ਸ਼ਾਸਤਰਾਂ ਅਨੁਸਾਰ ਸਤਿਯੁੱਗ ਵਿਚ ਇਹ ਤਿਉਹਾਰ 16 ਸਾਲ ਬਾਅਦ, ਦੁਆਪਰ ਵਿਚ 12 ਸਾਲ ਬਾਅਦ, ਤਰੇਤਾ ਯੁੱਗ ਵਿਚ 7 ਸਾਲ ਅਤੇ ਕਲਿਯੁੱਗ ਵਿਚ ਹਰ ਸਾਲ ਜੂਨ ਮਹੀਨੇ ਵਿਚ ਮਨਾਇਆ ਜਾਂਦਾ ਹੈ। ਇਹ ਦਿਨ ਤਾਂਤਰਿਕ ਪੂਜਾ ਲਈ ਬਹੁਤ ਸਰਵਸ੍ਰੇਸ਼ਠ ਮੰਨਿਆ ਜਾਂਦਾ ਹੈ ਤੇ ਇਸ ਦਿਨ ਭਾਰਤ ਦੇ ਕੋਨੇ-ਕੋਨੇ ਤੋਂ ਤਾਂਤਰਿਕ ਰਿੱਧੀਆਂ-ਸਿੱਧੀਆਂ ਤੇ ਸਾਧਨਾ ਲਈ ਇਥੇ ਆਉਂਦੇ ਹਨ।

ਇਸ ਮੰਦਰ ਦਾ ਨਿਰਮਾਣ 8ਵੀਂ ਸਦੀ ਤੋਂ 17ਵੀਂ ਸਦੀ ਦੌਰਾਨ ਹੋਇਆ ਮੰਨਿਆ ਜਾਂਦਾ ਹੈ। ਇਥੇ ਮਾਂ ਸਤੀ ਤੋਂ ਇਲਾਵਾ ਮਾਤਾ ਕਾਲੀ, ਤਾਰਾ, ਸੁਦਾਸੀ, ਭੁਵਨੇਸ਼ਵਰੀ, ਭੈਰਵੀ, ਛਿਨਮਸਤਿਕਾ, ਧੂਮਾਵਤੀ, ਬਗਲਾਮੁੱਖੀ, ਮਾਤੰਗੀ, ਤ੍ਰਿਪੁਰ ਸੁੰਦਰੀ ਦੇ ਮੰਦਰ ਹਨ। ਮਾਤਾ ਕਾਮੱਖਿਆ ਤ੍ਰਿਪੁਰ ਸੁੰਦਰੀ, ਮਤੰਗੀ ਦੇ ਮੁੱਖ ਮੰਦਰ ਵਿਚ ਸਥਿਤ ਹਨ ਤੇ ਬਾਕੀ ਮੰਦਰ ਇਸ ਦੇ ਚੌਗਿਰਦੇ ਵਿਚ ਸਥਿਤ ਹਨ।

ਇਸ ਮੰਦਰ ਦੀਆਂ ਦੀਵਾਰਾਂ ਉੱਪਰ ਪੱਥਰ ਦੀਆਂ ਮੂਰਤੀਆਂ ਬਣੀਆਂ ਹੋਈਆਂ ਹਨ, ਜੋ ਕਲਾ ਦਾ ਉੱਤਮ ਤੇ ਵਿਲੱਖਣ ਨਮੂਨਾ ਹਨ। ਮੰਦਰ ਦੇ ਅੰਦਰ 'ਗਰਭ-ਗ੍ਰਹਿ' ਬਣਿਆ ਹੋਇਆ ਹੈ। ਮੰਦਰ ਦਾ ਮੂੰਹ ਪੂਰਬ ਦਿਸ਼ਾ ਵੱਲ ਹੈ। ਮੰਦਰ ਦੇ ਅੰਦਰ ਫੋਟੋ ਖਿੱਚਣਾ ਵਰਜਿਤ ਹੈ। ਇਹ ਦੇਵੀ ਇੱਥੋਂ ਦੇ ਲੋਕਾਂ ਦੀ ਕੁਲ ਦੇਵੀ ਹੈ।

ਵੈਸੇ ਤਾਂ ਹਰ ਰੋਜ਼ ਹਜ਼ਾਰਾਂ ਸ਼ਰਧਾਲੂ ਇਥੇ ਆ ਕੇ ਨਤਮਸਤਕ ਹੁੰਦੇ ਹਨ ਪਰ ਨਵਰਾਤਿਆਂ, ਅਸ਼ਟਮੀ, ਦੁਰਗਾ ਪੂਜਾ, ਨੌਵੀਂ ਅਤੇ ਖ਼ਾਸ ਕਰਕੇ 'ਅਮੂਵਚੀ ਤਿਉਹਾਰ' ਦੌਰਾਨ ਸ਼ਰਧਾਲੂਆਂ ਦਾ ਵੱਡਾ ਤਾਂਤਾ ਲੱਗਦਾ ਹੈ ਅਤੇ ਇਹ ਮੇਲਾ ਤਿੰਨ ਦਿਨ ਤਕ ਚੱਲਦਾ ਹੈ ਅਤੇ ਦੁਨੀਆ ਭਰ ਵਿੱਚੋਂ ਵੱਡੀ ਗਿਣਤੀ 'ਚ ਲੋਕ ਇਸ ਮੇਲੇ ਵਿਚ ਸ਼ਾਮਲ ਹੁੰਦੇ ਹਨ।

ਮੰਦਰ ਦੇ ਸਾਰੇ ਰਸਤੇ ਮਾਤਾ ਦੀਆਂ ਰੰਗਦਾਰ ਚੁੰਨੀਆਂ, ਨਾਰੀਅਲ, ਪੂਜਾ ਦੀ ਹੋਰ ਸਮੱਗਰੀ ਤੇ ਪ੍ਰਸ਼ਾਦ ਦੀਆਂ ਦੁਕਾਨਾਂ ਹਨ। ਮਾਤਾ ਨੂੰ ਖ਼ਾਸ ਤੌਰ 'ਤੇ ਮੇਵਿਆਂ ਦਾ ਪ੍ਰਸ਼ਾਦ ਚੜ੍ਹਾਇਆ ਜਾਂਦਾ ਹੈ। ਪੂਜਾ ਦੀ ਵਿਧੀ ਦਾ ਵੱਖਰਾ ਵਿਧਾਨ ਹੈ। ਹਰ ਸਾਲ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਮਾਂ ਦੇ ਦਰਬਾਰ 'ਚ ਹਾਜ਼ਰ ਹੋ ਕੇ ਆਪਣੀਆਂ ਮੁਰਾਦਾਂ ਪੂਰੀਆਂ ਕਰਦੇ ਹਨ। •

96465-12800



20-21 ਅਪ੍ਰੈਲ ਮੇਲੇ 'ਤੇ

# ਨਾਮ ਸਿਮਰਨ ਤੇ ਸੇਵਾ ਨੂੰ ਸਮਰਪਿਤ ਮਾਤਾ ਪੰਜਾਬ ਕੌਰ

ਅਮਰਪ੍ਰੀਤ ਸਿੰਘ ਝੀਤਾ

ਸ਼ਰਧਾਲੂਆਂ ਵੱਲੋਂ ਮਾਤਾ ਪੰਜਾਬ ਕੌਰ ਦਾ ਮੇਲਾ ਹਰ ਸਾਲ ਅਪ੍ਰੈਲ-ਮਈ ਵਿਚ ਵਿਸਾਖ ਦੀ ਪੰਚਮੀ ਨੂੰ ਜਲੰਧਰ ਜ਼ਿਲ੍ਹੇ ਦੀ ਤਹਿਸੀਲ ਸ਼ਾਹਕੋਟ ਅਧੀਨ ਪਿੰਡ ਨੰਗਲ ਅੰਬੀਆ ਵਿਖੇ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਦੋ ਦਿਨ ਭਾਰੀ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਇਸ ਦਿਨ ਮਾਤਾ ਪੰਜਾਬ ਕੌਰ ਦੇਹਰਾਦੂਨ ਲਈ ਰਵਾਨਾ ਹੋਏ ਸਨ। ਇਹ ਮੇਲਾ ਸੰਨ 1947 ਤੋਂ ਪਹਿਲਾਂ ਵੀ ਨੰਗਲ ਅੰਬੀਆ ਪਿੰਡ ਮੁਸਲਮਾਨਾਂ ਦੀ ਵੱਧ ਗਿਣਤੀ ਹੋਣ ਦੇ ਬਾਵਜੂਦ ਇੱਥੋਂ ਦੇ ਮੁੱਢਲੇ ਵਸਨੀਕ ਰਾਮਗੜ੍ਹੀਆ ਭਾਈਚਾਰੇ ਵੱਲੋਂ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਰਿਹਾ ਹੈ। ਵਿਸਾਖ ਮਹੀਨੇ ਦੀ ਪੰਚਮੀ ਵਾਲੇ ਦੇਸ਼-ਵਿਦੇਸ਼ ਤੋਂ ਸ਼ਰਧਾਲੂ ਮਾਤਾ ਜੀ ਦੇ ਸਥਾਨ 'ਤੇ ਪੁੱਜਦੇ ਹਨ ਤੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਦੇ ਹਨ।

## ਮਾਤਾ ਪੰਜਾਬ ਕੌਰ ਦਾ ਵਿਆਹ

ਸੱਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਰਾਮ ਰਾਇ ਜੀ ਨਾਲ ਮਾਤਾ ਪੰਜਾਬ ਕੌਰ ਦਾ ਵਿਆਹ ਹੋਇਆ ਸੀ। ਬਾਬਾ ਰਾਮ ਰਾਇ ਨਾਲ ਮਾਤਾ ਜੀ ਦੇਹਰਾਦੂਨ ਵਿਖੇ ਰਹਿਣ ਲੱਗੇ। ਦੇਹਰਾਦੂਨ ਵਿਖੇ ਵੀ ਮਾਤਾ ਜੀ ਦੀ ਯਾਦ 'ਚ ਡੇਰਾ ਸਥਾਪਿਤ ਹੈ। ਪਿੰਡ ਨੰਗਲ ਅੰਬੀਆ ਦੀ ਧੀ ਮਾਤਾ ਪੰਜਾਬ ਕੌਰ ਨੂੰ ਸੱਤਵੀਂ ਪਾਤਸ਼ਾਹੀ ਗੁਰੂ ਹਰਿਰਾਇ ਸਾਹਿਬ ਜੀ ਦੀ ਵੱਡੀ ਨੂੰਹ ਬਣਨ ਦਾ ਸੁਭਾਗ ਪ੍ਰਾਪਤ ਹੋਇਆ। ਜਦ ਬਾਬਾ ਰਾਮਰਾਇ ਜੀ ਕਈ ਦਿਨਾਂ ਤੋਂ ਸਮਾਧੀ ਵਿਚ ਸਨ ਤਾਂ ਮਸੰਦਾਂ ਨੇ ਉਨ੍ਹਾਂ ਦਾ ਜਿਉਂਦੇ ਜੀਅ ਜ਼ਬਰਦਸਤੀ ਸਸਕਾਰ ਕਰ ਦਿੱਤਾ। ਮਾਤਾ ਜੀ ਨੇ ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਾਰਾ ਹਾਲ ਲਿਖ ਭੇਜਿਆ। ਗੁਰੂ ਗੋਬਿੰਦ ਸਿੰਘ ਜੀ ਨੇ ਦੋਸ਼ੀ ਮਸੰਦਾਂ ਨੂੰ ਇਸ ਕਾਰੇ ਲਈ ਸਜ਼ਾ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤਾ ਕਿ ਮਾਤਾ ਪੰਜਾਬ ਕੌਰ ਜੀ ਦਾ ਪ੍ਰਤਾਪ ਸਦਾ ਬਣਿਆ ਰਹੇਗਾ। ਮਾਤਾ ਜੀ ਸਦਾ ਗੁਰੂ ਘਰ ਨਾਲ ਜੁੜੇ ਰਹੇ ਤੇ ਨਾਮ ਸਿਮਰਨ ਕਰਦੇ ਹੋਏ ਲੋੜਵੰਦਾਂ ਦੀ ਮਦਦ ਕਰਦੇ ਰਹੇ।

'ਮਹਾਨਕੋਸ਼' ਦੇ ਰਚੇਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਪੰਜਾਬ ਕੌਰ ਬਾਬਾ ਰਾਮਰਾਇ ਦੀ ਧਰਮ ਪਤਨੀ ਸੀ ਅਤੇ ਰਾਮਰਾਇ ਦੇ ਦੇਹਾਂਤ ਉਪਰੰਤ ਮਸੰਦਾਂ ਤੋਂ ਤੰਗ ਆ ਕੇ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਸਹਾਇਤਾ ਚਾਹੀ ਸੀ। ਦਸਮੇਸ਼ ਪਿਤਾ ਨੇ ਦੇਹਰਾਦੂਨ ਵਿਖੇ ਮਾਤਾ ਪੰਜਾਬ ਕੌਰ ਦੇ ਘਰ ਪਹੁੰਚ ਕੇ ਸਭ ਯੋਗ ਇੰਤਜ਼ਾਮ ਕੀਤੇ। ਮਾਤਾ ਪੰਜਾਬ ਕੌਰ ਵਿਸਾਖ ਸੁਦੀ 4 ਸੰਮਤ 1798 ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਸਮਾਧੀ ਦੇਹਰਾਦੂਨ ਵਿਖੇ ਹੈ।' •

97791-91447



## ਮਾਤਾ ਪੰਜਾਬ ਕੌਰ ਦਾ ਸੰਖੇਪ ਜੀਵਨ ਬਿਓਰਾ

ਮਾਤਾ ਪੰਜਾਬ ਕੌਰ ਦੇ ਜਨਮ ਬਾਰੇ ਕੋਈ ਠੋਸ ਜਾਣਕਾਰੀ ਨਹੀ ਮਿਲਦੀ। ਇਕ ਅਨੁਮਾਨ ਅਨੁਸਾਰ ਮਾਤਾ ਜੀ ਦਾ ਜਨਮ ਸੱਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਜੀਵਨ ਕਾਲ ਸਮੇਂ ਪਿੰਡ ਨੰਗਲ ਅੰਬੀਆ ਵਿਖੇ ਹੋਇਆ। ਨੰਗਲ ਅੰਬੀਆ ਸਥਿਤ ਡੇਰੇ ਦੇ ਮੁੱਖ ਸੰਚਾਲਕ ਮਹੰਤ ਚੇਤਨ ਦਾਸ ਅਨੁਸਾਰ ਮਾਤਾ ਪੰਜਾਬ ਕੌਰ ਦੇ ਪਿਤਾ ਦਾ ਨਾਂ ਦਮੋਦਰ ਦਾਸ ਜੀ ਅਤੇ ਮਾਤਾ ਜੀ ਦਾ ਨਾਮ ਬੀਬੀ ਦੇਵਕੀ ਸੀ। ਮਹੰਤ ਮਾਨ ਦਾਸ ਮਾਤਾ ਪੰਜਾਬ ਕੌਰ ਦੇ ਵਿੱਦਿਆ ਗੁਰੂ ਸਨ। ਮਾਤਾ ਜੀ ਦਾ ਘਰ ਪਿੰਡ ਦੇ ਦੱਖਣ-ਪੱਛਮ ਵਾਲੇ ਪਾਸੇ ਸਥਿਤ ਸੀ, ਜਿਥੇ ਅੱਜ ਮਾਤਾ ਜੀ ਦੀ ਯਾਦ ਵਿਚ ਡੇਰਾ ਪਿੱਪਲੀ ਸਾਹਿਬ ਸਥਿਤ ਹੈ। ਬਚਪਨ ਵਿਚ ਹੀ ਮਾਤਾ ਜੀ ਬਹੁਤ ਕਰਨੀ ਵਾਲੇ ਤੇ ਰੱਬੀ ਰਜ਼ਾ ਵਿਚ ਰਹਿਣ ਵਾਲੇ ਸਨ। ਜਦ ਮਾਤਾ ਜੀ ਆਪਣੀਆਂ ਸਖੀਆਂ ਨਾਲ ਖੂਹ ਤੋਂ ਪਾਣੀ ਦੀਆਂ ਗਾਗਰਾਂ ਭਰ ਕੇ ਲਿਆਉਂਦੇ ਤਾਂ ਮਾਤਾ ਜੀ ਦੀ ਗਾਗਰ ਉਨ੍ਹਾਂ ਦੇ ਸਿਰ ਤੋਂ ਦੋ ਗਿੱਠ ਉੱਚੀ ਹੁੰਦੀ ਸੀ। ਇਕ ਵਾਰ ਸਾਉਣ ਦੇ ਮਹੀਨੇ ਕੁੜੀਆਂ ਪੀਂਘ ਝੂਟ ਰਹੀਆ ਸਨ ਤਾਂ ਸਹੇਲੀਆਂ ਨੇ ਮਾਤਾ ਜੀ ਨੂੰ ਪੀਂਘ ਨਾ ਝੂਟਣ ਦਿੱਤੀ। ਮਾਤਾ ਜੀ ਨੇ ਆਪਣੇ ਘਰੋਂ ਕੱਚੀ ਤੰਦ ਦੇ ਮੁੱਢੇ (ਗਲੋਟੇ) ਲੈ ਕੇ ਪਿੱਪਲ ਦੇ ਟਾਹਣੇ 'ਤੇ ਉਸੇ ਨਾਲ ਪੀਂਘ ਪਾ ਲਈ 'ਤੇ ਝੂਟਣ ਲੱਗੇ। ਸਭ ਸਹੇਲੀਆਂ ਹੈਰਾਨ ਖੜ੍ਹੀਆਂ ਇਹ ਨਜ਼ਾਰਾ ਵੇਖਦੀਆਂ ਰਹੀਆਂ। ਉਨ੍ਹਾਂ ਨੂੰ ਇਸ ਘਟਨਾ ਨਾਲ ਗਿਆਨ ਹੋਇਆ ਕਿ ਮਾਤਾ ਜੀ ਤਾਂ ਕਿਸੇ ਰੱਬੀ ਸ਼ਕਤੀ ਦੇ ਪ੍ਰਤੀਕ ਹਨ। ਇਸ ਗੱਲ ਦੀ ਸਾਰੇ ਪਾਸੇ ਚਰਚਾ ਹੋ ਗਈ। ਇਹ ਪਿੱਪਲ ਅੱਜ ਵੀ ਡੇਰੇ ਵਿਚ ਮੌਜੂਦ ਹੈ।

# ਜੈਨ ਧਰਮ ਨੇ ਭਾਰਤ ਦੀ ਪਛਾਣ ਬਣਾਉਣ ਵਿੱਚ ਬਹੁਮੁੱਲਾ ਯੋਗਦਾਨ ਪਾਇਆ : ਮੋਦੀ



**ਨਵੀਂ ਦਿੱਲੀ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਕਿਹਾ ਕਿ ਜੈਨ ਧਰਮ ਨੇ ਭਾਰਤ ਦੀ ਪਛਾਣ ਬਣਾਉਣ ਵਿਚ ਇਕ ਬਹੁਮੁੱਲਾ ਯੋਗਦਾਨ ਪਾਇਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਦੀਆਂ ਕਦਰਾਂ-ਕੀਮਤਾਂ ਅਤਿਵਾਦ, ਯੁੱਧ ਅਤੇ ਵਾਤਾਵਰਣ ਸੁਰੱਖਿਆ ਦੀਆਂ ਵਿਸ਼ਵਵਿਆਪੀ ਚੁਣੌਤੀਆਂ ਦਾ ਜਵਾਬ ਦਿੰਦੀਆਂ ਹਨ। 'ਨਵਕਾਰ ਮਹਾਂਮੰਤਰ ਦਿਵਸ' ਮਨਾਉਣ ਲਈ ਇਕ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪ੍ਰਾਚੀਨ ਧਰਮ ਦੀ ਵਿਰਾਸਤ ਅਤੇ ਸਿੱਖਿਆਵਾਂ ਨੂੰ ਸੁਰੱਖਿਅਤ ਰੱਖਣ ਲਈ ਵਚਨਬੱਧ ਹੈ।

ਮੋਦੀ ਨੇ ਕਿਹਾ ਕਿ ਜੈਨ ਸਾਹਿਤ ਭਾਰਤ ਦੀ ਅਧਿਆਤਮਿਕ ਸ਼ਾਨ ਦੀ ਰੀੜ੍ਹ ਦੀ ਹੱਡੀ ਹੈ। ਸਰਕਾਰ ਇਸ ਨੂੰ ਸੁਰੱਖਿਅਤ ਰੱਖਣ ਲਈ ਕਈ ਕਦਮ ਚੁੱਕ ਰਹੀ ਹੈ, ਜਿਸ ਵਿਚ ਇਸ ਦੇ ਪ੍ਰਾਚੀਨ ਗ੍ਰੰਥਾਂ ਨੂੰ ਡਿਜੀਟਾਈਜ਼ ਕਰਨ ਦੀ ਹਾਲੀਆ ਯੋਜਨਾ ਅਤੇ ਪਾਲੀ ਅਤੇ ਪ੍ਰਾਕ੍ਰਿਤ ਨੂੰ ਕਲਾਸੀਕਲ ਭਾਸ਼ਾਵਾਂ ਘੋਸ਼ਿਤ ਕਰਨਾ ਸ਼ਾਮਲ ਹੈ। ਮੋਦੀ ਨੇ ਲੋਕਾਂ ਨੂੰ ਨੌਂ ਵਾਅਦੇ ਕਰਨ ਲਈ ਕਿਹਾ ਜਿਨ੍ਹਾਂ ਵਿੱਚ ਪਾਣੀ ਬਚਾਉਣਾ, ਆਪਣੀ ਮਾਂ ਦੀ ਯਾਦ ਵਿਚ ਇਕ ਰੁੱਖ ਲਗਾਉਣਾ, ਸਫਾਈ ਨੂੰ ਉਤਸ਼ਾਹਿਤ ਕਰਨਾ, ਸਥਾਨਕ ਲੋਕਾਂ ਲਈ ਆਵਾਜ਼ ਉਠਾਉਣਾ, ਦੇਸ਼ ਦੇ ਅੰਦਰ ਯਾਤਰਾ ਕਰਨਾ, ਕੁਦਰਤੀ ਖੇਤੀ ਅਪਣਾਉਣੀ, ਬਾਜਰਾ ਖਾ ਕੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣੀ ਅਤੇ ਖਾਣ ਵਾਲੇ ਤੇਲ ਦੀ ਵਰਤੋਂ ਵਿੱਚ 10 ਪ੍ਰਤੀਸ਼ਤ ਦੀ ਕਟੌਤੀ ਕਰਨਾ, ਗਰੀਬਾਂ ਦੀ ਮਦਦ ਕਰਨਾ ਅਤੇ ਖੇਡਾਂ ਅਤੇ ਯੋਗਾ ਨੂੰ ਸ਼ਾਮਲ ਕਰਨਾ ਸ਼ਾਮਲ ਹੈ।

ਉਨ੍ਹਾਂ ਨੇ ਦਰਸ਼ਕਾਂ ਨੂੰ ਦੇਸ਼ ਭਰ ਵਿੱਚ ਏਕਤਾ ਦਾ ਸੁਨੇਹਾ ਲੈ ਕੇ ਜਾਣ ਅਤੇ 'ਭਾਰਤ ਮਾਤਾ ਕੀ ਜੈ' ਦਾ ਨਾਅਰਾ ਲਗਾਉਣ ਵਾਲੇ ਹਰ ਵਿਅਕਤੀ ਨੂੰ ਗਲੇ ਲਗਾਉਣ ਲਈ ਕਿਹਾ।

# ਮੁੱਖ ਮੰਤਰੀ ਨੇ ਝੋਨੇ ਦੀ ਕਾਸ਼ਤ ਸਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ 'ਕਿਸਾਨ ਮਿਲਣੀ' ਕਰਵਾਉਣ ਦੀ ਦਿੱਤੀ ਪ੍ਰਵਾਨਗੀ



**ਚੰਡੀਗੜ੍ਹ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇਕ ਮਿਸਾਲੀ ਪਹਿਲਕਦਮੀ ਤਹਿਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਝੋਨੇ ਦੀ ਕਾਸ਼ਤ ਸਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਵਿਸ਼ੇਸ਼ ਕਿਸਾਨ ਮਿਲਣੀ ਕਰਵਾਉਣ ਲਈ ਅਧਿਕਾਰੀਆਂ ਨੂੰ ਆਖਿਆ।

ਇੱਥੇ ਅਧਿਕਾਰਕ ਰਿਹਾਇਸ਼ ਵਿਖੇ ਮੀਟਿੰਗ ਦੀ ਅਗਵਾਈ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਿਸ਼ੇਸ਼ ਕਿਸਾਨ ਮਿਲਣੀ ਲਵਾਈ ਸ਼ੁਰੂ ਹੋਣ ਤੋਂ ਪਹਿਲਾਂ ਕਿਸਾਨਾਂ ਨੂੰ ਝੋਨੇ ਦੀ ਕਾਸ਼ਤ ਬਾਰੇ ਜਾਗਰੂਕ ਕਰਨ ਉਤੇ ਕੇਂਦਰਤ ਹੋਵੇਗੀ। ਉਨ੍ਹਾਂ ਕਿਹਾ ਕਿ ਮਿਲਣੀ ਦੌਰਾਨ ਕਿਸਾਨਾਂ ਨੂੰ ਝੋਨੇ ਦੀ ਲਵਾਈ ਘੱਟ ਪਾਣੀ ਦੀ ਵਰਤੋਂ ਕਰਨ ਵਾਲੀਆਂ ਤਕਨੀਕਾਂ ਰਾਹੀਂ ਕਰਨ ਬਾਰੇ ਜਾਣੂੰ ਕਰਵਾਇਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਦੌਰਾਨ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪ੍ਰਵਾਨਿਤ ਵੱਧ ਝਾੜ ਵਾਲੀਆਂ ਕਿਸਮਾਂ ਦੀ ਵਰਤੋਂ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਨ ਉਤੇ ਜ਼ੋਰ ਦਿੱਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਇਹ ਵੀ ਦੱਸਿਆ ਜਾਵੇਗਾ ਕਿ ਅਕਤੂਬਰ ਵਿੱਚ ਝੋਨਾ ਵੇਚਣ ਵੇਲੇ ਵੱਧ ਨਮੀ ਹੋਣ ਕਾਰਨ ਕਿਸਾਨਾਂ ਨੂੰ ਆਉਂਦੀਆਂ ਦਿੱਕਤਾਂ ਦੇ ਮੱਦੇਨਜ਼ਰ ਸੂਬਾ ਸਰਕਾਰ ਨੇ ਝੋਨੇ ਦੀ ਲਵਾਈ ਅਗੇਤੀ ਕਰਦਿਆਂ ਪਹਿਲੀ ਜੂਨ ਤੋਂ ਕਰਵਾਉਣ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਨੂੰ ਜ਼ੋਨਾਂ ਵਿੱਚ ਵੰਡ ਕੇ ਝੋਨੇ ਦੀ ਲਵਾਈ ਯਕੀਨੀ ਬਣਾਈ ਜਾਵੇਗੀ, ਜਿਸ ਲਈ ਪੰਜਾਬ ਸਰਕਾਰ ਲੋੜੀਂਦੇ ਪ੍ਰਬੰਧ ਤੇ ਯੋਜਨਾਬੰਦੀ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਝੋਨੇ ਦੀ ਲਵਾਈ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਸੂਬੇ ਨੂੰ ਜ਼ੋਨਾਂ ਵਿੱਚ ਵੰਡਿਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਜ਼ੋਨਾਂ ਦੇ ਹਿਸਾਬ ਨਾਲ ਝੋਨੇ ਦੀ ਲਵਾਈ ਲਈ ਜਲਦੀ ਤਰੀਕਾਂ ਦਾ ਐਲਾਨ ਕੀਤਾ ਜਾਵੇਗਾ ਤਾਂ ਕਿ ਕਿਸਾਨ ਇਸ ਤੋਂ ਫਾਇਦਾ ਲੈ ਸਕਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਮਿਲਣੀ ਦੌਰਾਨ ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ ਸੂਬਾ ਸਰਕਾਰ ਉੱਘੇ ਖੇਤੀਬਾੜੀ ਮਾਹਿਰਾਂ ਨੂੰ ਨਾਲ ਜੋੜੇਗੀ। ਇਸ ਦੌਰਾਨ ਉਨ੍ਹਾਂ ਦੁਹਰਾਇਆ ਕਿ ਨਕਲੀ ਬੀਜਾਂ ਦੀ ਵਿਕਰੀ ਰੋਕਣਾ ਸੂਬਾ ਸਰਕਾਰ ਦਾ ਫ਼ਰਜ਼ ਬਣਦਾ ਹੈ ਅਤੇ ਇਸ ਘਿਨਾਉਣੇ ਜੁਰਮ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਨਾਈਟ ਕਲੱਬ ਦੀ ਛੱਤ ਡਿੱਗਣ ਕਾਰਨ ਘੱਟੋ-ਘੱਟ 79 ਵਿਅਕਤੀਆਂ ਦੀ ਮੌਤ ਅਤੇ 160 ਜ਼ਖਮੀ



**ਸੈਂਟੋ ਡੋਮਿੰਗੋ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡੋਮਿਨਿਕਨ ਰਾਜਧਾਨੀ ਵਿਚ ਇਕ ਮਸ਼ਹੂਰ ਨਾਈਟ ਕਲੱਬ ਦੀ ਛੱਤ ਮੰਗਲਵਾਰ ਤੜਕੇ ਇਕ ਮੇਰੇਂਗੂ ਕੰਸਰਟ ਦੌਰਾਨ ਡਿੱਗ ਗਈ, ਜਿਸ ਕਾਰਨ ਘੱਟੋ-ਘੱਟ 79 ਵਿਅਕਤੀਆਂ ਦੀ ਮੌਤ ਹੋ ਗਈ ਅਤੇ 160 ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਸਿਆਸਤਦਾਨਾਂ, ਖਿਡਾਰੀਆਂ ਅਤੇ ਹੋਰਾਂ ਨੇ ਸ਼ਿਰਕਤ ਕੀਤੀ ਸੀ। ਸੈਂਟਰ ਆਫ਼ ਐਮਰਜੈਂਸੀ ਆਪ੍ਰੇਸ਼ਨਜ਼ ਦੇ ਡਾਇਰੈਕਟਰ ਜੁਆਨ ਮੈਨੂਅਲ ਮੈਂਡੇਜ਼ ਨੇ ਕਿਹਾ ਕਿ ਮਲਬਾ ਹਟਾਇਆ ਜਾ ਰਿਹਾ ਹੈ ਅਤੇ ਫਸੇ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ। ਛੱਤ ਡਿੱਗਣ ਤੋਂ 12 ਘੰਟੇ ਬਾਅਦ ਵੀ ਰਾਹਤ ਕਾਰਜ ਜਾਰੀ ਹਨ।

ਪ੍ਰਥਮ ਮਹਿਲਾ ਰਾਕੇਲ ਅਬਰਾਜੇ ਨੇ ਕਿਹਾ ਕਿ ਇਹ ਬਹੁਤ ਵੱਡੀ ਤ੍ਰਾਸਦੀ ਹੈ। ਡੋਮਿਨਿਕਨ ਰੀਪਬਲਿਕ ਦੀ ਪ੍ਰੋਫੈਸ਼ਨਲ ਬੇਸਬਾਲ ਲੀਗ ਨੇ X 'ਤੇ ਪੋਸਟ ਕੀਤਾ ਕਿ 51 ਸਾਲਾ ਐੱਮਐੱਲਬੀ ਪਿੱਚਰ ਓਕਟਾਵੀਓ ਡੋਟੇਲ ਦੀ ਵੀ ਮੌਤ ਹੋ ਗਈ। ਅਧਿਕਾਰੀਆਂ ਨੇ ਪਹਿਲਾਂ ਡੋਟੇਲ ਨੂੰ ਮਲਬੇ ਤੋਂ ਕੱਢਿਆ ਸੀ ਅਤੇ ਉਸਨੂੰ ਹਸਪਤਾਲ ਲਿਆਂਦਾ ਸੀ। ਲੀਗ ਦੇ ਬੁਲਾਰੇ ਸਤੋਸਕੀ ਟੈਰੇਰੋ ਨੇ ਕਿਹਾ ਕਿ ਡੋਮਿਨਿਕਨ ਬੇਸਬਾਲ ਖਿਡਾਰੀ ਟੋਨੀ ਐਨਰਿਕ ਬਲੈਂਕੋ ਕੈਬਰੇਰਾ ਦੀ ਵੀ ਮੌਤ ਹੋ ਗਈ। ਜ਼ਖਮੀਆਂ ਵਿੱਚ ਰਾਸ਼ਟਰੀ ਸੰਸਦ ਮੈਂਬਰ ਬ੍ਰੇ ਵਰਗਸ ਵੀ ਸ਼ਾਮਲ ਸਨ। ਛੱਤ ਡਿੱਗਣ ਵੇਲੇ ਪ੍ਰੋਗਰਾਮ ਕਰ ਰਹੇ ਮੇਰੇਂਗੂ ਗਾਇਕ ਰੂਬੀ ਪੇਰੇਜ਼ ਵੀ ਮਲਬਾ ਡਿੱਗਣ ਕਾਰਨ ਹੇਠਾਂ ਦਬ ਗਏ। ਬਚਾਅ ਦਲ ਅਜੇ ਵੀ ਪੇਰੇਜ਼ ਦੀ ਭਾਲ ਕਰ ਰਹੇ ਹਨ।

ਕਲੱਬ ਨੇ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਉਹ ਅਧਿਕਾਰੀਆਂ ਨਾਲ ਸਹਿਯੋਗ ਕਰ ਰਿਹਾ ਹੈ। ਕਲੱਬ ਦਾ ਮਾਲਕ ਦੇਸ਼ ਤੋਂ ਬਾਹਰ ਸੀ ਅਤੇ ਮੰਗਲਵਾਰ ਦੇਰ ਰਾਤ ਵਾਪਸ ਆਇਆ। ਉਨ੍ਹਾਂ ਕਿਹਾ, ਇਸ ਘਟਨਾ ਨੂੰ ਬਿਆਨ ਕਰਨ ਲਈ ਉਸ ਕੋਲ ਕੋਈ ਸ਼ਬਦ ਨਹੀਂ ਹਨ। ਜੋ ਹੋਇਆ ਉਹ ਸਾਰਿਆਂ ਲਈ ਤਬਾਹਕੁੰਨ ਹੈ।

# ਚੰਡੀਗੜ੍ਹ ਪੁਲਿਸ ਵੱਲੋਂ ਕਰਨਲ ਬਾਠ ਨਾਲ ਕੁੱਟਮਾਰ ਮਾਮਲੇ ਦੀ ਜਾਂਚ ਲਈ SIT ਕਾਇਮ

**ਚੰਡੀਗੜ੍ਹ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਪੁਲੀਸ ਨੇ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਦੇ ਬਾਹਰ ਕਰਨਲ ਪੁਸ਼ਪਿੰਦਰ ਸਿੰਘ ਬਾਠ ਨਾਲ ਹੋਈ ਮਾਰਕੁੱਟ ਦੇ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਸਿਟ) ਬਣਾ ਦਿੱਤੀ ਹੈ। ਇਹ ਟੀਮ ਏਜੀਐਮਯੂਟੀ ਕਾਡਰ ਦੇ ਆਈਪੀਐਸ ਅਧਿਕਾਰੀ ਮਨਜੀਤ ਦੀ ਅਗਵਾਈ ਹੇਠ ਪੂਰੇ ਮਾਮਲੇ ਦੀ ਜਾਂਚ ਕਰੇਗੀ।



ਇਸ ਜਾਂਚ ਟੀਮ ਵਿੱਚ ਇੱਕ ਡੀਐਸਪੀ ਅਤੇ ਇੰਸਪੈਕਟਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ ਜਿਨ੍ਹਾਂ ਵੱਲੋਂ ਚਾਰ ਮਹੀਨਿਆਂ ਵਿੱਚ ਆਪਣੀ ਰਿਪੋਰਟ ਸੌਂਪੀ ਜਾਵੇਗੀ। ਚੰਡੀਗੜ੍ਹ ਪੁਲੀਸ ਨੇ ਇਹ ਜਾਂਚ ਟੀਮ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਦਿਸ਼ਾ ਨਿਰਦੇਸ਼ਾਂ 'ਤੇ ਤਿਆਰ ਕੀਤੀ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਕਰਨਲ ਪੁਸ਼ਪਿੰਦਰ ਸਿੰਘ ਬਾਠ ਤੇ ਪਰਿਵਾਰਕ ਮੈਂਬਰਾਂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਹੁੰਚ ਕਰ ਕੇ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਏਜੰਸੀ (329) ਤੋਂ ਕਰਵਾਉਣ ਦੀ ਮੰਗ ਕੀਤੀ ਸੀ। ਅਦਾਲਤ ਨੇ ਉਕਤ ਮਾਮਲੇ ਦੀ ਸੁਣਵਾਈ ਕਰਦਿਆਂ ਕਰਨਲ ਬਾਠ ਨਾਲ ਮਾਰਕੁੱਟ ਮਾਮਲੇ ਦੀ ਜਾਂਚ ਚੰਡੀਗੜ੍ਹ ਪੁਲੀਸ ਨੂੰ ਸੌਂਪ ਦਿੱਤੀ ਸੀ।

ਦੱਸਣਯੋਗ ਹੈ ਕਿ 13 ਅਤੇ 14 ਮਾਰਚ ਦੀ ਰਾਤ ਨੂੰ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਦੇ ਬਾਹਰ ਕੁਝ ਪੁਲੀਸ ਅਧਿਕਾਰੀਆਂ ਵੱਲੋਂ ਕਰਨਲ ਬਾਠ ਨਾਲ ਮਾਰਕੁੱਟ ਕਰਨ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ਮਾਮਲੇ ਨੂੰ ਲੈ ਕੇ ਪੀੜਤ ਪਰਿਵਾਰ ਇਨਸਾਫ ਦੀ ਮੰਗ ਲਈ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਤੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਵੀ ਮੁਲਾਕਾਤ ਕਰ ਚੁੱਕਾ ਹੈ।

# ਕੇਂਦਰੀ ਕੈਬਨਿਟ ਵੱਲੋਂ ਛੇ ਮਾਰਗੀ ਜ਼ੀਰਕਪੁਰ ਬਾਈਪਾਸ ਨੂੰ ਹਰੀ ਝੰਡੀ

**ਨਵੀਂ ਦਿੱਲੀ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਕੇਂਦਰੀ ਮੰਤਰੀ ਮੰਡਲ ਨੇ ਬੁੱਧਵਾਰ ਨੂੰ ਟਰੈਫਿਕ ਸਮੱਸਿਆ ਨੂੰ ਦੂਰ ਕਰਨ ਦੇ ਉਦੇਸ਼ ਨਾਲ ਦੋ ਰੇਲਵੇ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਪੰਜਾਬ ਅਤੇ ਹਰਿਆਣਾ ਵਿੱਚ 'ਹਾਈਬ੍ਰਿਡ ਐਨੂਇਟੀ ਮੋਡ' 'ਤੇ 1878.31 ਕਰੋੜ ਰੁਪਏ ਦੀ ਲਾਗਤ ਨਾਲ 19.2 ਕਿਲੋਮੀਟਰ ਲੰਬਾਈ ਵਾਲੇ ਛੇ ਮਾਰਗੀ ਪਹੁੰਚ-ਨਿਯੰਤਰਿਤ ਜ਼ੀਰਕਪੁਰ ਬਾਈਪਾਸ ਦੇ ਨਿਰਮਾਣ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਸ੍ਰੀ ਵੈਸ਼ਨਵ ਨੇ ਕਿਹਾ ਕਿ ਕੈਬਨਿਟ ਨੇ ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਵਿੱਚ 104 ਕਿਲੋਮੀਟਰ ਦੇ ਤਿਰੂਪਤੀ-



ਪਕਲਾ-ਕਟਪੜੀ ਸਿੰਗਲ ਰੇਲਵੇ ਲਾਈਨ ਸੈਕਸ਼ਨ ਨੂੰ 1,332 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਦੁੱਗਣਾ ਕਰਨ ਨੂੰ ਵੀ ਮਨਜ਼ੂਰੀ ਦੇ ਦਿੱਤੀ।

ਇਕ ਅਧਿਕਾਰਤ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਇਸ ਪ੍ਰੋਜੈਕਟ ਦਾ ਮੁੱਖ ਉਦੇਸ਼ ਜ਼ੀਰਕਪੁਰ, ਪੰਚਕੂਲਾ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਭੀੜ-ਭੜੱਕੇ (ਟਰੈਫਿਕ ਸਮੱਸਿਆ) ਨੂੰ ਘੱਟ ਕਰਨਾ ਹੈ। ਇਸ ਤੋਂ ਇਲਾਵਾ ਪਟਿਆਲਾ, ਦਿੱਲੀ, ਮੋਹਾਲੀ ਐਰੋਸਿਟੀ ਤੋਂ ਆਵਾਜਾਈ ਨੂੰ ਮੋੜਨਾ ਅਤੇ ਹਿਮਾਚਲ ਪ੍ਰਦੇਸ਼ ਨਾਲ ਸਿੱਧਾ ਸੰਪਰਕ ਪ੍ਰਦਾਨ ਕਰਨਾ ਹੈ। ਮੌਜੂਦਾ ਪ੍ਰਸਤਾਵ ਦਾ ਉਦੇਸ਼ ਯਾਤਰਾ ਦੇ ਸਮੇਂ ਨੂੰ ਘਟਾਉਣਾ ਅਤੇ ©8-7, ©8-5 ਅਤੇ ©8-152 ਦੇ ਭੀੜ-ਭੜੱਕੇ ਵਾਲੇ ਸ਼ਹਿਰੀ ਭਾਗ ਵਿੱਚ ਮੁਸ਼ਕਲ ਰਹਿਤ ਆਵਾਜਾਈ ਨੂੰ ਯਕੀਨੀ ਬਣਾਉਣਾ ਹੈ।

# ਲਾਲ ਚੰਦ ਕਟਾਰੂਚੱਕ ਵੱਲੋਂ ਪਠਾਨਕੋਟ ਵਿੱਚ ਵੱਖ-ਵੱਖ ਪ੍ਰੋਜੈਕਟਾਂ ਦਾ ਉਦਘਾਟਨ



**ਚੰਡੀਗੜ੍ਹ/ਪਠਾਨਕੋਟ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਸੋਚ ਸਦਕਾ ਪੰਜਾਬ ਵਿੱਚ @ਸਿੱਖਿਆ ਕ੍ਰਾਂਤੀ@ ਦਾ ਦੌਰ ਸ਼ੁਰੂ ਹੋਇਆ ਹੈ, ਜਿਸ ਨਾਲ ਸੂਬੇ ਦੇ ਵਿਦਿਅਕ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਆ ਰਹੀਆਂ ਹਨ।

ਇਹ ਵਿਚਾਰ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਭੋਆ ਵਿਧਾਨ ਸਭਾ ਹਲਕੇ ਅਧੀਨ ਆਉਂਦੇ ਸਰਕਾਰੀ ਪ੍ਰਾਇਮਰੀ ਸਕੂਲ, ਪਪਿਆਲ ਲਈ 13.21 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਨਾਜੋਚੱਕ ਲਈ 8.27 ਲੱਖ ਰੁਪਏ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਜੋਚਕ ਲਈ 11.13 ਲੱਖ ਰੁਪਏ ਦੇ ਵੱਖ-ਵੱਖ ਪ੍ਰੋਜੈਕਟਾਂ ਦਾ ਉਦਘਾਟਨ ਕਰਨ ਮੌਕੇ ਪ੍ਰਗਟ ਕੀਤੇ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨਾਜੋਚੱਕ ਵਿਖੇ ਆਪਣੇ ਸੰਬੋਧਨ ਦੌਰਾਨ ਕੈਬਨਿਟ ਮੰਤਰੀ ਨੇ ਕਿਹਾ ਕਿ ਅਕਾਦਮਿਕ ਖੇਤਰ ਵਿੱਚ ਇਹ ਕ੍ਰਾਂਤੀ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਜਿਨ੍ਹਾਂ ਨੇ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦਾ ਸੁਪਨਾ ਦੇਖਿਆ ਹੈ, ਦੀ ਦੂਰਦਰਸ਼ੀ ਅਗਵਾਈ ਤੇ ਮਾਰਗਦਰਸ਼ਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਸਿੱਖਿਆ ਕ੍ਰਾਂਤੀ ਦੇ ਆਗੂ ਮਨੀਸ਼ ਸਿਸੋਦੀਆ ਦੇ ਠੋਸ ਯਤਨਾਂ ਦਾ ਨਤੀਜਾ ਹੈ। ਹੋਰ ਜਾਣਕਾਰੀ ਦਿੰਦਿਆਂ ਸ੍ਰੀ ਕਟਾਰੂਚੱਕ ਨੇ ਦੱਸਿਆ ਕਿ ਸਿੱਖਿਆ ਕ੍ਰਾਂਤੀ ਦੇ ਹਿੱਸੇ ਵਜੋਂ ਸਕੂਲਾਂ ਵਿੱਚ ਲਾਇਬ੍ਰੇਰੀਆਂ, ਚਾਰਦੀਵਾਰੀਆਂ, ਪਖਾਨੇ ਅਤੇ ਵਿਗਿਆਨ ਪ੍ਰਯੋਗਸ਼ਾਲਾਵਾਂ ਦੀ ਉਸਾਰੀ ਦੇ ਰੂਪ ਵਿੱਚ ਮਜ਼ਬੂਤ ਬੁਨਿਆਦੀ ਢਾਂਚੇ ਨੂੰ ਯਕੀਨੀ ਬਣਾਉਣ ਲਈ ਵੱਡੀ ਰਕਮ ਖਰਚ ਕੀਤੀ ਗਈ ਹੈ।

ਉਨ੍ਹਾਂ ਅੱਗੇ ਕਿਹਾ ਕਿ ਰਾਜ ਸਰਕਾਰ ਦੁਆਰਾ ਲਿਆਂਦੀ ਗਈ ਇਸ ਕ੍ਰਾਂਤੀਕਾਰੀ ਤਬਦੀਲੀ ਨੇ ਲੋਕਾਂ ਦੀ ਸੋਚ ਵਿੱਚ ਇੱਕ ਵੱਡਾ ਬਦਲਾਅ ਲਿਆਂਦਾ ਹੈ, ਜਿਸ ਨਾਲ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੇ ਦਾਖਲੇ ਵਿੱਚ ਭਾਰੀ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਅਧਿਆਪਕਾਂ ਨੂੰ ਸਿਖਲਾਈ ਲਈ ਵਿਦੇਸ਼ ਭੇਜਿਆ ਜਾ ਰਿਹਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਕੂਲਾਂ ਵਿੱਚ ਨਵੀਨਤਮ ਸਿੱਖਿਆ ਅਮਲਾਂ ਨੂੰ ਲਾਗੂ ਕੀਤਾ ਜਾ ਸਕੇ। ਸ੍ਰੀ ਕਟਾਰੂਚੱਕ ਨੇ ਅੱਗੇ ਕਿਹਾ ਕਿ @ਸਿੱਖਿਆ ਕ੍ਰਾਂਤੀ@ ਦਾ ਇਹ ਰੁਝਾਨ ਭਵਿੱਖ ਵਿੱਚ ਵੀ ਜਾਰੀ ਰਹੇਗਾ।

ਇਸ ਮੌਕੇ ਹਲਕਾ ਇੰਚਾਰਜ ਕਮ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਅਮਿਤ ਮੰਟੂ ਨੇ ਵਿਧਾਨ ਸਭਾ ਹਲਕਾ ਸੁਜਾਨਪੁਰ ਅਧੀਨ ਪੈਂਦੇ ਸਰਕਾਰੀ ਪ੍ਰਾਇਮਰੀ ਸਕੂਲ ਕੋਟਮੱਟੀ ਲਈ 1.40 ਲੱਖ ਰੁਪਏ, ਸ਼ਹੀਦ ਗੌਤਮ ਸਿੰਘ ਪਠਾਨੀਆ ਸੀਨੀਅਰ ਸੈਕੰਡਰੀ ਸਕੂਲ ਕੋਟਮੱਟੀ ਲਈ 9.55 ਲੱਖ ਰੁਪਏ ਅਤੇ ਸਰਕਾਰੀ ਹਾਈ ਸਕੂਲ ਕੋਟਮੱਟੀ ਲਈ 11.1 ਲੱਖ ਰੁਪਏ ਦੀ ਲਾਗਤ ਨਾਲ ਵੱਖ-ਵੱਖ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ।

ਇਸੇ ਤਰ੍ਹਾਂ ਵਿਧਾਨ ਸਭਾ ਹਲਕਾ ਪਠਾਨਕੋਟ ਵਿੱਚ ਜ਼ਿਲ੍ਹਾ ਇੰਚਾਰਜ ਪਠਾਨਕੋਟ ਕਮ ਚੇਅਰਮੈਨ, ਇੰਪਰੂਵਮੈਂਟ ਟਰੱਸਟ, ਪਠਾਨਕੋਟ ਵਿਭੂਤੀ ਸ਼ਰਮਾ ਨੇ ਸਰਕਾਰੀ ਪ੍ਰਾਇਮਰੀ ਸਕੂਲ ਢਾਕੀ ਲਈ 2 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਧੀਰਾ ਲਈ 1.4 ਲੱਖ ਰੁਪਏ ਅਤੇ ਸ਼ਹੀਦ ਮੇਜਰ ਦੀਪਕ ਪੱਡਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਦੌਲਤਪੁਰ ਲਈ 19.46 ਲੱਖ ਰੁਪਏ ਦੀ ਲਾਗਤ ਨਾਲ ਵੱਖ-ਵੱਖ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ।

# ਸਾਢੇ ਤਿੰਨ ਸਾਲਾ ਬੱਚੀ ਨਾਲ ਜਬਰ ਜਨਾਹ ਦੇ ਦੋਸ਼ੀਆਂ ਨੂੰ ਸਜ਼ਾ-ਏ-ਮੌਤ ਦਾ ਹੁਕਮ

**ਟੋਹਾਣਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਸਾਲ ਝੋਨੇ ਦੀ ਲੁਆਈ ਦੌਰਾਨ 30 ਜੂਨ, 2024 ਨੂੰ ਪਰਵਾਸੀ ਪਰਿਵਾਰ ਦੀ ਸਾਢੇ ਤਿੰਨ ਸਾਲਾ ਬੱਚੀ ਨਾਲ ਜਬਰ ਜਨਾਹ ਕਰਨ ਤੋਂ ਬਾਅਦ ਬੇਸੁੱਧ ਬੱਚੀ ਨੂੰ ਟੋਹਾਣਾ-ਜਾਖਲ ਸੜਕ 'ਤੇ ਸੁੱਟ ਕੇ ਫ਼ਰਾਰ ਹੋਏ ਦੋ ਵਿਅਕਤੀਆਂ ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੰਦਿਆਂ ਸਜ਼ਾ-ਏ-ਮੌਤ ਦੇ ਹੁਕਮ ਦਿੱਤੇ ਹਨ। ਬੱਚੀ ਦੀ ਇਲਾਜ ਦੌਰਾਨ ਮੌਤ ਹੋ ਗਈ ਸੀ।

ਇਹ ਫ਼ੈਸਲਾ ਜ਼ਿਲ੍ਹਾ ਫਾਸਟ ਟਰੈਕ ਅਦਾਲਤ ਦੇ ਵਧੀਕ ਸੈਸ਼ਨ ਜੱਜ ਅਮਿਤ ਗਰਗ ਦੀ ਅਦਾਲਤ ਨੇ ਸੁਣਾਇਆ ਹੈ ਅਤੇ ਮਾਮਲੇ ਵਿੱਚ ਨਾਮਜ਼ਦ ਦੋ ਮੁਲਜ਼ਮਾਂ - ਪਿੰਡ ਲਲੂਵਾਲ ਦੇ ਮੁਕੇਸ਼ ਤੇ ਕਾਨ੍ਹਾਂਖੇੜਾ ਦੇ ਸਤੀਸ਼ - ਨੂੰ ਦੋਸ਼ੀ ਕਰਾਰ ਦਿੰਦੇ ਹੋਏ 1.75 ਲੱਖ ਰੁਪਏ ਜੁਰਮਾਨੇ ਤੇ ਮੌਤ ਦੀ ਸਜ਼ਾ ਸੁਣਾਈ ਹੈ। ਪੁਲੀਸ ਚਾਲਾਨ ਮੁਤਾਬਕ ਝੋਨੇ ਦੀ ਲੁਆਈ ਦੌਰਾਨ ਦੋਸ਼ੀਆਂ ਨੇ ਕਿਸਾਨ ਦੇ ਖੇਤ ਵਿੱਚ ਟਿਊਬਵੈਲ ਦੇ ਪਾਏ ਕੋਠੇ 'ਤੇ ਠਹਿਰਨ ਲਈ ਪਰਵਾਸੀ ਪਰਿਵਾਰ ਤੋਂ ਰੈਣਬਸੇਰਾ ਮੰਗਿਆ ਸੀ।

ਰਾਤ ਨੂੰ ਦੋਵੇਂ ਦੋਸ਼ੀ ਮਾਂ ਨਾਲ ਸੁੱਤੀ ਸਾਢੇ ਤਿੰਨ ਸਾਲਾ ਬੱਚੀ ਨੂੰ ਚੁੱਕ ਕੇ ਖੇਤਾਂ ਵਿੱਚ ਲੈ ਗਏ ਤੇ ਜਬਰ ਜਨਾਹ ਕੀਤਾ। ਇਸ ਦੌਰਾਨ ਬੱਚੀ ਬੇਸੁੱਧ ਹੋ ਗਈ ਤਾਂ ਮੁਲਜ਼ਿਮ ਖ਼ੂਨ ਨਾਲ ਲਥਪਥ ਬੇਹੋਸ਼ ਬੱਚੀ ਨੂੰ ਸੁੱਟ ਕੇ ਫ਼ਰਾਰ ਹੋ ਗਏ ਸੀ।

ਸਵੇਰੇ ਘਟਨਾ ਦਾ ਪਤਾ ਚਲਣ 'ਤੇ ਬੱਚੀ ਨੂੰ ਪੀਜੀਆਈ ਰੋਹਤਕ ਦਾਖਲ ਕਰਵਾਇਆ ਗਿਆ ਜਿੱਥੇ ਕੁਝ ਦਿਨਾਂ ਬਾਅਦ ਬੱਚੀ ਦੀ ਮੌਤ ਹੋ ਗਈ ਤੇ ਪੁਲੀਸ ਨੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਚਾਲਾਨ ਕੋਰਟ ਵਿੱਚ ਪੇਸ਼ ਕੀਤਾ ਸੀ।

# ਸਰਕਾਰ ਸਕੂਲਾਂ ਨੂੰ ਬੁਨਿਆਦੀ ਢਾਂਚੇ ਅਤੇ ਪੜ੍ਹਾਈ ਪੱਖੋਂ ਮੋਹਰੀ ਬਣਾਉਣ ਲਈ ਯਤਨਸ਼ੀਲ: ਮੀਤ ਹੇਅਰ



**ਬਰਨਾਲਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਸਰਕਾਰੀ ਸਕੂਲ ਪ੍ਰਾਈਵੇਟ ਸਕੂਲਾਂ ਨੂੰ ਮਾਤ ਦੇ ਰਹੇ ਹਨ ਅਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਹੁਣ ਖੇਡਾਂ ਅਤੇ ਸਿੱਖਿਆ ਦੇ ਖੇਤਰ ਵਿਚ ਮੱਲਾਂ ਮਾਰ ਰਹੇ ਹਨ।

ਇਹ ਪ੍ਰਗਟਾਵਾ ਲੋਕ ਸਭਾ ਮੈਂਬਰ ਸ. ਗੁਰਮੀਤ ਸਿੰਘ ਮੀਤ ਹੇਅਰ ਨੇ ਸਰਕਾਰੀ ਹਾਈ ਸਕੂਲ ਸੰਘੇੜਾ ਵਿਖੇ ਉਦਘਾਟਨ ਸਮਾਰੋਹ ਦੌਰਾਨ ਸੰਬੋਧਨ ਕਰਦੇ ਹੋਏ ਕੀਤਾ। ਉਨ੍ਹਾਂ ਦੱਸਿਆ ਕਿ ਸਰਕਾਰੀ ਹਾਈ ਸਕੂਲ ਸੰਘੇੜਾ ਵਿੱਚ 16.21 ਲੱਖ ਦੀ ਲਾਗਤ ਨਾਲ, ਸਰਕਾਰੀ ਪ੍ਰਾਇਮਰੀ ਸਕੂਲ ਸੰਘੇੜਾ ਵਿੱਚ 17.88 ਲੱਖ ਦੀ ਲਾਗਤ ਨਾਲ ਚਾਰਦੀਵਾਰੀ, ਪਖਾਨਿਆਂ ਤੇ ਕਮਰਿਆਂ ਦੇ ਨਵੀਨੀਕਰਨ ਦੇ ਕੰਮ ਕਰਾਏ ਗਏ ਹਨ। ਇਸ ਮਗਰੋਂ ਉਨ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੇਖਾ ਵਿੱਚ 22.29 ਲੱਖ ਤੇ ਸਰਕਾਰੀ ਪ੍ਰਾਇਮਰੀ ਸਕੂਲ ਸੇਖਾ ਵਿੱਚ 19.19 ਲੱਖ ਦੀ ਲਾਗਤ ਵਾਲੇ ਵਿਕਾਸ ਕੰਮਾਂ ਦਾ ਉਦਘਾਟਨ ਕੀਤਾ।

ਇਸ ਮੌਕੇ ਉਨ੍ਹਾਂ ਸਕੂਲ ਅਧਿਆਪਕਾਂ ਨੂੰ ਮਿਹਨਤ ਅਤੇ ਸ਼ਿੱਦਤ ਨਾਲ ਵਿਦਿਆਰਥੀਆਂ ਦਾ ਭਵਿੱਖ ਰੌਸ਼ਨ ਕਰਨ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਸਰਕਾਰ ਵਲੋਂ ਵੀ ਫੰਡਾਂ ਅਤੇ ਸਹੂਲਤਾਂ ਪੱਖੋਂ ਕਮੀ ਨਹੀਂ ਛੱਡੀ ਜਾ ਰਹੀ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਦੋ ਸਾਲਾਂ ਵਿੱਚ ਸਕੂਲਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਹੋਰ ਕੰਮ ਕੀਤਾ ਜਾਵੇਗਾ, ਜਿਸ ਦੇ ਨਤੀਜੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਦੀਆਂ ਤੱਕ ਮਿਲਦੇ ਰਹਿਣਗੇ।

ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਮੈਡਮ ਨੀਰਜਾ, ਹਰਿੰਦਰ ਸਿੰਘ ਧਾਲੀਵਾਲ, ਸਿੱਖਿਆ ਕੋਆਰਡੀਨੇਟਰ ਸਤਨਾਮ ਸਿੰਘ, ਸਕੂਲ ਪ੍ਰਿੰਸੀਪਲ, ਵਿਦਿਆਰਥੀ, ਮਾਪੇ ਅਤੇ ਪਤਵੰਤੇ ਹਾਜ਼ਰ ਸਨ।

# ਡਾ. ਬਲਜੀਤ ਕੌਰ ਵੱਲੋਂ ਸਾਡੇ ਬੁਜ਼ੁਰਗ, ਸਾਡਾ ਮਾਣ ਮੁਹਿੰਮ ਤਹਿਤ ਲਗਾਇਆ ਜਾਵੇਗਾ ਰਾਜ ਪੱਧਰੀ ਮੈਡੀਕਲ ਕੈਂਪ

**ਬਰਨਾਲਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਤਿਆਰ ਬਾਬਾ ਫੂਲ ਸਰਕਾਰੀ ਬਿਰਧ ਘਰ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ ਡਾ. ਬਲਜੀਤ ਕੌਰ ਵੱਲੋਂ ਲੋਕ ਅਰਪਣ ਕੀਤਾ ਗਿਆ। ਖੱਟਰ ਪੱਤੀ, ਢਿੱਲਵਾਂ ਰੋਡ, ਤਪਾ (ਜ਼ਿਲ੍ਹਾ ਬਰਨਾਲਾ) ਵਿਖੇ ਬਣੇ ਇਸ ਆਸ਼ਰਮ @ਚ ਇਸ ਵੇਲੇ 5 ਬਜ਼ੁਰਗ ਰਜਿਸਟ੍ਰੇਸ਼ਨ ਸ਼ੁਰੂ ਹੋਣ ਮਗਰੋਂ ਰਹਿ ਰਹੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀ ਟੀ ਬੈਨਿਥ ਨੇ ਦੱਸਿਆ ਕਿ ਇਹ ਆਸ਼ਰਮ 26 ਕਨਾਲ 17 ਮਰਲੇ ਜਗ੍ਹਾ ਵਿੱਚ ਉਸਾਰਿਆ ਗਿਆ ਹੈ।

8.21 ਕਰੋੜ ਰੁਪਏ ਦੀ ਲਾਗਤ ਨਾਲ ਇਸ ਤਿੰਨ ਮੰਜ਼ਿਲ ਇਮਾਰਤ ਦੀ ਉਸਾਰੀ ਕੀਤੀ ਗਈ ਹੈ ਤੇ ਇਸ ਨੂੰ ਸਚਾਰੂ ਢੰਗ ਨਾਲ ਚਲਾਉਣ ਕੁੱਲ 1 ਕਰੋੜ ਤੋਂ ਵੱਧ ਦਾ ਸਮਾਨ ਖਰੀਦਿਆ ਗਿਆ ਹੈ।



ਬਜ਼ੁਰਗਾਂ ਦੀ ਦੇਖਭਾਲ ਕਰਨ ਦੇ ਨਾਲ-ਨਾਲ ਬਿਰਧ ਵਿਅਕਤੀਆਂ ਨੂੰ ਡਾਰਮਿਟਰੀ, ਭੋਜਨ, ਮੈਡੀਕਲ ਸਹੂਲਤਾਂ, ਡੇ ਕੇਅਰ, ਲਾਇਬ੍ਰੇਰੀ, ਬਾਗਬਾਨੀ ਅਤੇ ਜਿਮ ਆਦਿ ਸਹੂਲਤਾਂ ਮੁਫ਼ਤ ਹਨ। ਇਸ 72 ਬੈਡ ਦੀ ਸਮਰਥਾ ਵਾਲੇ ਆਸ਼ਰਮ ਵਿਚ ਇਸ ਵੇਲੇ 14 ਕਰਮਚਾਰੀ ਤਾਇਨਾਤ ਕੀਤੇ ਗਏ ਹਨ ਜਿਹੜੇ ਬਜ਼ੁਰਗਾਂ ਦਾ ਖਿਆਲ ਵੀ ਰੱਖਣਗੇ।

ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਤੋਂ ਇਲਾਵਾ ਭਲਕੇ ਬਿਰਧ ਘਰ ਵਿੱਚ ਸਾਡੇ ਬਜ਼ੁਰਗ, ਸਾਡਾ ਮਾਣ ਮੁਹਿੰਮ ਤਹਿਤ ਇਕ ਵਿਸ਼ਾਲ ਸਿਹਤ ਚੈੱਕਅਪ ਕੈਂਪ ਸਵੇਰੇ 10 ਵਜੇ ਤੋਂ 2 ਵਜੇ ਤੱਕ ਲਾਇਆ ਜਾ ਰਿਹਾ ਹੈ।

# ਪਿਛਲੇ ਤਿੰਨ ਸਾਲਾਂ ਦੌਰਾਨ 40 ਕਰੋੜ ਰੁਪਏ ਤੋਂ ਵੀ ਵੱਧ ਲਾਗਤ ਨਾਲ ਵਿਕਾਸ ਕਾਰਜ ਕਰਵਾਏ : ਅਮਨ ਅਰੋੜਾ



**ਸੰਗਰੂਰ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਲੌਂਗੋਵਾਲ ਦੇ ਪਟਵਾਰੀਆਂ ਦੀ ਇਕ ਅਹਿਮ ਮੰਗ ਨੂੰ ਪੂਰਾ ਕਰਦੇ ਹੋਏ ਪਟਵਾਰਖਾਨੇ ਦੇ ਨਵੀਨੀਕਰਨ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਅਤੇ ਐਸਡੀਐਮ ਚਰਨਜੋਤ ਸਿੰਘ ਵਾਲੀਆ ਵੀ ਉਨ੍ਹਾਂ ਦੇ ਨਾਲ ਸਨ। ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪਟਵਾਰਖਾਨੇ ਦੀ ਹਾਲਤ ਤਰਸਯੋਗ ਸੀ ਅਤੇ ਪਟਵਾਰੀਆਂ ਸਮੇਤ ਕੰਮ ਕਾਰ ਕਰਵਾਉਣ ਲਈ ਆਉਣ ਵਾਲੇ ਲੋਕਾਂ ਨੂੰ ਇਮਾਰਤ ਦੀ ਖ਼ਸਤਾ ਹਾਲਤ ਅਤੇ ਬੁਨਿਆਦੀ ਸੁਵਿਧਾਵਾਂ ਦੀ ਘਾਟ ਕਾਰਨ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਜਿਸ ਨੂੰ ਦੇਖਦਿਆਂ 34.48 ਲੱਖ ਰੁਪਏ ਦੀ ਰਾਸ਼ੀ ਨਾਲ ਇਸ ਪਟਵਾਰਖਾਨੇ ਦਾ ਕਾਇਆ ਕਲਪ ਕੀਤਾ ਜਾਵੇਗਾ ਜਿਸ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਮਾਲ ਵਿਭਾਗ ਨਾਲ ਸੰਬੰਧਿਤ ਸੇਵਾਵਾਂ ਹਾਸਿਲ ਕਰਨ ਵਿੱਚ ਲੋਕਾਂ ਨੂੰ ਸੁਵਿਧਾ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਨਵੀਨੀਕਰਨ ਪ੍ਰੋਜੈਕਟ ਵਿੱਚ ਜਿੱਥੇ ਪਟਵਾਰ ਸਟੇਸ਼ਨ ਨੂੰ ਨਵੇਂ ਸਿਰਿਉਂ ਤਿਆਰ ਕੀਤਾ ਜਾਵੇਗਾ ਉੱਥੇ ਹੀ ਇੰਟਰਲਾਕਿੰਗ ਟਾਈਲ , ਨਵੇਂ ਬਾਥਰੂਮਾਂ ਦੀ ਉਸਾਰੀ ਅਤੇ ਨਵੀਂ ਰਸੋਈ ਦੀ ਉਸਾਰੀ ਵੀ ਹੋਵੇਗੀ ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ 52 ਸ਼ਹੀਦਾਂ ਦੀ ਧਰਤੀ ਲੌਂਗੋਵਾਲ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ 40 ਕਰੋੜ ਰੁਪਏ ਤੋਂ ਵੀ ਵੱਧ ਲਾਗਤ ਨਾਲ ਵੱਡੀ ਗਿਣਤੀ ਵਿੱਚ ਵਿਕਾਸ ਪ੍ਰੋਜੈਕਟ ਮੁਕੰਮਲ ਕਰਵਾਏ ਜਾ ਚੁੱਕੇ ਹਨ ਅਤੇ ਅਨੇਕਾਂ ਹੀ ਹੋਰ ਪ੍ਰੋਜੈਕਟ ਪ੍ਰਗਤੀ ਅਧੀਨ ਹਨ ਜਿਨਾਂ ਦੇ ਪੂਰਾ ਹੋਣ ਨਾਲ ਲੌਂਗੋਵਾਲ ਨਿਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ।

ਇਸ ਮੌਕੇ ਪਰਮਿੰਦਰ ਕੌਰ ਬਰਾੜ ਪ੍ਰਧਾਨ ਨਗਰ ਕੌਂਸਲ, ਵਿੱਕੀ ਵਸ਼ਿਸ਼ਟ ਬਲਾਕ ਪ੍ਰਧਾਨ, ਸੂਬੇਦਾਰ ਮੇਲਾ ਸਿੰਘ ਐਮਸੀ, ਗੁਰਮੀਤ ਸਿੰਘ ਫੌਜੀ ਐਮਸੀ, ਬਲਵਿੰਦਰ ਸਿੰਘ ਐਮਸੀ, ਦਵਿੰਦਰ ਢਿੱਲੋ, ਸੀਸ਼ਨਪਾਲ ਐਮਸੀ ਵੀ ਹਾਜ਼ਰ ਸਨ।

# ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਤੋਂ ਪਹਿਲਾਂ ਵਿਸ਼ੇਸ਼ ਸੰਖੇਪ ਸੋਧ ਬਾਰੇ ਸਿਆਸੀ ਪਾਰਟੀਆਂ ਨਾਲ ਕੀਤੀ ਮੀਟਿੰਗ

**ਚੰਡੀਗੜ੍ਹ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

64-ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਤੋਂ ਪਹਿਲਾਂ, ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਬੁੱਧਵਾਰ ਨੂੰ ਫੋਟੋ ਵੋਟਰ ਸੂਚੀ ਦੇ ਚੱਲ ਰਹੀ ਵਿਸ਼ੇਸ਼ ਸੰਖੇਪ ਸੋਧ @ਤੇ ਚਰਚਾ ਕਰਨ ਲਈ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਇੱਕ ਮੀਟਿੰਗ ਕੀਤੀ। ਇਸ ਵੋਟਰ ਸੂਚੀ ਵਿੱਚ ਯੋਗਤਾ ਮਿਤੀ 1 ਅਪ੍ਰੈਲ 2025 ਹੈ।

ਮੀਟਿੰਗ ਦੌਰਾਨ, ਮੁੱਖ ਚੋਣ ਅਧਿਕਾਰੀ ਨੇ ਸਿਆਸੀ ਪਾਰਟੀਆਂ ਨੂੰ ਈ.ਆਰ.ਓ. ਲੁਧਿਆਣਾ ਪੱਛਮੀ ਵੱਲੋਂ 9 ਅਪ੍ਰੈਲ 2025 ਨੂੰ ਕੀਤੀ ਗਈ ਵੋਟਰ ਸੂਚੀ ਦੇ ਖਰੜੇ ਦੀ ਪ੍ਰਕਾਸ਼ਨਾ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਸਿਆਸੀ ਪਾਰਟੀਆਂ ਨੂੰ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਲਕੇ ਵਿੱਚ ਪੋਲਿੰਗ ਸਟੇਸ਼ਨਾਂ ਦੀ ਤਰਕਸੰਗਤਤਾ ਅਤੇ ਏਕੀਕਰਨ ਮੁਕੰਮਲ ਕਰ ਲਿਆ ਗਿਆ ਹੈ। ਚੋਣ ਕਮਿਸ਼ਨ ਦੀ ਤਰਕਸੰਗਤਾ ਅਤੇ ਪ੍ਰਵਾਨਗੀ ਤੋਂ ਬਾਅਦ ਹਲਕੇ ਵਿੱਚ ਪੋਲਿੰਗ ਸਟੇਸ਼ਨਾਂ ਦੀ ਕੁੱਲ ਗਿਣਤੀ 192 ਹੈ, ਜੋ ਕਿ ਸਾਰੇ ਸ਼ਹਿਰੀ ਖੇਤਰ ਵਿੱਚ ਹਨ। ਹਾਲਾਂਕਿ, ਇਹ ਯਕੀਨੀ ਬਣਾਉਣ ਲਈ ਵਿਵਸਥਾ ਕੀਤੀ ਗਈ ਹੈ ਕਿ ਕਿਸੇ ਵੀ ਪੋਲਿੰਗ ਸਟੇਸ਼ਨ 'ਤੇ ਵੋਟਰਾਂ ਦੀ ਗਿਣਤੀ 1,200 ਤੋਂ ਵੱਧ ਨਾ ਹੋਵੇ ਤਾਂ ਜੋ ਪਹੁੰਚਯੋਗਤਾ ਅਤੇ ਸਹੂਲਤ ਨੂੰ ਵਧਾਇਆ ਜਾ ਸਕੇ।



ਖਰੜੇ ਮੁਤਾਬਕ, 64-ਲੁਧਿਆਣਾ ਪੱਛਮੀ ਵਿੱਚ ਵੋਟਰਾਂ ਦੀ ਕੁੱਲ ਗਿਣਤੀ 1,73,071 ਹੈ। ਦਾਅਵੇ ਅਤੇ ਇਤਰਾਜ਼ 9 ਅਪ੍ਰੈਲ ਤੋਂ 24 ਅਪ੍ਰੈਲ 2025 ਤੱਕ ਦਾਇਰ ਕੀਤੇ ਜਾ ਸਕਦੇ ਹਨ। ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ 5 ਮਈ 2025 ਨੂੰ ਨਿਰਧਾਰਤ ਕੀਤੀ ਗਈ ਹੈ।

ਸਿਬਿਨ ਸੀ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਵੋਟਰਾਂ ਨੂੰ ਅੱਪਡੇਟ ਕਰਨ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਦਾਅਵੇ ਅਤੇ ਇਤਰਾਜ਼ ਦਰਜ ਕਰਨ ਦੀ ਪ੍ਰਕਿਰਿਆ ਵਿੱਚ ਵੋਟਰਾਂ ਦੀ ਮਦਦ ਕਰਨ ਲਈ ਬੂਥ ਲੈਵਲ ਏਜੰਟਾਂ (ਬੀ.ਐਲ.ਏਜ਼) ਨੂੰ ਤਾਇਨਾਤ ਕਰਕੇ ਸੋਧ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਖੁਸ਼ੀ ਜ਼ਾਹਰ ਕੀਤੀ ਕਿ ਕੁਝ ਸਿਆਸੀ ਪਾਰਟੀਆਂ ਵੱਲੋਂ ਪਹਿਲਾਂ ਹੀ ਆਪਣੇ ਬੀ.ਐਲ.ਏ. ਦੀ ਨਿਯੁਕਤੀ ਕੀਤੇ ਜਾ ਚੁੱਕੇ ਹਨ ਅਤੇ ਹੋਰਨਾਂ ਪਾਰਟੀਆਂ ਨੂੰ ਪਾਰਦਰਸ਼ੀ ਚੋਣ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਇਸ ਦੀ ਪਾਲਣਾ ਕਰਨ ਲਈ ਉਤਸ਼ਾਹਿਤ ਕੀਤਾ ਹੈ।

ਸਿਬਿਨ ਸੀ ਨੇ ਕਿਹਾ, ਚੋਣ ਪ੍ਰਕਿਰਿਆ ਦੀ ਪਾਰਦਰਸ਼ਤਾ ਨੂੰ ਬਰਕਰਾਰ ਰੱਖਣ ਲਈ ਸਿਆਸੀ ਪਾਰਟੀਆਂ ਦਾ ਸਹਿਯੋਗ ਬਹੁਤ ਅਹਿਮ ਹੈ।

ਉਹਨਾਂ ਦੇ ਬੂਥ ਲੈਵਲ ਏਜੰਟਾਂ ਰਾਹੀਂ, ਅਸੀਂ ਸਾਰੀਆਂ ਪਾਰਟੀਆਂ ਨੂੰ ਵੋਟਰਾਂ ਤੱਕ ਪਹੁੰਚ ਕਰਨ, ਵੋਟਰਾਂ ਦੀ ਤਸਦੀਕ ਨੂੰ ਉਤਸ਼ਾਹਿਤ ਕਰਨ, ਅਤੇ ਵੋਟਰ ਸੂਚੀ ਦੀ ਸੋਧ ਪ੍ਰਕਿਰਿਆ ਵਿੱਚ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਅਪੀਲ ਕਰਦੇ ਹਾਂ।

ਉਨ੍ਹਾਂ ਨੇ ਆਜ਼ਾਦ, ਨਿਰਪੱਖ ਅਤੇ ਸਮਾਵੇਸ਼ੀ ਚੋਣਾਂ ਨੂੰ ਯਕੀਨੀ ਬਣਾਉਣ ਲਈ ਚੋਣ ਕਮਿਸ਼ਨ ਦੀ ਵਚਨਬੱਧਤਾ ਨੂੰ ਵੀ ਦੁਹਰਾਇਆ ਅਤੇ ਸਾਰੇ ਭਾਈਵਾਲਾਂ ਨੂੰ ਜਮਹੂਰੀਅਤ ਦੀਆਂ ਨੀਹਾਂ ਨੂੰ ਮਜ਼ਬੂਤ ਕਰਨ ਲਈ ਇਕਜੁੱਟ ਹੋਣ ਲਈ ਉਤਸ਼ਾਹਿਤ ਕੀਤਾ।

# ਪੰਜਾਬ 'ਚ ਕੁੱਤੇ ਤੇ ਕੁੱਤਿਆਂ ਦੀ ਵਰਤੋਂ ਵਾਲੇ ਸਾਮਾਨ ਸਮੇਤ ਪਸ਼ੂਆਂ ਦੀਆਂ ਦਵਾਈਆਂ ਵੇਚਣ ਵਾਲਿਆਂ ਲਈ ਪਸ਼ੂ ਭਲਾਈ ਬੋਰਡ ਕੋਲ ਰਜਿਸਟ੍ਰੇਸ਼ਨ ਕਰਵਾਉਣ ਜ਼ਰੂਰੀ : ਡਾ. ਗੁਰਦਰਸ਼ਨ ਸਿੰਘ

**ਪਟਿਆਲਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਪਸ਼ੂ ਭਲਾਈ ਦੇ ਕੰਮ ਨੂੰ ਮੁੱਖ ਰੱਖਦੇ ਹੋਏ ਵੱਡਾ ਕਦਮ ਚੁੱਕਦਿਆਂ ਪੰਜਾਬ ਵਿੱਚ ਪਾਲਤੂ ਜਾਨਵਰਾਂ ਅਤੇ ਪੈਟ ਸ਼ਾਪਸ ਰਾਹੀਂ ਕੁੱਤਿਆਂ ਦੀ ਬ੍ਰੀਡਿੰਗ ਅਤੇ ਮਾਰਕੀਟਿੰਗ ਨੂੰ ਨਿਯੰਤਰਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਪ੍ਰਮੁੱਖ ਸਕੱਤਰ, ਸ੍ਰੀ ਰਾਹੁਲ ਭੰਡਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾਕਟਰ ਗੁਰਸ਼ਰਨਜੀਤ ਸਿੰਘ ਬੇਦੀ ਵੱਲੋਂ ਪੰਜਾਬ ਦੇ ਡਾਗ ਬ੍ਰੀਡਿੰਗ ਅਤੇ ਪੈਟ ਸ਼ਾਪਸ ਦੇ ਕਾਰੋਬਾਰ ਵਿੱਚ ਲੱਗੇ ਹੋਏ ਕਾਰੋਬਾਰੀਆਂ ਨੂੰ ਡੋਗ ਬਰੀਡਿੰਗ ਰੂਲਜ਼ 2017 ਅਤੇ ਪੈਟ ਸ਼ਾਪਸ ਰੂਲਜ਼ 2018 ਦੀ ਪਾਲਣਾ ਕਰਵਾਉਣ ਲਈ ਪਸ਼ੂ ਭਲਾਈ ਬੋਰਡ ਪੰਜਾਬ ਨਾਲ ਰਜਿਸਟ੍ਰੇਸ਼ਨ ਕਰਾਉਣ ਬਾਰੇ ਅਪੀਲ ਕੀਤੀ ਗਈ ਹੈ। ਇਸ ਗੱਲ ਦਾ ਪ੍ਰਗਟਾਵਾ ਡਿਪਟੀ ਡਾਇਰੈਕਟਰ ਪਟਿਆਲਾ, ਡਾਕਟਰ ਗੁਰਦਰਸ਼ਨ ਸਿੰਘ ਨੇ ਕੀਤਾ ਅਤੇ ਉਨ੍ਹਾਂ ਵੱਲੋਂ ਸਮੂਹ ਜ਼ਿਲ੍ਹਾ ਪਟਿਆਲਾ ਦੇ ਪੈਟ ਸ਼ਾਪਸ ਅਤੇ ਡਾਗ ਬਰੀਡਰਜ਼ ਨੂੰ ਜਾਣਕਾਰੀ ਦੇਂਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਇੰਨਾ ਦੀ ਰਜਿਸਟ੍ਰੇਸ਼ਨ ਕਰਵਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ ਇਹ ਰਜਿਸਟ੍ਰੇਸ਼ਨ ਪਸ਼ੂ ਭਲਾਈ ਬੋਰਡ ਪੰਜਾਬ ਦੇ ਵੱਲੋਂ ਵੱਖ-ਵੱਖ ਹਦਾਇਤਾਂ ਅਤੇ ਨਿਯਮਾਂ ਅਧੀਨ ਹੋਵੇਗੀ। ਇਨ੍ਹਾਂ ਪੈੱਟ ਸ਼ਾਪਸ ਅਤੇ ਡਾਗ ਬਰੀਡਰਜ਼ ਦੀ ਰਜਿਸਟ੍ਰੇਸ਼ਨ ਕਰਵਾਉਣ ਲਈ ਇੱਕ ਕਮੇਟੀ ਦਾ ਗਠਨ ਜ਼ਿਲ੍ਹਾ ਪੱਧਰ ਅਤੇ ਤਹਿਸੀਲ ਪੱਧਰੀ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ । ਜਿਸ ਦੇ ਨੁਮਾਇੰਦੇ ਪਸ਼ੂ ਪਾਲਣ ਵਿਭਾਗ, ਵਣ ਅਤੇ ਜੰਗਲਾਤ ਵਿਭਾਗ, ਸਥਾਨਿਕ ਸਰਕਾਰ ਵਿਭਾਗ, ਪੁਲਿਸ ਵਿਭਾਗ ਅਤੇ ਐਸ.ਪੀ.ਸੀ.ਏ ਹੋਣਗੇ । ਇਸ ਕਮੇਟੀ ਦੇ ਸਹਿਯੋਗ ਨਾਲ ਹੀ ਸਾਰਾ ਰਜਿਸਟ੍ਰੇਸ਼ਨ ਦਾ ਕੰਮ ਸ਼ੁਰੂ ਕੀਤਾ ਜਾਵੇਗਾ । ਪਸ਼ੂ ਭਲਾਈ ਬੋਰਡ ਪੰਜਾਬ ਦੀਆ ਹਿਦਾਇਤਾਂ ਦੀ ਪਾਲਣਾ ਕਰਨੀ ਜ਼ਰੂਰੀ ਹੋਵੇਗੀ ਅਤੇ ਬਿਨਾਂ ਰਜਿਸਟ੍ਰੇਸ਼ਨ ਦੇ ਕੋਈ ਵੀ ਵਿਅਕਤੀ ਬਰੀਡਿੰਗ ਅਤੇ ਪੈਟ ਸ਼ਾਪਸ ਦਾ ਕੰਮ ਜਿਸ ਰਾਹੀਂ ਪੈਟਸ ਦੀ ਵੇਚ ਖ਼ਰੀਦ ਕੀਤੀ ਜਾਂਦੀ ਹੈ ਅਜਿਹਾ ਕਾਰੋਬਾਰ ਨਹੀਂ ਕਰ ਸਕੇਗਾ । ਇਸ ਲਈ ਜ਼ਿਲ੍ਹਾ ਪਟਿਆਲਾ ਦੇ ਸਾਰੇ ਪੈੱਟ ਸ਼ਾਪਸ ਅਤੇ ਡਾਗ ਬਰੀਡਰਜ਼ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸਾਰੇ ਪਸ਼ੂ ਭਲਾਈ ਬੋਰਡ ਨਾਲ ਰਜਿਸਟ੍ਰੇਸ਼ਨ ਕਰਵਾਉਣ ਲਈ ਤੁਰੰਤ ਆਪਣੇ ਨਜ਼ਦੀਕੀ ਸਿਵਲ ਵੈਟਰਨਰੀ ਹਸਪਤਾਲ ਨਾਲ ਸੰਪਰਕ ਕੀਤਾ ਜਾਵੇ ।

## ਰਜਿਸਟਰੀ ਕਰਾਉਣ ਵਾਲਿਆਂ ਨੂੰ ਵੱਡੀ ਰਾਹਤ ! ਦਸਤਾਵੇਜ਼ਾਂ ਨੂੰ ਲੈ ਕੇ ਜਾਰੀ ਹੋਏ ਨਵੇਂ ਹੁਕਮ

**ਏਜੰਸੀਆਂ**

ਜ਼ੀਰਕਪੁਰ 10 ਅਪ੍ਰੈਲ। ਜ਼ੀਰਕਪੁਰ 'ਚ ਲੋਕਾਂ ਲਈ ਪ੍ਰਾਪਰਟੀ ਦੀ ਰਜਿਸਟਰੀ ਕਰਵਾਉਣੀ ਹੁਣ ਸੌਖੀ ਹੋ ਗਈ ਹੈ ਕਿਉਂਕਿ ਰਜਿਸਟਰੀ ਕਰਵਾਉਣ ਲਈ ਜਿਹੜੇ ਸਰਕਾਰੀ ਦਸਤਾਵੇਜ਼ ਲੈਣ ਲਈ ਫਰਦ



ਕੇਂਦਰ 'ਤੇ ਨਿਰਭਰ ਰਹਿਣਾ ਪੈਂਦਾ ਸੀ, ਉਹ ਸਰਕਾਰੀ ਦਸਤਾਵੇਜ਼ ਹੁਣ ਵਿਅਕਤੀ ਆਪਣੇ ਘਰ ਬੈਠ ਕੇ ਆਨਲਾਈਨ ਤਕਨੀਕ ਨਾਲ ਕੱਢ ਸਕੇਗਾ। ਇਹ ਕਹਿਣਾ ਹੈ ਜ਼ੀਰਕਪੁਰ ਸਬ ਤਹਿਸੀਲ ਦੇ ਜੁਆਇੰਟ ਸਬ ਰਜਿਸਟਰਾਰ ਛਤਰਪਾਲ ਸਿੰਘ ਦਾ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਪ੍ਰਾਪਰਟੀ ਦੀ ਰਜਿਸਟ?ਰੇਸ਼ਨ ਕਰਵਾਉਣ 'ਚ ਜ਼ਮੀਨ ਦੇ ਅਸਲ ਮਾਲਕ ਦੀ ਜਾਣਕਾਰੀ ਲੈਣ ਲਈ ਮਾਲ ਵਿਭਾਗ ਦੇ ਫਰਦ ਕੇਂਦਰ ਜਾ ਕੇ ਜ਼ਰੂਰੀ ਕਾਗਜ਼ ਕੱਢਵਾਉਣ ਦੀ ਲੋੜ ਪੈਂਦੀ ਹੈ। ਇਸ ਤੋਂ ਬਾਅਦ ਪ੍ਰਾਪਰਟੀ ਦੀ ਰਜਿਸਟ?ਰੇਸ਼ਨ ਦੀ ਪ੍ਰਕਿਰਿਆ ਨੂੰ ਪੂਰਾ ਮੰਨਿਆ ਜਾਂਦਾ ਹੈ। ਜੇਕਰ ਇਹ ਦਸਤਾਵੇਜ਼ ਕਿਸੇ ਕਾਰਨ ਨਾ ਮਿਲ ਸਕਣ ਤਾਂ ਅਧਿਕਾਰੀਆਂ ਵਲੋਂ ਪ੍ਰਾਪਰਟੀ ਦੀ ਰਜਿਸਟ?ਰੇਸ਼ਨ ਨੂੰ ਰੱਦ ਕਰ ਦਿੱਤਾ ਜਾਂਦਾ ਹੈ। ਦੱਸਣਯੋਗ ਹੈ ਕਿ 4 ਮਾਰਚ ਨੂੰ ਮੁੱਖ ਮੰਤਰੀ ਭਗਵੰਤ ਮਾਨ ਖ਼ੁਦ ਜ਼ੀਰਕਪੁਰ ਸਬ ਤਹਿਸੀਲ 'ਚ ਆਏ ਸਨ, ਜਿਨ੍ਹਾਂ ਨੂੰ ਲੋਕਾਂ ਨੇ ਫਰਦ ਕੇਂਦਰਾਂ ਤੋਂ ਮਿਲਣ ਵਾਲੇ ਦਸਤਾਵੇਜ਼ਾਂ ਨੂੰ ਲੈ ਕੇ ਲੱਗਣ ਵਾਲੀਆਂ ਲੰਬੀਆਂ ਲਾਈਨਾਂ ਤੋਂ ਮੁਕਤੀ ਦਿਵਾਉਣ ਦੀ ਮੰਗ ਕੀਤੀ ਸੀ। ਮੁੱਖ ਮੰਤਰੀ ਨੇ ਲੋਕਾਂ ਨੂੰ ਭਰੋਸਾ ਦਿੰਦੇ ਹੋਏ ਮਾਲੀਆ ਵਿਭਾਗ ਨੂੰ ਹੁਕਮ ਜਾਰੀ ਕੀਤੇ ਸਨ। ਪ੍ਰਾਪਰਟੀ ਦਾ ਸੌਦਾ ਤੈਅ ਹੋਣ ਤੋਂ ਬਾਅਦ ਜ਼ਮੀਨਾਂ ਨਾਲ ਜੁੜੇ ਦਸਤਾਵੇਜ਼ ਹਾਸਲ ਕਰਨ ਲਈ ਫਰਦ ਕੇਂਦਰਾਂ ਦੀਆਂ ਲਾਈਨਾਂ 'ਚ ਲੱਗਣਾ ਪੈਂਦਾ ਸੀ ਪਰ ਹੁਣ ਲੋਕਾਂ ਦੀ ਪਰੇਸ਼ਾਨੀ ਦੇਖਦੇ ਹੋਏ ਪੰਜਾਬ ਸਰਕਾਰ ਵਲੋਂ ਸੂਬੇ ਦੇ ਅੰਦਰ ਜ਼ਮੀਨਾਂ ਦੇ ਰਿਕਾਰਡ ਨੂੰ ਆਨਲਾਈਨ ਕਰ ਦਿੱਤਾ ਗਿਆ ਹੈ। ਹੁਣ ਦਸਤਾਵੇਜ਼ ਵਿਅਕਤੀ ਘਰ ਬੈਠ ਕੇ ਵਿਭਾਗ ਦੀ ਵੈੱਬਸਾਈਟ ਤੋਂ ਸੌਖੇ ਤਰੀਕੇ ਨਾਲ ਕੱਢ ਸਕਦਾ ਹੈ।

# ਪੰਜਾਬ ਦੇ ਸਕੂਲਾਂ ਲਈ ਵੱਡੇ ਕਦਮ ਚੁੱਕਣ ਜਾ ਰਹੀ ਪੰਜਾਬ ਸਰਕਾਰ

**ਸਰਦੂਲ ਸਿੰਘ**

ਚੰਡੀਗੜ੍ਹ/ਦਿੜ੍ਹਬਾ/ਸੰਗਰੂਰ 10 ਅਪ੍ਰੈਲ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸਕੂਲ ਸਿੱਖਿਆ ਦੇ ਖੇਤਰ ਵਿਚ ਕ੍ਰਾਂਤੀਕਾਰੀ ਸੁਧਾਰ ਲਿਆਉਣ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ 'ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਅੱਜ ਦਿੜ੍ਹਬਾ ਹਲਕੇ ਦੇ ਪਿੰਡ ਕਮਾਲਪੁਰ ਤੇ ਮੌੜਾਂ ਦੇ ਸਰਕਾਰੀ ਸਕੂਲਾਂ ਦੇ ਨਾਲ-ਨਾਲ ਦਿੜ੍ਹਬਾ ਦੇ ਸਕੂਲ ਆਫ ਐਮੀਨੈਂਸ 'ਚ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਮੰਤਰੀ ਚੀਮਾ ਵੱਲੋਂ ਪਿੰਡ ਕਮਾਲਪੁਰ ਦੇ ਹਾਈ ਸਕੂਲ ਵਿਚ 41.19 ਲੱਖ ਰੁਪਏ, ਪਿੰਡ ਮੌੜਾਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਚ 13.65 ਲੱਖ ਅਤੇ ਕਾਮਰੇਡ ਭੀਮ ਸਿੰਘ ਸਕੂਲ ਆਫ ਐਮੀਨੈਂਸ ਦਿੜ੍ਹਬਾ ਵਿਚ 53.77 ਲੱਖ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਸੂਬੇ ਵਿਚ 20,000 ਦੇ ਕਰੀਬ ਸਰਕਾਰੀ ਸਕੂਲ ਹਨ ਅਤੇ ਇਕੱਲੇ-ਇਕੱਲੇ ਸਰਕਾਰੀ ਸਕੂਲ ਦੀ ਕਾਇਆ ਕਲਪ ਕਰਨ ਲਈ ਮਾਨ ਸਰਕਾਰ ਨੇ 'ਪੰਜਾਬ ਸਿੱਖਿਆ ਕ੍ਰਾਂਤੀ' ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਇਸ ਮੁਹਿੰਮ ਤਹਿਤ ਲਗਭਗ 12,000 ਸਕੂਲਾਂ ਦੀ ਨੁਹਾਰ ਬਦਲਣ ਦਾ ਕੰਮ ਹੁਣ ਤੱਕ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਸਿੱਖਿਆ ਦੇ ਖੇਤਰ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕੀਤਾ ਗਿਆ ਪਰ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਆਪਣੇ ਪਹਿਲੇ ਬਜਟ ਵਿਚ ਹੀ ਸਿੱਖਿਆ ਦੇ ਖੇਤਰ ਦਾ ਬਜਟ ਕਰੀਬ 57 ਫੀਸਦ ਵਧਾਇਆ ਗਿਆ ਸੀ। ਕੈਬਨਿਟ ਮੰਤਰੀ ਚੀਮਾ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਸਕੂਲਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਦੇ ਨਾਲ-ਨਾਲ ਅਧਿਆਪਕਾਂ ਦੇ ਹੁਨਰ ਨੂੰ ਹੋਰ



ਨਿਖਾਰਨ ਲਈ ਕੋਸ਼ਿਸ਼ਾਂ ਲਗਾਤਾਰ ਜਾਰੀ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਅਧਿਆਪਕਾਂ ਨੂੰ ਉੱਚ ਪੱਧਰੀ ਸਿਖਲਾਈ ਦੇਣ ਲਈ ਵਿਦੇਸ਼ ਭੇਜਿਆ ਜਾ ਰਿਹਾ ਹੈ ਜੋ ਕਿ ਸੂਬੇ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਇੱਥੇ ਹੀ ਨਹੀਂ ਉਨ੍ਹਾਂ ਦੀ ਸਰਕਾਰ ਵੱਲੋਂ ਆਮ ਘਰਾਂ ਦੇ ਬੱਚਿਆਂ ਨੂੰ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਈਆਂ ਹਨ ਜਿਨ੍ਹਾਂ ਵਿਚ ਲਗਭਗ 20,000 ਅਧਿਆਪਕ ਭਰਤੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੀਆਂ ਸਿੱਖਿਆ ਦੇ ਖੇਤਰ ਵਿਚ ਪਹਿਲਕਦਮੀਆਂ ਦਾ ਚੰਗਾ ਅਸਰ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਰਾਹੀਂ ਵੀ ਸਪੱਸ਼ਟ ਨਜ਼ਰ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਪੜ੍ਹ ਰਹੇ 200 ਦੇ ਲਗਭਗ ਵਿਦਿਆਰਥੀਆਂ ਨੇ ਜੇ.ਈ.ਈ. ਦਾ ਟੈਸਟ ਪਾਸ ਕੀਤਾ ਹੈ ਜੋ ਇਕ ਵੱਖਰੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਮਾਣਮੱਤੀਆਂ ਪ੍ਰਾਪਤੀਆਂ ਵਿਚ ਹੋਰ ਵਾਧੇ ਲਈ ਮਾਨ ਸਰਕਾਰ ਵੱਲੋਂ ਸਕੂਲ ਆਫ ਐਮੀਨੈਂਸ ਵੀ ਸ਼ੁਰੂ ਕੀਤੇ ਗਏ ਹਨ ਜਿੱਥੇ ਹਰ ਸਟਰੀਮ ਵਿਚ ਚੰਗੇ ਵਿਦਿਆਰਥੀ ਪੈਦਾ ਕੀਤੇ ਜਾਣੇ ਯਕੀਨੀ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਸਕੂਲਾਂ ਵਿਚ ਹੁਣ ਵਿਸ਼ਿਆਂ 'ਤੇ ਆਧਾਰਤ ਲੈਬਜ਼, ਐਜੂਕੇਸ਼ਨਲ ਪਾਰਕ, ਲੜਕੇ ਅਤੇ ਲੜਕੀਆਂ ਲਈ ਵੱਖੋ-ਵੱਖਰੇ ਪਖਾਨੇ, ਬੱਸਾਂ ਦੀ ਵਿਵਸਥਾ, ਸੁਰੱਖਿਆ ਗਾਰਡ, ਚੌਂਕੀਦਾਰ, ਸਫਾਈ ਸੇਵਕ ਆਦਿ ਸੇਵਾਵਾਂ ਦਾ ਪ੍ਰਬੰਧ ਕੀਤਾ ਗਿਆ ਹੈ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸੇ ਤਰ੍ਹਾਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਿਆਂ ਖਿਲਾਫ ਫੈਸਲਾਕੁੰਨ ਜੰਗ ਛੇੜੀ ਗਈ ਹੈ ਜਿਸ ਤਹਿਤ ਨਸ਼ਾ ਤਸਕਰਾਂ ਨਾਲ ਪੂਰੀ ਸਖ਼ਤੀ ਨਾਲ ਨਜਿੱਠਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰੀ ਦੇ ਮੁਕੰਮਲ ਖਾਤਮੇ ਦੇ ਨਾਲ ਨਾਲ ਨਸ਼ਿਆਂ ਤੋਂ ਪੀੜਤ ਵਿਅਕਤੀਆਂ ਦਾ ਸਹੀ ਇਲਾਜ ਕਰਵਾਉਣਾ ਵੀ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸਦੇ ਨਾਲ ਹੀ ਪਾਕਿਸਤਾਨ ਦੀ ਸਰਹੱਦ ਨਾਲ ਨਸ਼ੇ ਦੀ ਤਸਕਰੀ ਦੀ ਸਮੱਸਿਆ ਨੂੰ ਰੋਕਣ ਲਈ ਐਂਟੀ ਡਰੋਨ ਸਿਸਟਮ ਅਤੇ ਪੰਜਾਬ ਹੋਮ ਗਾਰਡ ਵਿੱਚ ਨਵੀਂ ਭਰਤੀ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਨਸ਼ਿਆਂ ਦਾ ਮੁਕੰਮਲ ਖ਼ਾਤਮਾ ਕਰਕੇ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਵਿੱਚ ਮਦਦ ਮਿਲੇਗੀ।

# ਸਿੱਖਿਆ ਕ੍ਰਾਂਤੀ ਸੂਬੇ 'ਚ ਸਿੱਖਿਆ ਦੇ ਖੇਤਰ 'ਚ ਸਭ ਤੋਂ ਵੱਡੇ ਪਰਿਵਰਤਨ ਵਜੋਂ ਉਭਰੇਗੀ : ਹਰਜੋਤ ਬੈਂਸ

**ਏਜੰਸੀਆਂ**

ਚੰਡੀਗੜ੍ਹ 10 ਅਪ੍ਰੈਲ। ਸੂਬੇ ਦੀ ਸਿੱਖਿਆ ਪ੍ਰਣਾਲੀ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਦੀ ਦਿਸ਼ਾ ਵਿੱਚ ਇੱਕ ਹੋਰ ਅਹਿਮ ਕਦਮ ਚੁੱਕਦਿਆਂ ਪੰਜਾਬ ਸਰਕਾਰ 10 ਅਪ੍ਰੈਲ ਤੋਂ ਸ਼ੁਰੂ ਹੋਣ ਵਾਲਾ 54 ਦਿਨਾਂ ਦਾ ਸਿੱਖਿਆ ਦਾ ਤਿਉਹਾਰ 'ਸਿੱਖਿਆ ਕ੍ਰਾਂਤੀ' ਦੇ ਆਗਾਜ਼ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਤਹਿਤ ਸੂਬੇ ਭਰ ਦੇ 12,000 ਸਰਕਾਰੀ ਸਕੂਲਾਂ ਵਿੱਚ 2,000 ਕਰੋੜ ਰੁਪਏ ਦੀ ਲਾਗਤ ਵਾਲੇ ਨਵੇਂ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਜਾਵੇਗਾ। ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਅੱਜ ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਇਸ ਪਹਿਲਕਦਮੀ ਦਾ ਐਲਾਨ ਕੀਤਾ, ਜਿਸ ਵਿੱਚ ਉਨ੍ਹਾਂ ਨੇ ਸੂਬਾ ਸਰਕਾਰ ਦੀ ਬਰਾਬਰੀ ਅਤੇ ਆਧੁਨਿਕ ਸਿੱਖਿਆ ਪ੍ਰਣਾਲੀ ਵਾਲਾ ਵਾਤਾਵਰਣ ਸਿਰਜਣ ਪ੍ਰਤੀ ਵਚਨਬੱਧਤਾ 'ਤੇ ਜ਼ੋਰ ਦਿੱਤਾ ਤਾਂ ਜੋ ਵਿਦਿਆਰਥੀਆਂ ਨੂੰ ਮੌਜੂਦਾ ਸਮੇਂ ਦੇ ਹਾਣੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਵਿਆਪਕ ਬੁਨਿਆਦੀ ਢਾਂਚਾ ਵਿਕਾਸ ਪ੍ਰੋਗਰਾਮ ਆਧੁਨਿਕ ਸਿੱਖਿਆ ਸਹੂਲਤਾਂ ਨਾਲ ਲੈਸ ਕਰਨ ਦੇ ਉਦੇਸ਼ ਨਾਲ ਸਰਕਾਰੀ ਸਕੂਲਾਂ ਵਿੱਚ ਨਵੇਂ ਕਮਰਿਆਂ ਦੀ ਉਸਾਰੀ ਅਤੇ ਨਵੀਆਂ ਵਿੱਦਿਅਕ ਤਕਨੀਕਾਂ 'ਤੇ ਕੇਂਦਰਿਤ ਹੈ। ਸਿੱਖਿਆ ਮੰਤਰੀ ਨੇ ਕਿਹਾ ਕਿ ਇਹ ਪਹਿਲ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸੂਬੇ ਦੇ ਸਾਰੇ ਬੱਚਿਆਂ ਲਈ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਨੇ ਹੁਕਮਾਂ ਮੁਤਾਬਕ ਸਰਕਾਰੀ ਸਕੂਲਾਂ ਨੂੰ ਸਾਰੀਆਂ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਨਾਲ ਲੈਸ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਸਾਫ਼ ਪੀਣ ਵਾਲਾ ਪਾਣੀ, ਹਾਈ-ਸਪੀਡ ਵਾਈਫਾਈ ਕੁਨੈਕਸ਼ਨ, ਲੜਕੀਆਂ ਅਤੇ ਲੜਕਿਆਂ ਲਈ ਵੱਖਰੇ ਪਖਾਨੇ, ਡੈਸਕ ਤੇ ਕੁਰਸੀਆਂ ਅਤੇ ਚਾਰਦੀਵਾਰੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ ਜਿੱਥੇ ਸਕੂਲਾਂ ਵਿੱਚ ਕੈਂਪਸ ਮੈਨੇਜਰ ਅਤੇ ਸੁਰੱਖਿਆ ਗਾਰਡ ਨਿਯੁਕਤ ਕੀਤੇ ਗਏ ਹਨ ਅਤੇ ਵਿਦਿਆਰਥੀਆਂ ਲਈ ਬੱਸ ਸੇਵਾ ਸ਼ੁਰੂ ਕੀਤੀ ਗਈ ਹੈ। ਦੱਸਣਯੋਗ ਹੈ ਕਿ ਮੌਜੂਦਾ ਸਮੇਂ 10,000 ਤੋਂ ਵੱਧ ਵਿਦਿਆਰਥੀ ਇਸ ਸਹੂਲਤ ਦਾ ਲਾਭ ਉਠਾ ਰਹੇ ਹਨ। ਸਿੱਖਿਆ ਮੰਤਰੀ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਦੇ ਰੱਖ-ਰਖਾਵ 'ਤੇ ਸਾਲਾਨਾ 200 ਕਰੋੜ ਰੁਪਏ ਤੋਂ ਵੱਧ ਖਰਚਾ ਕੀਤਾ ਜਾਂਦਾ ਹੈ। ਸ. ਬੈਂਸ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਦੇ ਪਹਿਲੇ ਦਿਨ, ਕੈਬਨਿਟ ਮੰਤਰੀਆਂ ਅਤੇ ਹੋਰ ਪਤਵੰਤਿਆਂ ਵੱਲੋਂ 350 ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਜਾਵੇਗਾ। ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ "ਆਪ"ਪੰਜਾਬ ਦੇ ਇੰਚਾਰਜ ਸ੍ਰੀ ਮਨੀਸ਼ ਸਿਸੋਦੀਆ ਸ਼ਹੀਦ ਭਗਤ ਸਿੰਘ ਨਗਰ ਵਿਖੇ ਸਕੂਲ



ਆਫ਼ ਐਮੀਨੈਂਸ ਦਾ ਉਦਘਾਟਨ ਕਰਨਗੇ। ਪੰਜਾਬ ਦੇ ਵਸਨੀਕਾਂ ਨੂੰ ਸਿੱਖਿਆ ਕ੍ਰਾਂਤੀ ਦਾ ਗਵਾਹ ਬਣਨ ਦਾ ਸੱਦਾ ਦਿੰਦਿਆਂ ਸ. ਬੈਂਸ ਨੇ ਕਿਹਾ ਕਿ ਸੂਬਾ ਵਾਸੀਆਂ ਨੂੰ ਸਿੱਖਿਆ ਦੇ ਇਸ ਤਿਉਹਾਰ ਦਾ ਹਿੱਸਾ ਬਣਨ ਲਈ ਆਪਣੇ ਨੇੜਲੇ ਸਕੂਲਾਂ ਦਾ ਦੌਰਾ ਕਰਨਾ ਚਾਹੀਦਾ ਹੈ। ਇਸ ਵਿਸ਼ੇਸ਼ ਪ੍ਰੋਗਰਾਮ ਦੇ ਮਹੱਤਵਪੂਰਨ ਪਹਿਲੂਆਂ ਨੂੰ ਉਜਾਗਰ ਕਰਦਿਆਂ ਸ. ਬੈਂਸ ਨੇ ਕਿਹਾ ਕਿ 6,812 ਸਕੂਲਾਂ ਵਿੱਚ ਹੁਣ ਨਵੀਆਂ ਚਾਰਦੀਵਾਰੀਆਂ ਦੀ ਉਸਾਰੀ ਕੀਤੀ ਗਈ ਹੈ ਜਾਂ ਮੁਰੰਮਤ ਕੀਤੀ ਗਈ, ਜਿਸ ਨਾਲ ਲਗਭਗ 1,000 ਕਿਲੋਮੀਟਰ ਦਾ ਕਵਰ ਖੇਤਰ ਸੂਕਲਾਂ ਦੀ ਸੁਰੱਖਿਆ ਯਕੀਨੀ ਬਣਾਉਂਦਾ ਹਨ। ਕਲਾਸਰੂਮ ਸਹੂਲਤਾਂ ਵਿੱਚ ਵਾਧਾ ਕਰਦਿਆਂ 5,399 ਨਵੇਂ ਕਲਾਸਰੂਮ ਬਣਾਏ ਗਏ ਹਨ। ਇਸ ਤੋਂ ਇਲਾਵਾ 2,934 ਸਕੂਲਾਂ ਵਿੱਚ 2,976 ਪਖਾਨੇ ਬਣਾਏ ਗਏ ਹਨ, ਜਦੋਂ ਕਿ 4,889 ਸਕੂਲਾਂ ਵਿੱਚ 7,166 ਪਖਾਨਿਆਂ ਦੀ ਮੁਰੰਮਤ ਕੀਤੀ ਗਈ ਹੈ। ਵਿਦਿਆਰਥੀਆਂ ਦੀਆਂ ਸਿੱਖਣ ਪ੍ਰਕਿਰਿਆ ਸਬੰਧੀ ਜ਼ਰੂਰਤਾਂ ਪੂਰੀਆਂ ਕਰਨ ਦੇ ਉਦੇਸ਼ ਨਾਲ 1,16,901 ਡਬਲ ਡੈਸਕ, ਮੇਜ਼ ਅਤੇ ਕੁਰਸੀਆਂ ਮੁਹੱਈਆ ਕਰਵਾਈਆਂ ਗਈਆਂ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰੇਕ ਵਿਦਿਆਰਥੀ ਕੋਲ ਸਕੂਲ ਵਿੱਚ ਬੈਠਣ ਲਈ ਇੱਕ ਨਿਰਧਾਰਤ ਜਗ?ਹਾ ਹੋਵੇ। ਇਸ ਤੋਂ ਇਲਾਵਾ ਸਰੀਰਕ ਗਤੀਵਿਧੀ ਨੂੰ ਉਤਸ਼ਾਹਿਤ ਕਰਨ ਲਈ 359 ਖੇਡ ਦੇ ਮੈਦਾਨ ਤਿਆਰ ਕੀਤੇ ਗਏ ਹਨ। 1,886 ਸਕੂਲਾਂ ਵਿੱਚ 2,261 ਸਮਾਰਟ ਕਲਾਸਰੂਮ ਸਮਾਰਟ ਇੰਟਰਐਕਟਿਵ ਪੈਨਲਾਂ ਨਾਲ ਲੈਸ ਕੀਤੇ ਗਏ ਹਨ, ਜੋ ਕਿ ਵਧੇਰੇ ਦਿਲਚਸਪ ਸਿੱਖਣ ਦੇ ਅਨੁਭਵ ਲਈ ਸਿੱਖਿਆ ਨੂੰ ਤਕਨਾਲੋਜੀ ਨਾਲ ਜੋੜਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਪਹਿਲੇ ਪੜਾਅ ਵਿੱਚ 118 ਮੌਜੂਦਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਸਕੂਲ ਆਫ਼ ਐਮੀਨੈਂਸ ਵਿੱਚ ਅਪਗ੍ਰੇਡ ਕੀਤਾ ਜਾ ਰਿਹਾ ਹੈ, ਜਦੋਂ ਕਿ 14 ਸਕੂਲ ਆਫ਼ ਐਮੀਨੈਂਸ ਸਕੂਲ ਪਹਿਲਾਂ ਹੀ ਲੋਕ ਅਰਪਣ ਕੀਤੇ ਜਾ ਚੁੱਕੇ ਹਨ। ਇਹ ਸਕੂਲ ਉੱਤਮਤਾ ਦੇ ਕੇਂਦਰ ਹੋਣਗੇ, ਜੋ ਸੰਸਥਾਵਾਂ ਵਿੱਚ ਪੀਅਰ ਲਰਨਿੰਗ ਨੂੰ ਸਮਰੱਥ ਬਣਾਉਣ ਲਈ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਹੋਣਗੇ ਅਤੇ ਸਕੂਲ ਸਿੱਖਿਆ ਪ੍ਰਣਾਲੀ ਵਿੱਚ ਸਮਕਾਲੀ ਸਿੱਖਣ ਦੇ ਨਵੇਂ ਅਭਿਆਸਾਂ ਰਾਹੀਂ ਸਾਡੇ ਬੱਚਿਆਂ ਦੇ ਸਿੱਖਣ ਸਬੰਧੀ ਤਜ਼ਰਬਿਆਂ ਵਿੱਚ ਵਾਧਾ ਕਰਨਗੇ। ਸਕੂਲ ਆਫ਼ ਐਮੀਨੈਂਸ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਤਿਆਰ ਕੀਤੇ ਜਾ ਰਹੇ ਹਨ। ਇਨ੍ਹਾਂ ਸਕੂਲਾਂ ਵਿੱਚ ਸਾਰੇ ਵਿਦਿਅਕ ਵਿਸ਼ਿਆਂ ਸਬੰਧੀ ਸਿੱਖਿਆ ਦੇਣੀ ਸ਼ੁਰੂ ਕੀਤੀ ਗਈ ਹੈ। ਵਿਦਿਆਰਥੀਆਂ ਨੂੰ ਮੁਫ਼ਤ ਵਰਦੀਆਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਹਥਿਆਰਬੰਦ ਬਲਾਂ ਵਿੱਚ ਨੌਕਰੀ ਲਈ ਤਿਆਰੀ, ਨੀਟ, ਜੇ.ਈ.ਈ., ਸੀ.ਐਲ.ਏ.ਟੀ., ਐਨ.ਆਈ.ਐਫ.ਟੀ. ਆਦਿ ਵਰਗੀਆਂ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਆਨਲਾਈਨ/ਆਫਲਾਈਨ ਕੋਚਿੰਗ ਵੀ ਪ੍ਰਦਾਨ ਕੀਤੀ ਜਾ ਰਹੀ ਹੈ।

## ਅੱਠਵੀਂ 'ਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਹਿਮਾਂਸੀ ਨੂੰ ਮਿਲੇ ਕੈਬਨਿਟ ਮੰਤਰੀ ਕਟਾਰੂਚੱਕ

ਪਠਾਨਕੋਟ 10 ਅਪ੍ਰੈਲ। ਪਿੰਡ ਜੰਗਲਾਂ ਨਿਵਾਸੀ ਹਿਮਾਂਸੀ ਸਪੁੱਤਰੀ ਰੋਸਲ ਲਾਲ ਜੋ ਕਿ ਅੱਠਵੀਂ ਕਲਾਸ ਦੀ ਵਿਦਿਆਰਥਣ ਹੈ ਅਤੇ ਅੱਠਵੀਂ ਦੇ ਨਤੀਜਿਆਂ ਦੌਰਾਨ ਹਿਮਾਂਸੀ ਨੇ ਸਭ ਤੋਂ ਵੱਧ (589/600) ਅੰਕ ਪ੍ਰਾਪਤ ਕਰਕੇ ਜਿਲ੍ਹਾ ਪਠਾਨਕੋਟ 'ਚ ਪਹਿਲਾ ਸਥਾਨ ਅਤੇ ਪੰਜਾਬ ਪੱਧਰ ਤੇ 12 ਵਾਂ ਸਥਾਨ ਪ੍ਰਾਪਤ ਕਰਕੇ ਜਿੱਥੇ ਜਿਲ੍ਹਾ ਪਠਾਨਕੋਟ ਦਾ ਮਾਣ ਵਧਾਇਆ ਹੈ ਉੱਥੇ ਹੀ ਆਪਣੇ ਮਾਪਿਆਂ ਦਾ ਸਿਰ ਉੱਚਾ ਕੀਤਾ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵੱਲੋਂ ਪਿੰਡ ਜੰਗਲਾਂ ਵਿਖੇ ਹਿਮਾਂਸੀ ਦੇ ਘਰ ਪਹੁੰਚਣ ਤੋਂ ਬਾਅਦ ਮਾਨਸੀ ਨੂੰ ਵਧਾਈ ਦੇਣ ਮਗਰੋਂ ਕੀਤਾ।ਇਸ ਮੌਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਸਾਡੇ ਲਈ ਬਹੁਤ



ਹੀ ਖੁਸੀ ਦੀ ਗੱਲ ਹੈ ਕਿ ਵਿਧਾਨ ਸਭਾ ਹਲਕਾ ਭੋਆ ਦੀ ਬਹੁਤ ਹੀ ਹੋਣਹਾਰ ਲੜਕੀ ਹਿਮਾਂਸੀ ਜਿਸ ਨੇ ਅੱਠਵੀਂ ਕਲਾਸ ਦੀ ਪ੍ਰੀਖਿਆਵਾਂ 'ਚੋਂ ਜਿਲ੍ਹੇ 'ਚ ਪਹਿਲਾ ਅਤੇ ਪੰਜਾਬ ਪੱਧਰ 'ਤੇ 12ਵਾਂ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਦਾ ਹਿਮਾਂਸੀ ਨੂੰ ਮਿਲਣ ਲਈ ਇੱਕ ਹੀ ਉਦੇਸ਼ ਹੈ ਕਿ ਅਜਿਹੇ ਬੱਚਿਆਂ ਦਾ ਹੌਂਸਲਾ ਜਰੂਰ ਵਧਾਉਂਣਾ ਚਾਹੀਦਾ ਹੈ ਤਾਂ ਜੋ ਇਹ ਅੱਗੇ ਹੋਰ ਵੀ ਤਰੱਕੀ ਕਰ ਸਕਣ। ਉਨ੍ਹਾਂ ਇਸ ਮੌਕੇ 'ਤੇ ਹਿਮਾਂਸੀ ਨੂੰ ਲੱਡੂ ਖਿਲਾ ਕੇ ਮੂੰਹ ਵੀ ਮਿੱਠਾ ਕਰਵਾਇਆ ਅਤੇ ਉਸ ਮਾਪਿਆਂ ਨੂੰ ਵੀ ਵਧਾਈ ਦਿੱਤੀ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੁਲਸ ਦੀ ਵੱਡੀ ਕਾਰਵਾਈ, ਘਰ ਦੀ ਕਿਆਰੀ 'ਚੋਂ ਮਿਲੇ ਪੋਸਤ ਦੇ ਬੂਟੇ

ਤਰਨਤਾਰਨ 10 ਅਪ੍ਰੈਲ। ਪੋਸਤ ਦੀ ਖੇਤੀ ਕਰਨ ਵਾਲੇ ਇਕ ਘਰ ਵਿਚ ਪੁਲਸ ਵੱਲੋਂ ਛਾਪੇਮਾਰੀ ਕਰਨ ਦੌਰਾਨ ਜਿੱਥੇ 67 ਬੂਟੇ ਪੋਸਟ ਦੇ ਬਰਾਮਦ ਕੀਤੇ ਗਏ ਹਨ, ਉਥੇ ਹੀ 80 ਲੀਟਰ ਲਾਹਣ ਅਤੇ 10 ਕਿਲੋ ਗੁੜ ਬਰਾਮਦ ਕਰਨ ਵਿਚ ਪੁਲਸ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਪੁਲਸ ਵੱਲੋਂ ਥਾਣਾ ਝਬਾਲ ਵਿਖੇ ਪਰਚਾ ਦਰਜ ਕਰਦੇ ਹੋਏ ਮੁਲਜ਼ਮ ਦੀ ਭਾਲ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਝਬਾਲ ਦੇ ਏ.ਐੱਸ.ਆਈ ਸਤਪਾਲ ਨੇ ਦੱਸਿਆ ਕਿ ਐੱਸ.ਐੱਸ.ਪੀ ਅਭਿਮਨਿਊ ਰਾਣਾ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਖ਼ਤ ਕਾਰਵਾਈ ਕਰਨ ਲਈ ਹੁਕਮ ਜਾਰੀ ਕੀਤੇ ਹਨ, ਜਿਸ ਦੇ ਚੱਲਦਿਆਂ ਸ਼ੱਕੀ ਇਲਾਕਿਆਂ ਅਤੇ ਘਰਾਂ ਵਿਚ ਪੁਲਸ ਵੱਲੋਂ ਰੋਜ਼ਾਨਾ ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜਦੋਂ ਉਹ ਸਮੇਤ ਪੁਲਸ ਪਾਰਟੀ ਜਰਨੈਲ ਸਿੰਘ ਉਰਫ ਜੈਲੀ ਪੁੱਤਰ ਅਮਰ ਸਿੰਘ ਵਾਸੀ ਪਿੰਡ ਗੰਡੀਵਿੰਡ ਵਿਖੇ ਪੁੱਜੇ ਤਾਂ ਘਰ ਦੀ ਸਬਜ਼ੀ ਵਾਲੀ ਕਿਆਰੀ ਵਿਚ ਪੋਸਤ ਦੀ ਖੇਤੀ ਕੀਤੀ ਜਾ ਰਹੀ ਸੀ, ਜਿਸ ਦੇ ਚੱਲਦਿਆਂ ਪੁਲਸ ਪਾਰਟੀ ਵੱਲੋਂ 67 ਬੂਟੇ ਕਬਜ਼ੇ ਵਿਚ ਲੈ ਲਏ ਗਏ, ਜਿਨ੍ਹਾਂ ਦਾ ਵਜ਼ਨ 10 ਕਿਲੋ 400 ਗ੍ਰਾਮ ਬਣਦਾ ਹੈ। ਏ.ਐੱਸ.ਆਈ ਸਤਪਾਲ ਨੇ ਦੱਸਿਆ ਕਿ ਇਸ ਦੌਰਾਨ ਪੁਲਸ ਪਾਰਟੀ ਵੱਲੋਂ ਘਰ ਦੀ ਬਰੀਕੀ ਨਾਲ ਤਲਾਸ਼ੀ ਲੈਣ ਦੌਰਾਨ 80 ਲੀਟਰ ਲਾਹਣ, ਇਕ ਲਾਹਣ ਤਿਆਰ ਕਰਨ ਵਾਲੇ 10 ਕਿਲੋ ਗੁਡ? ਨੂੰ ਵੀ ਬਰਾਮਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੋਸਤ ਦੀ ਖੇਤੀ ਕਰਨਾ ਗੈਰ ਕਾਨੂੰਨੀ ਹੈ। ਏ.ਐੱਸ.ਆਈ ਸਤਪਾਲ ਨੇ ਦੱਸਿਆ ਕਿ ਇਸ ਸਬੰਧੀ 67 ਬੂਟੇ ਪੋਸਟ ਅਤੇ ਲਾਹਣ ਸਮੇਤ ਗੁਡ? ਨੂੰ ਕਬਜ਼ੇ ਵਿੱਚ ਲੈਂਦੇ ਹੋਏ ਜਰਨੈਲ ਸਿੰਘ ਦੇ ਖਿਲਾਫ ਧਾਰਾ ਐੱਨ.ਡੀ.ਪੀ.ਐੱਸ ਐਕਟ ਅਤੇ ਆਬਕਾਰੀ ਐਕਟ ਤਹਿਤ ਪਰਚਾ ਦਰਜ ਕਰਦੇ ਹੋਏ ਉਸ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਵਿਚ 22 ਅਪ੍ਰੈਲ ਤੱਕ ਹੋਇਆ ਵੱਡਾ ਐਲਾਨ

**ਕਿਸ਼ਨ ਪਾਲ**

ਚੰਡੀਗੜ੍ਹ 10 ਅਪ੍ਰੈਲ। ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ 22 ਅਪ੍ਰੈਲ, 2025 ਤੱਕ 7ਵਾਂ ਪੋਸ਼ਣ ਪਖਵਾੜਾ ਮਨਾਉਣ ਦਾ ਐਲਾਨ ਕੀਤਾ ਹੈ। ਦੱਸਣਯੋਗ ਹੈ ਕਿ ਇਹ ਪੋਸ਼ਣ ਪਖਵਾੜਾ ਬੱਚਿਆਂ, ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਲਈ ਪੋਸ਼ਣ ਸਬੰਧੀ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਦੇਸ਼ ਵਿਆਪੀ ਪਹਿਲਕਦਮੀ ਦੀ ਤਰਜ਼ 'ਤੇ ਹੈ। ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਪੰਦਰਵਾੜਾ ਮੁਹਿੰਮ ਸੂਬੇ ਭਰ ਵਿਚ ਪੋਸ਼ਣ ਜਾਗਰੂਕਤਾ, ਭਾਈਚਾਰਕ ਭਾਗੀਦਾਰੀ ਅਤੇ ਟਿਕਾਊ ਅਭਿਆਸਾਂ 'ਤੇ ਕੇਂਦ੍ਰਿਤ ਗਤੀਵਿਧੀਆਂ ਦੀ ਇਕ ਲੜੀ ਰਾਹੀਂ ਚਲਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਾਲ ਦੇ ਪੋਸ਼ਣ ਪਖਵਾੜੇ ਦੌਰਾਨ ਬੱਚੇ ਦੇ ਜਨਮ ਦੇ ਪਹਿਲੇ 1,000 ਦਿਨਾਂ ਦੌਰਾਨ ਪੋਸ਼ਣ ਸਬੰਧੀ ਨਤੀਜਿਆਂ ਨੂੰ ਹੋਰ ਬਿਹਤਰ ਬਣਾਉਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ, ਜੋ ਕਿ ਬੱਚਿਆਂ ਦੇ ਵਿਕਾਸ ਲਈ ਇਕ ਮਹੱਤਵਪੂਰਨ ਪਹਿਲ ਹੈ। ਇਹ ਮੁਹਿੰਮ ਪੋਸ਼ਣ



ਟਰੈਕਰ ਵਿਚ ਲਾਭਪਾਤਰੀ ਮਾਡਿਊਲ ਦੇ ਪ੍ਰਸਿੱਧੀਕਰਨ 'ਤੇ ਵੀ ਜ਼ੋਰ ਦੇਵੇਗੀ ਤਾਂ ਜੋ ਡਿਜੀਟਲ ਨਿਗਰਾਨੀ ਅਤੇ ਪੋਸ਼ਣ ਸੇਵਾਵਾਂ ਦੀ ਡਿਲੀਵਰੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਇਸ ਦੇ ਨਾਲ ਹੀ ਸੀ.ਐਮ.ਏ.ਐਮ. ਮਾਡਿਊਲ ਰਾਹੀਂ ਕੁਪੋਸ਼ਣ ਦੇ ਪ੍ਰਬੰਧਨ 'ਤੇ ਵੀ ਜ਼ੋਰ ਦਿੱਤਾ ਜਾਵੇਗਾ, ਜੋ ਕੁਪੋਸ਼ਿਤ ਬੱਚਿਆਂ ਲਈ ਕਮਿਊਨਿਟੀ-ਅਧਾਰਤ ਇਲਾਜ ਅਤੇ ਦੇਖਭਾਲ ਦਾ ਸਮਰਥਨ ਕਰਦਾ ਹੈ। ਇਸ ਤੋਂ ਇਲਾਵਾ ਬੱਚਿਆਂ ਲਈ ਸੰਤੁਲਿਤ ਭੋਜਨ, ਸਰੀਰਕ ਗਤੀਵਿਧੀਆਂ ਅਤੇ ਸਿਹਤਮੰਦ ਆਦਤਾਂ ਨੂੰ ਉਤਸ਼ਾਹਿਤ ਕਰਕੇ ਬਚਪਨ ਦੇ ਮੋਟਾਪੇ ਨਾਲ ਨਜਿੱਠਣ ਲਈ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ। ਇਸ ਪੰਦਰਵਾੜੇ ਵਿਚ ਜਨਤਕ ਜਾਗਰੂਕਤਾ ਅਤੇ ਸਰਗਰਮ ਭਾਈਚਾਰਕ ਸ਼ਮੂਲੀਅਤ ਰਾਹੀਂ ਕੁਪੋਸ਼ਣ ਨੂੰ ਖ਼ਤਮ ਕਰਨ ਲਈ ਵੱਡੇ ਪੱਧਰ 'ਤੇ ਪਹੁੰਚ ਅਤੇ ਸੰਵੇਦਨਸ਼ੀਲਤਾ ਸਬੰਧੀ ਯਤਨ ਵੀ ਸ਼ਾਮਲ ਹੋਣਗੇ। ਉਨ੍ਹਾਂ ਅੱਗੇ ਕਿਹਾ ਕਿ ਦੇਖਭਾਲ ਅਤੇ ਸ਼ੁਰੂਆਤ ਵਿਚ ਧਿਆਨ ਦੇ ਕੇ ਦਸਤ ਪ੍ਰਬੰਧਨ ਅਤੇ ਅਨੀਮੀਆ ਦੇ ਖਾਤਮੇ ਲਈ ਵੀ ਯਤਨ ਕੀਤੇ ਜਾਣਗੇ। ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਔਰਤਾਂ ਅਤੇ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਇਸ ਦੇ ਮੱਦੇਨਜ਼ਰ ਸੂਬਾ ਸਰਕਾਰ ਉਨ੍ਹਾਂ ਦੀ ਭਲਾਈ ਲਈ ਲਗਾਤਾਰ ਯਤਨ ਕਰ ਰਹੀ ਹੈ। ਡਾ. ਬਲਜੀਤ ਕੌਰ ਨੇ ਸਾਰੇ ਭਾਈਵਾਲਾਂ - ਆਂਗਣਵਾੜੀ ਵਰਕਰਾਂ, ਸਿਹਤ ਕਰਮੀਆਂ, ਪੰਚਾਇਤੀ ਰਾਜ ਸੰਸਥਾਵਾਂ ਅਤੇ ਸਥਾਨਕ ਭਾਈਚਾਰਿਆਂ ਨੂੰ ਇਸ ਮੁਹਿੰਮ ਵਿਚ ਸਰਗ

## ਦਰਿਆ 'ਚ ਡਿੱਗੀ ਗੰਨੇ ਨਾਲ ਭਰੀ ਟਰੈਕਟਰ ਟਰਾਲੀ

ਦੀਨਾਨਗਰ, 10 ਅਪ੍ਰੈਲ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਮਕੌੜਾ ਪੱਤਣ 'ਤੇ ਬੁੱਧਵਾਰ ਨੂੰ ਇਕ ਵੱਡਾ ਹਾਦਸਾ ਵਾਪਰ ਗਿਆ। ਜਦੋਂ ਇੱਕ ਕਿਸਾਨ ਆਪਣੇ ਟਰੈਕਟਰ ਟਰਾਲੀ 'ਤੇ ਗੰਨਾ ਲੱਦ ਕੇ ਲਿਜਾ ਰਿਹਾ ਸੀ ਤਾਂ ਅਚਾਨਕ ਟਰੈਕਟਰ ਦਾ ਸੰਤੁਲਨ ਵਿਗੜਨ ਕਾਰਨ ਟਰੈਕਟਰ ਟਰਾਲੀ ਦਰਿਆ ਵਿੱਚ ਡਿੱਗ ਗਈ। ਜਾਣਕਾਰੀ ਅਨੁਸਾਰ ਰਾਵੀ ਦਰਿਆ ਤੋਂ ਪਾਰਲੇ ਪਾਸੇ ਪਿੰਡ ਝੂਮਰ ਦਾ ਇੱਕ ਕਿਸਾਨ ਆਪਣਾ ਗੰਨਾ ਟਰੈਕਟਰ ਟਰਾਲੀ 'ਤੇ ਲੱਦ ਕੇ ਪਨਿਆੜ ਮਿੱਲ ਵਿਚ ਲਿਜਾ ਰਿਹਾ ਸੀ। ਜਦੋਂ ਉਹ ਮਕੌੜਾ ਪੱਤਣ 'ਤੇ ਪਲਟੂਨ ਪੁੱਲ ਤੋਂ ਲੰਘ ਰਿਹਾ ਸੀ ਤਾਂ ਪੁਲ ਦੇ ਕਿਨਾਰੇ 'ਤੇ ਆ ਕੇ ਅਚਾਨਕ ਟਰੈਕਟਰ ਦਾ ਸੰਤੁਲਨ ਵਿਗੜ ਗਿਆ ਜਿਸ ਕਾਰਨ ਟਰੈਕਟਰ ਟਰਾਲੀ ਬੈਕ ਵਾਲੀ ਸਾਈਡ ਨੂੰ ਚੱਲ ਗਈ ਤੇ ਜਾ ਕੇ ਦਰਿਆ ਦੇ ਵਿੱਚ ਡਿੱਗ ਗਈ। ਟਰੈਕਟਰ ਚਾਲਕ ਨੇ ਛਾਲ ਮਾਰ ਕੇ ਕਿਸੇ ਤਰ੍ਹਾਂ ਆਪਣੀ ਜਾਨ ਬਚਾਈ ਪਰ ਕਿਸਾਨ ਦਾ ਕਮਾਦ ਅਤੇ ਟਰੈਕਟਰ ਟਰਾਲੀ ਦਾ ਕਾਫੀ ਵੱਡਾ ਨੁਕਸਾਨ ਹੋਇਆ।

## ਦੀਨਾਨਗਰ ਦੇ ਮਗਰਾਲਾ ਰੋਡ ਤੋਂ ਨੌਜਵਾਨ ਦੀ ਮਿਲੀ ਲਾਸ਼, ਇਲਾਕੇ 'ਚ ਫੈਲੀ ਸਨਸਨੀ

ਦੀਨਾਨਗਰ 10 ਅਪ੍ਰੈਲ। ਦੀਨਾਨਗਰ ਸ਼ਹਿਰ ਦੇ ਮਗਰਾਲਾ ਰੋਡ ਤੋਂ ਇਕ ਨੌਜਵਾਨ ਦੀ ਲਾਸ਼ ਮਿਲਣ ਕਰਨ ਇਲਾਕੇ ਅੰਦਰ ਸਨਸਨੀ ਫੈਲ ਗਈ ਹੈ। ਜਾਣਕਾਰੀ ਅਨੁਸਾਰ ਅਚਾਨਕ ਜਦ ਆਲੇ ਦੁਆਲੇ ਦੇ ਲੋਕਾਂ ਨੇ ਇੱਕ ਨੌਜਵਾਨ ਦੀ ਲਾਸ਼ ਵੇਖੀ ਤਾਂ ਤੁਰੰਤ ਦੀਨਾਨਗਰ ਪੁਲਸ ਨੂੰ ਸੂਚਿਤ ਕੀਤਾ ਗਿਆ। ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਗਿਆ ਹੈ। ਉਧਰ ਇਸ ਸਬੰਧੀ ਥਾਣਾ ਦੀਨਾਨਗਰ ਦੇ ਮੁਖੀ ਅੰਮ੍ਰਿਤਪਾਲ ਸਿੰਘ ਨਾਲ ਜਦ ਇਸ ਸੰਬੰਧੀ ਗੱਲਬਾਤ ਕੀਤੀ ਗਈ ਤਾਂ ਉਹਨਾਂ ਇਸ ਨੌਜਵਾਨ ਦੀ ਮੌਤ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਕਿਹਾ ਕਿ ਸਾਨੂੰ ਸੂਚਨਾ ਮਿਲੀ ਕਿ ਇੱਕ ਨੌਜਵਾਨ ਦੀ ਮਗਰਾਲਾ ਰੋਡ 'ਤੇ ਲਾਸ਼ ਪਈ ਹੋਈ ਹੈ ਜਦ ਪੁਲਸ ਪਾਰਟੀ ਵੱਲੋਂ ਮੌਕੇ 'ਤੇ ਪਹੁੰਚ ਕੇ ਇਸ ਲਾਸ਼ ਨੂੰ ਕਬਜ਼ੇ ਵਿੱਚ ਲਿਆ ਤਾਂ ਇਸ ਨੌਜਵਾਨ ਦੀ ਪਹਿਚਾਣ ਵਿਕਾਸ ਖੋਖਰ(40) ਪੁੱਤਰ ਸੁਰਜੀਤ ਲਾਲ ਖੋਖਰ ਵਾਸੀ ਪਰਮਾਨੰਦ ਥਾਣਾ ਤਾਰਾਗੜ ਵਜੋਂ ਹੋਈ ਹੈ। ਪੁਲਸ ਨੇ ਲਾਸ਼ ਨੂੰ ਆਪਣੇ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਗੁਰਦਾਸਪੁਰ ਸਿਵਲ ਹਸਪਤਾਲ ਭੇਜ ਦਿੱਤਾ ਗਿਆ ਹੈ। ਥਾਣਾ ਮੁਖੀ ਨੇ ਦੱਸਿਆ ਕਿ ਪੋਸਟਮਾਰਮਟ ਦੀ ਰਿਪੋਰਟ ਆਉਣ ਤੋ ਬਾਅਦ ਹੀ ਮੌਤ ਦੇ ਕਾਰਨ ਬਾਰੇ ਪਤਾ ਲੱਗ ਸਕਦਾ ਹੈ।

## ਮੰਦਭਾਗੀ ਘਟਨਾ ! ਸਰੋਵਰ 'ਚ ਡੁੱਬਣ ਕਾਰਨ ਦੋ ਚਚੇਰੇ ਭਰਾਵਾਂ ਦੀ ਹੋਈ ਮੌਤ

ਕੋਟਕਪੂਰਾ 10 ਅਪ੍ਰੈਲ। ਨੇੜਲੇ ਪਿੰਡ ਖਾਰਾ ਵਿਖੇ ਵਾਪਰੀ ਇੱਕ ਮੰਦਭਾਗੀ ਘਟਨਾ ਦੌਰਾਨ ਪਿੰਡ ਦੇ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਸਰੋਵਰ ਵਿੱਚ ਡੁੱਬਣ ਕਾਰਨ ਦੋ ਚਚੇਰੇ ਭਰਾਵਾਂ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਪਿੰਡ 'ਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਮ੍ਰਿਤਕ ਬੱਚਿਆਂ ਦੀ ਪਹਿਚਾਣ ਲਵਪ੍ਰੀਤ ਸਿੰਘ (14) ਉਰਫ ਲੱਭੀ ਪੁੱਤਰ ਬਲਵਿੰਦਰ ਸਿੰਘ ਅਤੇ ਹਰਮਨ ਸਿੰਘ (14) ਪੁੱਤਰ ਚੜ੍ਹਤ ਸਿੰਘ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਗੁਰਦੁਆਰਾ ਸਾਹਿਬ 'ਚ ਪਿੰਡ ਨਾਲ ਸਬੰਧਤ ਇੱਕ ਪਰਿਵਾਰ ਦੇ ਘਰ ਹੋਈ ਮੌਤ ਦੇ ਸਬੰਧ ਵਿੱਚ ਪਾਠ ਦਾ ਭੋਗ ਰੱਖਿਆ ਗਿਆ ਸੀ, ਜਿਸ ਵਿੱਚ ਭਾਰੀ ਗਿਣਤੀ ਵਿੱਚ ਪਿੰਡ ਵਾਸੀ ਸ਼ਾਮਲ ਹੋਏ ਸਨ। ਇਸੇ ਦੌਰਾਨ ਗੁਰਦੁਆਰਾ ਸਾਹਿਬ ਵਿਖੇ ਆਏ ਪਿੰਡ ਦੇ ਰਹਿਣ ਵਾਲੇ ਬੱਚੇ ਸਰੋਵਰ ਨੇੜੇ ਖੜੇ ਸਨ, ਜਿੱਥੇ ਇੱਕ ਬੱਚਾ ਪੈਰ ਫਿਸਲਨ ਕਾਰਨ ਸਰੋਵਰ ਵਿੱਚ ਡਿੱਗ ਗਿਆ ਅਤੇ ਉਸ ਨੂੰ ਬਚਾਉਣ ਲਈ ਸਰੋਵਰ ਵਿੱਚ ਉਤਰਿਆ ਦੂਜਾ ਬੱਚਾ ਵੀ ਡੁੱਬ ਗਿਆ। ਸੂਚਨਾ ਮਿਲਣ ਸਾਰ ਹੀ ਪਿੰਡ ਵਾਸੀਆਂ ਨੇ ਦੋਹਾਂ ਨੂੰ ਬਾਹਰ ਕੱਢਿਆ ਅਤੇ ਕੋਟਕਪੂਰਾ ਦੇ ਹਸਪਤਾਲ ਵਿਖੇ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਇਸ ਸਬੰਧ ਵਿੱਚ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਨਰਿੰਦਰ ਸਿੰਘ ਨੇ ਦੱਸਿਆ ਕਿ ਸੂਚਨਾ ਮਿਲਣ ਸਾਰ ਹੀ ਦੋਹਾਂ ਬੱਚਿਆਂ ਨੂੰ ਬਾਹਰ ਕੱਢ ਲਿਆ ਸੀ ਪ੍ਰੰਤੂ ਉਨਾਂ ਦੀ ਮੌਤ ਹੋ ਗਈ। ਇਸ ਸਬੰਧ ਵਿੱਚ ਪਿੰਡ ਦੇ ਸਰਪੰਚ ਜਗਤਾਰ ਸਿੰਘ ਜੱਗਾ ਨੇ ਦੱਸਿਆ ਕਿ ਦੋਵੇਂ ਬੱਚੇ ਕਬੱਡੀ ਦੇ ਖਿਡਾਰੀ ਸਨ ਅਤੇ ਬਹੁਤ ਹੀ ਗਰੀਬ ਪਰਿਵਾਰ ਨਾਲ ਸਬੰਧ ਰੱਖਦੇ ਸਨ। ਉਨਾਂ ਕਿਹਾ ਕਿ ਪਿੰਡ ਵਾਸੀਆਂ ਦੇ ਨਾਲ-ਨਾਲ ਪੰਚਾਇਤ ਵੱਲੋਂ ਵੀ ਪਰਿਵਾਰ ਦੀ ਮਦਦ ਕੀਤੀ ਜਾਵੇਗੀ। ਉਨ੍ਹਾਂ ਪ੍ਰਸ਼ਾਸਨ ਅਤੇ ਸਰਕਾਰ ਤੋਂ ਵੀ ਪਰਿਵਾਰਾਂ ਦੀ ਮਾਲੀ ਮਦਦ ਦੀ ਗੁਹਾਰ ਲਗਾਈ ਹੈ।

## ਜੇਲ੍ਹ 'ਚ ਕੈਦ ਭਰਾ ਨੂੰ ਮਿਲਣ ਆਇਆ ਭਰਾ ਆਪ ਹੀ ਹੋਇਆ ਗ੍ਰਿਫ਼ਤਾਰ

ਲੁਧਿਆਣਾ 10 ਅਪ੍ਰੈਲ। ਜੇਲ੍ਹ ਵਿਚ ਕੈਦੀ ਭਰਾ ਨਾਲ ਮੁਲਾਕਾਤ ਦੌਰਾਨ ਪਾਬੰਦੀਸ਼ੁਦਾ ਸਾਮਾਨ ਦੇਣ ਆਏ ਵਿਅਕਤੀ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਉਸ ਦੇ ਖ਼?ਲਾਫਵ 52ਏ ਪ੍ਰਿਜ਼ਨ ਐਕਟ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਸਹਾਇਕ ਸੁਪਰੀਡੈਂਟ ਇੰਦਰਪ੍ਰੀਤ ਸਿੰਘ ਨੇ ਪੁਲਸ ਨੂੰ ਭੇਜੇ ਸ਼ਿਕਾਇਤ ਪੱਤਰ ਵਿਚ ਦੱਸਿਆ ਕਿ ਕੈਦੀ ਗੁਰਪ੍ਰੀਤ ਸਿੰਘ ਇਕ ਮਾਮਲੇ ਵਿਚ ਸਜ਼ਾ ਭੁਗਤ ਰਿਹਾ ਹੈ। ਉਸ ਦਾ ਭਰਾ ਜਸਪ੍ਰੀਤ ਸਿੰਘ ਮੁਲਾਕਾਤ ਕਰਨ ਆਇਆ।

# ਪੰਜਾਬ ਪੁਲਸ ਖ਼ਿਲਾ.ਫ ਕੀਤੀ ਟਿੱਪਣੀ ਲਈ ਪ੍ਰਤਾਪ ਬਾਜਵਾ ਤੁਰੰਤ ਮੁਆ.ਫੀ ਮੰਗਣ : ਨੀਲ ਗਰਗ

**ਏਜੰਸੀਆਂ**

ਚੰਡੀਗੜ੍ਹ 10 ਅਪ੍ਰੈਲ। ਆਮ ਆਦਮੀ ਪਾਰਟੀ ਨੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦੇ ਉਸ ਬਿਆਨ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ, ਜਿਸ ਵਿਚ ਉਨ੍ਹਾਂ ਨੇ ਪੁਲਸ ਦੀ ਕਾਰਗੁਜ਼ਾਰੀ ਤੇ ਸਵਾਲ ਚੁੱਕਦਿਆਂ ਪੰਜਾਬ ਪੁਲਸ ਨੂੰ ਭ੍ਰਿਸ਼ਟ ਦੱਸਿਆ ਸੀ। ਪ੍ਰਤਾਪ ਬਾਜਵਾ ਦੇ ਬਿਆਨ ਨੂੰ ਪੰਜਾਬ ਪੁਲਸ ਖ਼?ਲਾਫ਼ ਅਪਮਾਨਜਨਕ ਅਤੇ ਗੈਰ ਜ਼ਿੰਮੇਵਾਰਾਨਾ ਟਿੱਪਣੀ ਕਰਾਰ ਦਿੰਦਿਆਂ ਇਸ ਦੀ ਸਖ਼ਤ ਨਿੰਦਾ ਕੀਤੀ ਹੈ। ਪਾਰਟੀ ਨੇ ਉਨ੍ਹਾਂ ਦੇ ਬਿਆਨ ਨੂੰ ਨਾ ਸਿਰਫ ਪੰਜਾਬ ਪੁਲਸ ਦਾ ਅਪਮਾਨ ਦੱਸਿਆ ਹੈ ਸਗੋਂ ਪੁਲਸ ਦਾ ਮਨੋਬਲ ਡੇਗਣ ਵਾਲਾ ਕਰਾਰ ਦਿੱਤਾ ਹੈ। ਇਕ ਸਭਾ ਨੂੰ ਸੰਬੋਧਨ ਕਰਦੇ ਹੋਏ ਪ੍ਰਤਾਪ ਬਾਜਵਾ ਨੇ ਦੋਸ਼ ਲਗਾਇਆ ਸੀ ਕਿ ਮੌਜੂਦਾ ਪੰਜਾਬ ਪੁਲਸ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਗਈ ਹੈ। ਇਸ ਲਈ ਪੂਰੀ ਪੁਲਸ ਫੋਰਸ ਨੂੰ ਖ਼ਤਮ ਕਰਕੇ ਮੁੜ ਨਿਰਮਾਣ ਕਰਨਾ ਹੋਵੇਗਾ। ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਰਾਜਨੀਤੀ ਸਮੇਤ ਹਰ ਖੇਤਰ ਵਿਚ ਚੰਗੇ ਅਤੇ ਬੁਰੇ ਲੋਕ ਹੁੰਦੇ ਹਨ ਪਰ ਪੂਰੀ ਪੁਲਸ ਫੋਰਸ ਨੂੰ ਭ੍ਰਿਸ਼ਟ ਦੱਸਣਾ ਆਲੋਚਨਾ ਨਹੀਂ ਹੈ ਸਗੋਂ ਇਹ ਹਜ਼ਾਰਾਂ ਬਹਾਦਰ ਅਤੇ ਇਮਾਨਦਾਰ



ਅਧਿਕਾਰੀਆਂ ਦੇ ਮਨੋਬਲ 'ਤੇ ਸਿੱਧਾ ਹਮਲਾ ਹੈ। ਬਾਜਵਾ ਨੇ ਉਸ ਫੋਰਸ ਦਾ ਅਪਮਾਨ ਕੀਤਾ ਹੈ ਜੋ ਨਾ ਸਿਰਫ ਪੰਜਾਬ ਦੀ ਕਾਨੂੰਨ ਅਤੇ ਵਿਵਸਥਾ ਦੀ ਰਾਖੀ ਕਰ ਰਹੀ ਹੈ ਬਲਕਿ ਸਾਡੀਆਂ ਅੰਤਰਰਾਸ਼ਟਰੀ ਸਰਹੱਦਾਂ ਦੀ ਵੀ ਰਾਖੀ ਕਰ ਰਹੀ ਹੈ। ਗਰਗ ਨੇ ਕਿਹਾ ਕਿ ਬਾਜਵਾ ਦੇ ਬਿਆਨ ਤੋਂ ਪਾਖੰਡ ਅਤੇ ਸਿਆਸਤ ਦੀ ਬਦਬੋ ਆਉਂਦੀ ਹੈ। ਉਨ੍ਹਾਂ ਕਿਹਾ ਕਿ ਉਹ ਜਿਸ ਪੁਲਸ ਨੂੰ ਬਦਨਾਮ ਕਰ ਰਹੇ ਹਨ, ਉਹ ਪੁਲਸ ਉਨ੍ਹਾਂ ਦੀ ਨਿੱਜੀ ਸੁਰੱਖਿਆ ਲਈ ਵੀ ਤਾਇਨਾਤ ਹੈ। ਜੇਕਰ ਉਹ ਅਸਲ ਵਿਚ ਮੰਨਦੇ ਹਨ ਕਿ ਪੂਰਾ ਪੁਲਸ ਫੋਰਸ ਭ੍ਰਿਸ਼ਟ ਅਤੇ ਬੇਕਾਰ ਹੈ, ਤਾਂ ਉਨ੍ਹਾਂ ਨੂੰ ਤੁਰੰਤ ਆਪਣੀ ਪੁਲਸ ਸੁਰੱਖਿਆ ਛੱਡ ਦੇਣੀ ਚਾਹੀਦੀ ਹੈ। ਗਰਗ ਨੇ ਬਾਜਵਾ ਤੇ ਕਾਂਗਰਸ ਪਾਰਟੀ ਨੂੰ ਕਾਲੇ ਦੌਰ ਤੋਂ ਬਾਅਦ ਸੂਬੇ ਵਿਚ ਸ਼ਾਂਤੀ ਬਹਾਲ ਕਰਨ ਲਈ ਪੰਜਾਬ ਪੁਲਸ ਦੀ ਮਹਾਨ ਵਿਰਾਸਤ ਦੀ ਯਾਦ ਦਵਾਈ। ਗਰਗ ਨੇ ਕਿਹਾ ਕਿ ਇਹ ਉਹੀ ਫੋਰਸ ਹੈ ਜਿਸ ਨੇ ਪੰਜਾਬ ਨੂੰ ਅੱਤਵਾਦ ਦੇ ਦੌਰ ਵਿਚੋਂ ਬਾਹਰ ਕੱਢਿਆ ਹੈ। ਉਨ੍ਹਾਂ ਨੇ ਇਸ ਗੱਲ ਦਾ ਵੀ ਜ਼ਿਕਰ ਕੀਤਾ ਕਿ ਮਾਨ ਸਰਕਾਰ ਨੇ ਨਾ ਸਿਰਫ ਵਧੇਰੇ ਅਹੁਦਿਆਂ ਨੂੰ ਭਰ ਕੇ ਪੁਲਸ ਨੂੰ ਮਜ਼ਬੂਤ ਬਣਾਇਆ ਹੈ ਸਗੋਂ ਉਨ੍ਹਾਂ ਨੂੰ ਆਧੁਨਿਕ ਵਾਹਨਾਂ, ਹਥਿਆਰਾਂ ਅਤੇ ਸਹੂਲਤਾਂ ਨਾਲ ਲੈਸ ਕੀਤਾ ਹੈ। ਜਿਸ ਸਦਕਾ ਪੰਜਾਬ ਪੁਲਸ ਦੇ ਬਾਹਦਰ ਅਫਸਰ ਤੇ ਮੁਲਜ਼ਮ ਕਿਸੇ ਵੀ ਸਥਿਤੀ ਨਾਲ ਨਜਿੱਠਣ ਦੇ ਸਮਰੱਥ ਹਨ।